Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 17, Issue- 757, 06 to 12 July, 2023, Ph: 916-320-9444, E-mail: punjabmailusa@yahoo.com, Web: punjabmailusa.com

## ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਦਫਤਰ 'ਤੇ ਹੋਏ ਹਮਲੇ ਦੀ ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਨਿਖੇਧੀ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਅਮਰੀਕਾ ਦੇ ਸ਼ਹਿਰ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਦਫਤਰ 'ਤੇ ਹਮਲਾ ਕਰਕੇ ਅੱਗ ਲਾਉਣ ਦੀ ਘਟਨਾ ਸਾਹਮਣੇ ਆਈ ਹੈ। ਰਿਪੋਰਟਾਂ ਮੁਤਾਬਕ ਇਹ ਘਟਨਾ ਐਤਵਾਰ ਸਵੇਰੇ ਤੜਕੇ ਡੇਢ ਤੋਂ ਢਾਈ ਵਜੇ ਦਰਮਿਆਨ ਵਾਪਰੀ। ਕਥਿਤ ਤੌਰ 'ਤੇ ਕੁੱਝ ਗਰਮ ਖਿਆਲੀ ਸਮਰਥਕਾਂ ਨੇ ਭਾਰਤੀ ਕੌਂਸਲੇਟ 'ਤੇ ਹਮਲਾ ਕਰਕੇ ਅੱਗ ਲਗਾ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਅੱਗ ਮੁੱਖ ਗੇਟ ਦੇ ਸਾਹਮਣੇ ਫਰਸ਼ 'ਤੇ ਹੀ ਲਗਾਈ ਗਈ। ਪਰ ਇਸ ਅੱਗ ਨਾਲ ਕੌਂਸਲੇਟ ਦਫਤਰ ਦਾ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਪਿਛਲੇ ਕੁੱਝ ਮਹੀਨਿਆਂ ਦੌਰਾਨ ਕਥਿਤ ਗਰਮ ਖਿਆਲੀ ਸਮਰਥਕਾਂ ਵੱਲੋਂ ਭਾਰਤੀ ਕੌਂਸਲੇਟ ਨੂੰ ਦੂਜੀ ਵਾਰ ਨਿਸ਼ਾਨਾ ਬਣਾਇਆ ਗਿਆ ਹੈ।

ਸਾਨ ਫਰਾਂਸਿਸਕੋ ਦੇ ਫਾਇਰ ਵਿਭਾਗ ਨੇ ਲੱਗੀ ਅੱਗ ਨੂੰ ਗੰਭੀਰ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਕਾਬੂ ਕਰ ਲਿਆ। ਕਥਿਤ ਗਰਮ ਖਿਆਲੀ ਸਮਰਥਕਾਂ ਨੇ ਇਸ ਘਟਨਾ ਸੰਬੰਧੀ ਇਕ ਵੀਡੀਓ ਵੀ ਜਾਰੀ ਕੀਤੀ ਹੈ। ਜਾਰੀ ਕੀਤੀ ਵੀਡੀਓ ਵਿਚ ਸਾਨ ਫਰਾਂਸਿਸਕੋ ਇੰਡੀਅਨ ਕੌਂਸਲੇਟ ਦਫਤਰ ਨੂੰ ਅੱਗ ਦੀਆਂ ਲਪਟਾਂ ਵਿਚ ਦਿਖਾਇਆ ਗਿਆ ਹੈ ਅਤੇ ਖਾਲਿਸਤਾਨੀ ਪੱਖੀ ਨਾਅਰੇ ਲਾਏ ਗਏ ਹਨ ਅਤੇ ਪਿਛਲੇ ਦਿਨੀਂ ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਜ਼ਿਕਰ ਵੀ ਕੀਤਾ ਗਿਆ ਹੈ।

■ ਭਾਰਤੀ ਕੌਂਸਲੇਟ ਨੂੰ ਦੂਜੀ ਵਾਰ ਬਣਾਇਆ ਗਿਆ ਨਿਸ਼ਾਨਾ






Matthew Miller
@StateDeptSpox
The U.S. strongly condemns the reported vandalism and attempted arson against the Indian Consulate in San Francisco on Saturday. Vandalism or violence against diplomatic facilities or foreign diplomats in the U.S. is a criminal offense.

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਟਵਿਟ ਕਰਕੇ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਦਫਤਰ ਵਿਚ ਅੱਗ ਲਾਉਣ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸੰਦੇਸ਼ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਵਿਚ ਡਿਪਲੋਮੈਟਿਕ ਸੁਵਿਧਾਵਾਂ ਜਾਂ ਵਿਦੇਸ਼ੀ ਡਿਪਲੋਮੈਟਾਂ ਖਿਲਾਫ ਭੰਨ-ਤੋੜ ਜਾਂ ਹਿੰਸਾ ਇਕ ਸੰਗੀਨ ਅਪਰਾਧ ਵਜੋਂ ਮੰਨਿਆ ਜਾਂਦਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਥਿਤ ਗਰਮ ਖਿਆਲੀ ਸਮਰਥਕਾਂ ਵੱਲੋਂ ਕੀਤੀ ਅਗਜ਼ਨੀ ਦੀ ਕੋਸ਼ਿਸ਼ ਦੀ ਸਖਤ ਨਿੰਦਾ ਕੀਤੀ ਹੈ। ਇਸ ਦੇ ਨਾਲ ਹੀ ਸਾਨ ਫਰਾਂਸਿਸਕੋ ਕੌਂਸਲੇਟ ਨੇ ਕਿਹਾ ਹੈ ਕਿ ਇਸ ਘਟਨਾ ਨਾਲ ਸਮੁੱਚੇ ਭਾਈਚਾਰੇ ਦਾ ਅਕਸ ਖਰਾਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਪ੍ਰੋਟੈਸਟ ਕਰਨਾ ਹੈ, ਉਹ ਸ਼ਾਂਤੀਪੂਰਵਕ ਹੋ ਸਕਦਾ ਹੈ। ਕੈਨੇਡਾ ਵਿਚ ਹੋਈ ਵਾਰਦਾਤ ਦਾ ਅਮਰੀਕਾ ਸਥਿਤ ਇਸ ਦਫਤਰ ਦਾ ਕੋਈ ਸੰਬੰਧ ਨਹੀਂ ਹੈ।

## ਅਮਰੀਕਾ ਭਰ ਦਾ 247ਵਾਂ ਆਜ਼ਾਦੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ


ਅਮਰੀਕਾ ਦਾ ਆਜ਼ਾਦੀ ਦਿਵਸ ਮਨਾਉਂਦੀ ਹੋਈ ਪੰਜਾਬ ਮੇਲ ਦੀ ਟੀਮ।

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਾ ਦਾ 247ਵਾਂ ਆਜ਼ਾਦੀ ਦਿਵਸ ਦੇਸ਼ ਭਰ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸੰਬੰਧੀ ਵੱਖ-ਵੱਖ ਥਾਵਾਂ 'ਤੇ ਸਰਕਾਰੀ ਸਮਾਗਮ ਵੀ ਹੋਏ, ਜਿੱਥੇ ਆਤਿਸ਼ਬਾਜ਼ੀਆਂ ਦਾ ਪ੍ਰਦਰਸ਼ਨ ਕੀਤਾ ਗਿਆ। ਕੁੱਝ ਥਾਂਵਾਂ 'ਤੇ ਪਰੇਡ ਦਾ ਆਯੋਜਨ ਕੀਤਾ ਗਿਆ, ਜਿੱਥੇ ਵੱਖ-ਵੱਖ ਅਮਰੀਕੀ ਜਥੇਬੰਦੀਆਂ ਨੇ ਸ਼ਿਰਕਤ ਕੀਤੀ। ਪੈਦਲ ਮਾਰਚ ਦੌਰਾਨ ਅਮਰੀਕੀ ਸੈਨਾ ਦੀਆਂ ਟੁਕੜੀਆਂ ਨੇ ਵੀ ਕਈ ਥਾਂਵਾਂ 'ਤੇ ਆਪਣਾ ਪ੍ਰਦਰਸ਼ਨ ਕੀਤਾ। ਅਮਰੀਕਾ ਲਾਲ, ਨੀਲੇ ਅਤੇ ਚਿੱਟੇ ਰੰਗਾਂ ਵਿਚ ਰੰਗਿਆ ਗਿਆ। ਜਿੱਥੇ ਸਰਕਾਰੀ ਤੌਰ 'ਤੇ ਆਤਿਸ਼ਬਾਜ਼ੀ ਚਲਾਈ ਗਈ,



ਉਥੇ ਆਮ ਲੋਕਾਂ ਵੱਲੋਂ ਆਪਣੇ ਘਰਾਂ ਦੇ ਅੱਗੇ ਪਟਾਕੇ, ਫੁਲਝੜੀਆਂ ਅਤੇ ਆਤਿਸ਼ਬਾਜ਼ੀਆਂ ਚਲਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਪੰਜਾਬੀ ਭਾਈਚਾਰੇ ਵੱਲੋਂ ਵੀ ਇਸ ਵਾਰ ਅਮਰੀਕਾ ਦਾ ਆਜ਼ਾਦੀ ਜਸ਼ਨ ਵੱਧ-ਚੜ੍ਹ ਕੇ ਮਨਾਇਆ ਗਿਆ। ਪੰਜਾਬ ਮੇਲ ਦੇ ਸੈਕਰਾਮੈਂਟੋ ਸਥਿਤ ਦਫਤਰ ਵਿਚ ਵੀ ਇਸ ਸੰਬੰਧੀ ਖੁਸ਼ੀ ਸਾਂਝੀ ਕੀਤੀ ਗਈ। ਜਿੱਥੇ ਪੰਜਾਬ ਮੇਲ ਦੇ ਸਟਾਫ ਵੱਲੋਂ ਪਟਾਕੇ ਆਦਿ ਚਲਾਏ ਗਏ, ਉਥੇ ਸਥਾਨਕ ਲੋਕਾਂ ਵਿਚ ਮਿਠਾਈਆਂ ਵੀ ਵੰਡੀਆਂ ਗਈਆਂ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅਮਰੀਕਾ ਨਿਵਾਸੀਆਂ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅੱਜ ਅਮਰੀਕਾ ਦੁਨੀਆਂ ਦਾ ਨੰਬਰ ਇਕ ਦੇਸ਼ ਹੈ। ਇਸ ਦੇ ਲਈ ਇਥੋਂ ਦੇ ਹੁਣ ਤੱਕ ਦੇ ਸਾਰੇ ਰਾਸ਼ਟਰਪਤੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਇਸ ਦੇਸ਼ ਨੂੰ ਮਹਾਨ ਬਣਾਉਣ ਵਿਚ ਆਪਣੀ ਪੂਰੀ ਵਾਹ ਲਾ ਦਿੱਤੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸਾਨੂੰ ਇਕਮੁੱਠ ਹੋਣ ਦੀ ਲੋੜ ਹੈ, ਤਾਂਕਿ ਅਸੀਂ ਅਮਰੀਕਾ ਦੀ ਆਜ਼ਾਦੀ ਦਾ ਆਨੰਦ ਮਾਣ ਸਕੀਏ।

## ਹਾਈਕੋਰਟ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਸਬੰਧੀ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮੰਗਲਵਾਰ ਨੂੰ 1993 ਦੇ ਦਿੱਲੀ ਬੰਬ ਧਮਾਕਿਆਂ ਦੇ ਕੇਸ 'ਚ ਟਾਡਾ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਪਾਉਣ ਵਾਲੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ 'ਤੇ ਜਵਾਬ ਮੰਗਿਆ ਹੈ। ਹਾਈ ਕੋਰਟ ਨੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਹਾਈਕੋਰਟ ਨੇ ਕਿਹਾ ਕਿ ਇਸ ਮਾਮਲੇ 'ਚ ਕੇਂਦਰ ਸਰਕਾਰ ਨੇ ਕਿਹਾ ਸੀ ਕਿ 14 ਦਸੰਬਰ 2022 ਨੂੰ ਮੀਟਿੰਗ ਹੋਈ ਸੀ। ਮੀਟਿੰਗ ਵਿਚ ਲਏ ਗਏ ਫੈਸਲੇ ਬਾਰੇ ਅਦਾਲਤ ਨੂੰ ਜਾਣਕਾਰੀ ਨਹੀਂ ਦਿੱਤੀ ਗਈ। ਅਜਿਹੇ 'ਚ ਅਦਾਲਤ ਨੂੰ ਇਸ ਦੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

ਦੱਸ ਦਈਏ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਦਾ ਵਿਰੋਧ ਕੀਤਾ ਗਿਆ ਸੀ। ਜੇਲ੍ਹ ਸੁਪਰਡੈਂਟ ਨੇ ਦੱਸਿਆ ਸੀ ਕਿ ਪ੍ਰੋ. ਭੁੱਲਰ ਇਸ ਸਮੇਂ ਅੰਮ੍ਰਿਤਸਰ ਦੇ ਸਰਕਾਰੀ ਮੈਡੀਕਲ ਕਾਲਜ ਦੇ ਮਨੋਰੋਗ ਵਿਭਾਗ ਵਿਚ ਜ਼ੇਰੇ ਇਲਾਜ ਹੈ। ਉਸ ਨੂੰ 28 ਮਾਰਚ 2022 ਤੋਂ 8 ਹਫ਼ਤਿਆਂ ਲਈ ਪੈਰੋਲ ਦਿੱਤੀ ਗਈ ਸੀ। ਇਨ੍ਹਾਂ ਹਾਲਾਤਾਂ ਵਿਚ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਬੇਬੁਨਿਆਦ ਹੈ ਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

■ ਪ੍ਰੋ. ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ 'ਤੇ ਮੰਗਿਆ ਜਵਾਬ



ਹੁਣ ਪ੍ਰੋ. ਭੁੱਲਰ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਉਹ ਇਸ ਸਮੇਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਹੈ। 7 ਸਤੰਬਰ 2021 ਨੂੰ ਜੇਲ੍ਹ ਸੁਪਰਡੈਂਟ ਦੇ ਹਿਰਾਸਤ ਸਰਟੀਫਿਕੇਟ ਅਨੁਸਾਰ ਉਹ 23 ਸਾਲ, 11 ਮਹੀਨੇ ਤੇ 21 ਦਿਨ ਜੇਲ੍ਹ ਵਿਚ ਰਿਹਾ ਹੈ। ਅਜਿਹੀ ਸਥਿਤੀ ਵਿਚ ਉਸ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦਾ ਲਾਭ ਦਿੱਤਾ ਜਾਣਾ ਚਾਹੀਦਾ ਹੈ। ਦਿੱਲੀ ਜੇਲ੍ਹ ਨਿਯਮਾਂ 2018 ਅਨੁਸਾਰ, ਅਸਲ ਸਜ਼ਾ 14 ਸਾਲ ਤੇ ਕੁੱਲ ਸਜ਼ਾ 20 ਸਾਲ ਹੋਣੀ ਚਾਹੀਦੀ ਹੈ। ਦੱਸ ਦੇਈਏ ਕਿ 31 ਮਾਰਚ 2014 ਨੂੰ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਸੀ।

## ਭਾਰਤ ਵੱਲੋਂ ਆਪਣੇ ਡਿਪਲੋਮੈਟਾਂ ਨੂੰ ਖਾਲਿਸਤਾਨੀ ਸਮਰਥਕਾਂ ਦੀ ਧਮਕੀ ਮਗਰੋਂ ਕੈਨੇਡਾ ਦਾ ਹਾਈ ਕਮਿਸ਼ਨਰ ਤਲਬ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਕੈਨੇਡਾ ਵਿਚ ਭਾਰਤੀ ਡਿਪਲੋਮੈਟਾਂ ਨੂੰ ਧਮਕੀਆਂ ਦੇਣ ਵਾਲੇ ਪੋਸਟਰਾਂ ਸਮੇਤ ਪ੍ਰਚਾਰ ਸਮੱਗਰੀ ਕਾਰਨ ਨਵੀਂ ਦਿੱਲੀ ਵਿੱਚ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਹੈ ਅਤੇ ਜਸਟਿਨ ਟਰੂਡੋ ਸਰਕਾਰ ਨੂੰ ਨੋਟਿਸ ਭੇਜਿਆ ਹੈ। ਸੂਤਰਾਂ ਮੁਤਾਬਕ ਭਾਰਤ ਨੇ 8 ਜੁਲਾਈ ਨੂੰ ਹੋਣ ਵਾਲੀ ਖਾਲਿਸਤਾਨ ਪੱਖੀ ਰੈਲੀ ਦੀ ਜਾਣਕਾਰੀ ਦੇ ਨਾਲ ਕੈਨੇਡਾ 'ਚ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਹੋ ਰਹੇ ਖਾਲਿਸਤਾਨੀ ਪੱਖੀ ਪੋਸਟਰਾਂ 'ਚ ਆਪਣੇ ਡਿਪਲੋਮੈਟਾਂ ਨੂੰ ਦਿੱਤੀਆਂ



ਧਮਕੀਆਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਕੱਟੜਪੰਥੀਆਂ ਵੱਲੋਂ ਕਥਿਤ ਤੌਰ 'ਤੇ ਪੋਸਟਰਾਂ ਵਿਚ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਭਾਰਤ ਦੇ ਕੌਂਸਲੇਟ ਜਨਰਲ, ਟੋਰਾਂਟੋ ਅਪੂਰਵਾ ਸ੍ਰੀਵਾਸਤਵ ਦਾ ਨਾਮ ਲਿਖਿਆ ਗਿਆ ਹੈ ■ ਬਾਕੀ ਖਬਰ ਸਫਾ 14 'ਤੇ

## ਅਮਰੀਕੀ ਯੂਨੀਵਰਸਿਟੀਆਂ 'ਚ ਦਾਖਲਿਆਂ ਨੂੰ ਲੈ ਕੇ ਸੁਪਰੀਮ ਕੋਰਟ ਦਾ ਇਤਿਹਾਸਕ ਫ਼ੈਸਲਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੁਪਰੀਮ ਕੋਰਟ ਨੇ ਯੂਨੀਵਰਸਿਟੀ ਵਿਚ ਦਾਖ਼ਲੇ ਨੂੰ ਲੈ ਕੇ ਇਕ ਇਤਿਹਾਸਕ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਦਾਖਲੇ ਵਿਚ ਨਸਲ ਅਤੇ ਜਾਤ ਦੇ ਇਸਤੇਮਾਲ 'ਤੇ ਪਾਬੰਦੀ ਲਗਾ ਦਿੱਤੀ ਹੈ। 9 ਜੱਜਾਂ ਦੇ ਬੈਂਚ ਨੇ 6-3 ਦੇ ਬਹੁਮਤ ਨਾਲ ਇਹ ਫ਼ੈਸਲਾ ਸੁਣਾਇਆ ਹੈ। ਇਸ ਫ਼ੈਸਲੇ ਨਾਲ ਦਹਾਕਿਆਂ ਪੁਰਾਣੀ ਉਸ ਪ੍ਰਥਾ ਨੂੰ ਵੱਡਾ ਝਟਕਾ ਲੱਗਾ ਹੈ, ਜਿਸ ਨੇ ਅਫਰੀਕੀ-ਅਮਰੀਕਨਾਂ ਅਤੇ ਘੱਟ ਗਿਣਤੀਆਂ ਲਈ ਵਿਦਿਅਕ ਮੌਕਿਆਂ ਨੂੰ ਉਤਸ਼ਾਹਿਤ ਕੀਤਾ ਹੈ। ਹਾਲਾਂਕਿ ਰਾਸ਼ਟਰਪਤੀ ਜੋਅ ਬਾਇਡਨ ਨੇ ਅਦਾਲਤ ਦੇ ਇਸ ਫੈਸਲੇ 'ਤੇ ਅਸਹਿਮਤੀ ਪ੍ਰਗਟਾਈ ਹੈ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਜੌਨ ਰੌਬਰਟਸ ਨੇ ਫ਼ੈਸਲੇ ਵਿਚ ਲਿਖਿਆ, "ਵਿਦਿਆਰਥੀ ਨਾਲ ਇਕ ਵਿਅਕਤੀ ਦੇ ਰੂਪ ਵਿਚ ਉਸ ਦੇ ਤਜ਼ਰਬੇ ਦੇ ਆਧਾਰ 'ਤੇ ਵਤੀਰਾ

■ ਯੂਨੀਵਰਸਿਟੀਆਂ 'ਚ ਦਾਖਲੇ ਦੌਰਾਨ ਨਸਲ ਅਤੇ ਜਾਤ ਦੇ ਇਸਤੇਮਾਲ 'ਤੇ ਪਾਬੰਦੀ




■ ਬਾਕੀ ਖਬਰ ਸਫਾ 14 'ਤੇ

## ਪਾਸਪੋਰਟ ਬਣਵਾਉਣ ਲਈ ਅਮਰੀਕਾ 'ਚ ਹਰ ਹਫ਼ਤੇ ਆ ਰਹੀਆਂ ਨੇ 5 ਲੱਖ ਅਰਜ਼ੀਆਂ

**ਵਾਸ਼ਿੰਗਟਨ, (ਪੰਜਾਬ ਮੇਲ)-**ਅਮਰੀਕਾ ਵਿਚ ਨਾਗਰਿਕਾਂ ਨੂੰ ਆਪਣਾ ਪਾਸਪੋਰਟ ਬਣਾਉਣ ਵਿਚ ਤਿੰਨ ਤੋਂ ਚਾਰ ਮਹੀਨੇ ਲੱਗ ਰਹੇ ਹਨ। ਇੱਥੇ ਹਰ ਹਫ਼ਤੇ 5 ਲੱਖ ਅਰਜ਼ੀਆਂ ਆ ਰਹੀਆਂ ਹਨ। ਇਸ ਨਾਲ ਪਿਛਲੇ ਸਾਲ 2.20 ਕਰੋੜ ਪਾਸਪੋਰਟ ਜਾਰੀ ਕਰਨ ਦਾ ਰਿਕਾਰਡ ਟੁੱਟ ਸਕਦਾ ਹੈ। ਇੰਤਜ਼ਾਰ ਦਾ ਲੰਬਾ ਸਮਾਂ ਅਤੇ ਹੌਲੀ ਪ੍ਰਕਿਰਿਆਵਾਂ ਕਾਰਨ ਹਜ਼ਾਰਾਂ ਨਾਗਰਿਕ ਆਪਣੇ ਘੁੰਮਣ ਜਾਣ ਅਤੇ ਵਿਦੇਸ਼ ਜਾ ਕੇ ਪਰਿਵਾਰ ਵਾਲਿਆਂ ਨੂੰ ਮਿਲਣ ਦੀਆਂ ਯੋਜਨਾਵਾਂ ਰੱਦ ਕਰ ਰਹੇ ਹਨ ਜਾਂ ਹਜ਼ਾਰਾਂ ਡਾਲਰ ਖਰਚ ਕਰਕੇ ਵਾਧੂ ਯਾਤਰਾ ਟਿਕਟਾਂ ਖਰੀਦ ਰਹੇ ਹਨ।

■ ਪਿਛਲੇ ਸਾਲ 2.20 ਕਰੋੜ ਪਾਸਪੋਰਟ ਜਾਰੀ ਕਰਨ ਦਾ ਟੁੱਟ ਸਕਦੈ ਰਿਕਾਰਡ

ਇਸ ਸਥਿਤੀ ਲਈ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੂੰ ਸੰਸਦ ਵਿਚ ਬਿਆਨ ਦੇਣਾ ਪਿਆ। ਉਨ੍ਹਾਂ ਕਾਰਨ ਦੱਸਿਆ ਕਿ ਕੋਵਿਡ ਦੌਰਾਨ ਲੋਕਾਂ ਦੀ ਯਾਤਰਾ ਘੱਟ ਗਈ ਸੀ। ਅਜਿਹੇ 'ਚ

■ ਬਾਕੀ ਖਬਰ ਸਫਾ 14 'ਤੇ

## ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ-ਭਾਜਪਾ ਗਠਜੋੜ ਦੀ ਸੰਭਾਵਨਾ!

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.) ਦਾ ਗਠਜੋੜ ਹੋ ਸਕਦਾ ਹੈ। ਬੇਸ਼ੱਕ ਬੀ.ਜੇ.ਪੀ. ਦੇ ਕੁਝ ਸਥਾਨਕ ਲੀਡਰ ਇਸ ਨਾਲ ਸਹਿਮਤ ਨਹੀਂ ਪਰ ਕੇਂਦਰੀ ਲੀਡਰਸ਼ਿਪ ਇਸ ਲਈ ਰਾਜ਼ੀ ਹੈ। ਸ਼੍ਰੋਮਣੀ ਅਕਾਲੀ ਦਲ ਵੀ ਭਾਰਤੀ ਜਨਤਾ ਪਾਰਟੀ ਪ੍ਰਤੀ ਨਰਮ ਪੈ ਗਿਆ ਹੈ। ਮੀਡੀਆ ਰਿਪੋਰਟਾਂ ਵਿਚ ਚਰਚਾ ਹੈ ਕਿ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਗੱਠਜੋੜ ਤੈਅ ਹਨ। ਦੋਵਾਂ ਪਾਰਟੀਆਂ ਵਿਚਾਲੇ ਸੀਟ ਫਾਰਮੂਲੇ ਤੋਂ ਲੈ ਕੇ ਚੋਣ ਰਣਨੀਤੀ ਤੱਕ ਸਭ ਕੁਝ ਤੈਅ ਹੋ ਗਿਆ ਹੈ। ਹੁਣ ਸਿਰਫ਼ ਗੱਠਜੋੜ ਦੇ ਐਲਾਨ ਦੀ ਹੀ ਉਡੀਕ ਹੈ।

# ਸੁੱਕੇ ਪ੍ਰਸ਼ਾਦਿਆਂ ਦਾ ਘਪਲਾ: ਸ਼੍ਰੋਮਣੀ ਕਮੇਟੀ ਵੱਲੋਂ 51 ਕਰਮਚਾਰੀ ਮੁਅੱਤਲ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਨੇ ਬੇਨੇਮੀਆਂ ਕਰਨ ਵਾਲੇ ਕਰਮਚਾਰੀਆਂ ਖ਼ਿਲਾਫ਼ ਵੱਡੀ ਮਿਸਾਲੀ ਕਾਰਵਾਈ ਕੀਤੀ ਹੈ। ਕਮੇਟੀ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਸੁੱਕੇ ਪ੍ਰਸ਼ਾਦਿਆਂ ਦੇ ਲਗਪਗ ਇਕ ਕਰੋੜ ਰੁਪਏ ਦੇ ਘਪਲੇ ਦੇ ਮਾਮਲੇ ਵਿਚ 51 ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ, ਜਿਨ੍ਹਾਂ ਵਿਚ 8 ਮੈਨੇਜਰ, 35 ਇੰਸਪੈਕਟਰ, 6 ਸੁਪਰਵਾਈਜ਼ਰ ਅਤੇ 2 ਸਟੋਰਕੀਪਰ ਸ਼ਾਮਲ ਹਨ।

ਮਿਲੇ ਵੇਰਵਿਆਂ ਮੁਤਾਬਕ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਵੱਲੋਂ ਆਪਣੀ ਜਾਂਚ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੀ ਗਈ ਸੀ ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਮੁਤਾਬਕ ਲੰਗਰ ਘਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੀ ਰਕਮ ਜਮ੍ਹਾਂ ਨਾ ਕਰਾਉਣ ਦਾ ਇਹ



ਮਾਮਲਾ ਕਰੋਨਾ ਕਾਲ ਵੇਲੇ ਦੇ 2019 ਤੋਂ ਲੈ ਕੇ 2021 ਤਕ ਤਿੰਨ ਸਾਲ ਦੇ ਸਮੇਂ ਦਾ ਹੈ। ਇਸ ਸਮੇਂ ਦੌਰਾਨ ਲੰਗਰ ਘਰ ਦੇ ਸੁੱਕੇ ਅਤੇ ਬਚੇ ਹੋਏ ਪ੍ਰਸ਼ਾਦੇ ਵੇਚੇ ਗਏ ਸਨ ਪਰ ਉਸ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਗਈ। ਇਹ ਘਪਲਾ ਲਗਪਗ ਇਕ ਕਰੋੜ ਰੁਪਏ ਦਾ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਫਲਾਇੰਗ ਵਿਭਾਗ ਦੀ ਪੜਤਾਲ ਦੇ ਆਧਾਰ 'ਤੇ ਕੀਤੀ ਗਈ ਹੈ। ਦੂਜੇ ਪਾਸੇ ਸ੍ਰੀ ਧਾਮੀ ਨੇ ਕਿਹਾ ਹੈ ਕਿ ਗੁਰਦੁਆਰਾ ਪ੍ਰਬੰਧਾਂ ਅੰਦਰ ਕਿਸੇ ਤਰ੍ਹਾਂ ਦੀ ਅਣਗਹਿਲੀ ਅਤੇ ਬੇਨਿਯਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿਉਂਕਿ ਗੁਰੂ ਘਰਾਂ ਨਾਲ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ। ਜਿਹੜਾ ਵੀ ਗੁਰਦੁਆਰਾ ਪ੍ਰਬੰਧਾਂ ਨੂੰ ਸੱਟ ਮਾਰੇਗਾ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਆਪਣੇ ਸੋਸ਼ਲ ਮੀਡੀਆ ਖਾਤੇ 'ਚ ਅਪਲੋਡ ਕੀਤੀ ਗਈ ਵੀਡੀਓ 'ਚ ਖੁਲਾਸਾ ਕੀਤਾ ਹੈ ਕਿ ਇਹ ਘਪਲਾ ਲਗਪਗ 93 ਲੱਖ ਰੁਪਏ ਦਾ ਹੈ ਤੇ ਮੁਅੱਤਲ ਕੀਤੇ ਮੁਲਾਜ਼ਮਾਂ ਤੋਂ ਇਹ ਰਕਮ ਵਸੂਲੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਕਰਮਚਾਰੀਆਂ ਖਿਲਾਫ ਕਾਰਵਾਈ ਕੀਤੀ ਗਈ ਹੈ, ਉਹ ਸਿੱਧੇ ਅਤੇ ਅਸਿੱਧੇ ਰੂਪ 'ਚ ਇਸ ਬੇਨਿਯਮੀ ਲਈ ਜ਼ਿੰਮੇਵਾਰ ਹਨ। ਮੁਅੱਤਲ ਕੀਤੇ ਗਏ ਮੈਨੇਜਰਾਂ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਮੌਜੂਦਾ ਮੈਨੇਜਰ ਸਤਨਾਮ ਸਿੰਘ, ਸੁਖਰਾਜ ਸਿੰਘ, ਹਰਪ੍ਰੀਤ ਸਿੰਘ, ਬਲਦੇਵ ਸਿੰਘ, ਮਨਜਿੰਦਰ ਸਿੰਘ ਆਦਿ ਸ਼ਾਮਲ ਹਨ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਤਿਆਰੀ 'ਚ ਸਰਕਾਰ

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਸਰਕਾਰ ਜਲਦ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਤਿਆਰੀ 'ਚ ਹੈ। ਸਰਕਾਰ ਨੇ ਇਸ ਲਈ ਨਿਯਮ ਬਣਾਉਣ ਦੀ ਕਵਾਇਦ ਵੀ ਸ਼ੁਰੂ ਕਰ ਦਿੱਤੀ ਹੈ। ਹਰਿਆਣਾ ਕੈਬਨਿਟ ਨੇ ਮੰਗਲਵਾਰ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਵਾਰਡਾਂ ਦੀ ਹੱਦਬੰਦੀ ਅਤੇ ਚੋਣ) ਨਿਯਮ, 2023 ਦੇ ਨਿਰਮਾਣ ਸਬੰਧੀ ਪ੍ਰਸਤਾਅ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਕ ਪ੍ਰੈੱਸ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।

ਪਿਛਲੇ ਸਾਲ ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ 2014 ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਣ ਤੋਂ ਬਾਅਦ ਹਰਿਆਣਾ 'ਚ ਗੁਰਦੁਆਰਿਆਂ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਇਕ ਵੱਖਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਤੋਂ ਬਾਅਦ, ਹਰਿਆਣਾ ਸਰਕਾਰ ਨੇ ਇਕ ਐਡਹਾਕ ਗੁਰਦੁਆਰਾ ਕਮੇਟੀ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਕਮੇਟੀ ਦਾ ਗਠਨ ਕੀਤਾ ਸੀ।

# ਭਾਜਪਾ ਵੱਲੋਂ ਸੁਨੀਲ ਜਾਖੜ ਪੰਜਾਬ ਭਾਜਪਾ ਦੇ ਪ੍ਰਧਾਨ ਨਿਯੁਕਤ

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਨੇ ਸਾਬਕਾ ਕਾਂਗਰਸੀ ਆਗੂ ਸੁਨੀਲ ਕੁਮਾਰ ਜਾਖੜ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਅਸ਼ਵਨੀ ਸ਼ਰਮਾ ਨੂੰ ਇਸ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਹੈ। ਇਸ ਨਿਯੁਕਤੀ ਨਾਲ ਭਾਜਪਾ ਨੇ ਆਪਣੀ ਦਹਾਕਿਆਂ ਪੁਰਾਣੀ ਰਵਾਇਤ ਨੂੰ ਤੋੜਦਿਆਂ ਜਨ ਸੰਘ ਦੇ ਪਿਛੋਕੜ ਨੂੰ ਤਿਲਾਂਜਲੀ ਦੇ ਦਿੱਤੀ ਹੈ। ਪਾਰਟੀ ਦੇ ਸੂਬਾਈ ਯੂਨਿਟ ਵਿਚ ਟਕਸਾਲੀ ਭਾਜਪਾਈਆਂ ਦੇ ਇੱਕ ਧੜੇ ਵੱਲੋਂ ਜਾਖੜ ਦੀ ਨਿਯੁਕਤੀ ਦਾ ਵਿਰੋਧ ਕਰਦਿਆਂ ਜਨ ਸੰਘ ਦੇ ਪਿਛੋਕੜ ਵਾਲੇ ਆਗੂ ਨੂੰ ਸੂਬੇ ਦੀ ਪ੍ਰਧਾਨਗੀ ਸੌਂਪਣ 'ਤੇ ਜ਼ੋਰ ਦਿੱਤਾ ਜਾ ਰਿਹਾ ਸੀ। ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਅਤੇ ਹੋਰ ਆਗੂ ਕਾਂਗਰਸ ਛੱਡ ਕੇ ਭਗਵਾਂ ਰੰਗ 'ਚ ਰੰਗੇ ਆਗੂਆਂ ਨੂੰ ਪਾਰਟੀ ਦੀ ਕਮਾਨ ਸੌਂਪ ਕੇ ਸੰਸਦੀ ਚੋਣਾਂ ਦੌਰਾਨ ਨਵਾਂ ਤਜ਼ਰਬਾ ਕਰਨ ਦੇ ਪੱਖ ਵਿਚ ਸਨ। ਪਾਰਟੀ ਵੱਲੋਂ ਇਸੇ ਆਧਾਰ ਨੂੰ ਮੁੱਖ ਰਖਦਿਆਂ ਇਹ ਨਿਯੁਕਤੀ ਕੀਤੀ ਗਈ ਹੈ। ਭਾਜਪਾ ਦੇ ਸੀਨੀਅਰ ਆਗੂ ਮੁਤਾਬਕ ਪਾਰਟੀ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਨੂੰ ਸੂਬਾਈ ਅਹੁਦੇਦਾਰਾਂ ਦੀ ਟੀਮ ਵਿਚ ਨਵੀਆਂ ਨਿਯੁਕਤੀਆਂ ਕਰਨ ਦੇ ਅਧਿਕਾਰ ਵੀ ਦਿੱਤੇ ਗਏ ਹਨ। ਇਸ ਤਰ੍ਹਾਂ ਨਾਲ ਸੂਬਾ ਅਹੁਦੇਦਾਰਾਂ ਵਿਚ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਛੱਡ ਕੇ ਦਲ ਬਦਲੀ ਕਰਨ ਵਾਲੇ ਸਿਆਸੀ



**ਸੁਨੀਲ ਜਾਖੜ**

**■ ਦਲ ਬਦਲੂ ਖੁਸ਼, ਟਕਸਾਲੀ ਭਾਜਪਾਈਆਂ 'ਚ ਛਾਈ ਨਿਰਾਸ਼ਾ**

ਆਗੂਆਂ ਨੂੰ ਅਹੁਦੇ ਮਿਲਣ ਦੀ ਸੰਭਾਵਨਾ ਹੈ। ਭਾਜਪਾ ਹਾਈ ਕਮਾਂਡ ਨੇ ਸੂਬਾਈ ਲੀਡਰਸ਼ਿਪ ਨੂੰ ਵੀ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਵਿਚੋਂ ਦਲ ਬਦਲੀ ਕਰਨ ਵਾਲੇ ਆਗੂਆਂ ਨੂੰ ਅਹਿਮ ਅਹੁਦੇ ਦਿੱਤੇ ਜਾ ਸਕਦੇ ਹਨ। ਭਾਜਪਾ ਨੇ ਇਸ ਨਿਯੁਕਤੀ ਦੇ ਸੰਕੇਤ ਕੁਝ ਦਿਨ ਪਹਿਲਾਂ ਹੀ ਦੇ ਦਿੱਤੇ ਸਨ। ਭਾਜਪਾ ਆਗੂਆਂ ਦਾ ਦੱਸਣਾ ਹੈ ਕਿ ਪਾਰਟੀ ਅੰਦਰ ਸੂਬਾ ਪ੍ਰਧਾਨ ਨੂੰ ਬਦਲਣ ਦੇ ਮੁੱਦੇ 'ਤੇ ਚਰਚਾ ਤਾਂ ਕਈ ਮਹੀਨਿਆਂ ਤੋਂ ਚੱਲ ਰਹੀ ਹੈ, ਪਰ ਹਾਲ ਹੀ ਵਿਚ ਪਾਰਟੀ ਦੇ ਸੀਨੀਅਰ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਗੁਰਦਾਸਪੁਰ ਰੈਲੀ 'ਚ ਭਾਜਪਾ ਦੀ ਮੌਜੂਦਾ ਸੂਬਾਈ ਲੀਡਰਸ਼ਿਪ ਪ੍ਰਭਾਵਸ਼ਾਲੀ ਇਕੱਠ ਕਰਨ ਵਿਚ ਨਾਕਾਮ ਰਹੀ ਸੀ। ਹਾਈ ਕਮਾਨ ਨੇ ਉਦੋਂ ਹੀ ਪੰਜਾਬ ਦੀ ਲੀਡਰਸ਼ਿਪ ਵਿਚ ਤੁਰੰਤ ਤਬਦੀਲੀ ਕਰਨ ਦਾ ਫੈਸਲਾ ਲਿਆ ਸੀ। ਸੂਤਰਾਂ ਦਾ ਦੱਸਣਾ ਹੈ ਕਿ ਪ੍ਰਧਾਨ ਦੀ ਨਿਯੁਕਤੀ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਆਗੂਆਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਗਿਆ ਹੈ। ਪਾਰਟੀ ਹਾਈ ਕਮਾਨ ਵੱਲੋਂ ਪੰਜਾਬ ਦੇ ਸਿਆਸੀ ਮਾਮਲਿਆਂ ਦੀ ਨਿਗਰਾਨੀ ਕਰ ਰਹੇ ਕੇਂਦਰੀ ਮੰਤਰੀਆਂ ਨੇ ਪੰਜਾਬ ਲੀਡਰਸ਼ਿਪ ਦੀ ਵਾਗਡੋਰ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਵਾਲੇ ਕੱਦਾਵਰ ਆਗੂ ਨੂੰ ਸੌਂਪਣ ਦੀ ਵਕਾਲਤ ਕੀਤੀ ਹੈ, ਤਾਂ ਜੋ ਇਸ ਸਰਹੱਦੀ ਸੂਬੇ ਵਿੱਚ ਦਲ-ਬਦਲੀ ਨੂੰ ਵੱਡਾ ਹੁਲਾਰਾ ਦਿੱਤਾ ਜਾਵੇ।

# ਬਹਿਬਲ ਗੋਲੀ ਕਾਂਡ: ਕੁੰਵਰ ਵਿਜੈ ਪ੍ਰਤਾਪ ਵੱਲੋਂ ਕੇਸ 'ਚ ਪਾਰਟੀ ਬਣਨ ਲਈ ਅਦਾਲਤ 'ਚ ਅਰਜ਼ੀ

**ਫ਼ਰੀਦਕੋਟ, (ਪੰਜਾਬ ਮੇਲ)-** ਬਹਿਬਲ ਗੋਲੀ ਕਾਂਡ ਦੇ ਗਵਾਹਾਂ ਵੱਲੋਂ ਅਦਾਲਤ ਵਿੱਚ ਅਰਜ਼ੀ ਦੇ ਕੇ ਤਤਕਾਲੀ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਖਿਲਾਫ਼ ਲਾਏ ਗਏ ਗੰਭੀਰ ਇਲਜ਼ਾਮਾਂ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਨੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਹੈ ਕਿ ਗਵਾਹਾਂ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਪਹਿਲਾਂ ਉਸ ਨੂੰ ਨਿੱਜੀ ਤੌਰ 'ਤੇ ਜ਼ਰੂਰ ਸੁਣਿਆ ਜਾਵੇ।



ਤਤਕਾਲੀ ਆਈ.ਜੀ. ਦੀ ਅਰਜ਼ੀ ਆਉਣ ਤੋਂ ਬਾਅਦ ਜੁਡੀਸ਼ਲ ਮੈਜਿਸਟਰੇਟ ਨੇ ਇਸ ਅਰਜ਼ੀ 'ਤੇ ਸੁਣਵਾਈ 21 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਹੈ ਅਤੇ ਜਾਂਚ ਟੀਮ ਨੂੰ ਇਸ ਮਾਮਲੇ ਵਿਚ ਲਿਖਤੀ ਰਿਪੋਰਟ ਅਤੇ ਜਵਾਬ ਅਦਾਲਤ ਵਿਚ ਪੇਸ਼ ਕਰਨ ਲਈ ਕਿਹਾ ਹੈ। ਬਹਿਬਲ ਗੋਲੀ ਕਾਂਡ ਦੇ ਸੱਤ ਗਵਾਹਾਂ ਨੇ ਅਦਾਲਤ ਵਿਚ ਲਿਖਤੀ ਅਰਜ਼ੀ ਦੇ ਕੇ ਸਾਬਕਾ ਜਾਂਚ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ 'ਤੇ ਇਲਜ਼ਾਮ ਲਾਏ ਹਨ ਕਿ ਉਨ੍ਹਾਂ ਨੇ ਨਿੱਜੀ ਰੰਜਿਸ਼ ਤਹਿਤ ਦੋ ਗਵਾਹਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰ ਦਿੱਤਾ ਅਤੇ ਗਵਾਹਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਲਿਖਿਆ ਹੈ ਅਤੇ ਕੁਝ ਝੂਠੇ ਗਵਾਹ ਵੀ ਤਿਆਰ ਕੀਤੇ ਗਏ ਹਨ, ਜੋ ਅਸਲ ਵਿਚ ਮੌਕੇ 'ਤੇ ਹਾਜ਼ਰ ਨਹੀਂ ਸਨ। ਅਦਾਲਤ ਹੁਣ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਹੈ।



# ਬਹਿਬਲਕਲਾਂ ਗੋਲੀਕਾਂਡ; ਸਟੇਟਸ ਰਿਪੋਰਟ ਦਾਖ਼ਲ ਕਰਨ ਲਈ ਮੰਗਿਆ ਹੋਰ ਸਮਾਂ

- ਹੁਣ 21 ਨੂੰ ਅਗਲੀ ਸੁਣਵਾਈ
- ਗਵਾਹਾਂ ਨੇ ਲਗਾਇਆ ਸਾਜਿਸ਼ ਦਾ ਇਲਜ਼ਾਮ



**ਫਰੀਦਕੋਟ, (ਪੰਜਾਬ ਮੇਲ)-** ਪਿਛਲੇ ਦਿਨੀਂ ਬਹਿਬਲਕਲਾਂ ਗੋਲੀਕਾਂਡ ਦੇ ਕਰੀਬ 7 ਅਹਿਮ ਗਵਾਹਾਂ ਨੇ ਮਾਨਯੋਗ ਅਦਾਲਤ ਵਿਚ ਅਰਜੀ ਦਾਖਲ ਕਰ ਉਨ੍ਹਾਂ ਦੇ ਬਿਆਨ ਮੁੜ ਤੋਂ ਦਰਜ ਕਰਵਾਏ ਜਾਣ ਦੀ ਮੰਗ ਕਰਦਿਆਂ ਪਹਿਲਾਂ ਦਰਜ ਹੋਏ ਬਿਆਨਾਂ ਨਾਲ ਕਥਿਤ ਛੇੜ-ਛਾੜ ਕੀਤੇ ਜਾਣ ਦੀ ਗੱਲ ਕਹੀ ਸੀ, ਜਿਸ 'ਤੇ ਅਦਾਲਤ ਵੱਲੋਂ ਸੋਮਵਾਰ ਨੂੰ ਐੱਸ.ਐੱਚ.ਓ. ਥਾਣਾ ਬਾਜਾਖਾਨਾ ਨੂੰ ਸਟੇਟਸ ਰਿਪੋਰਟ ਦਾਖਲ ਕਰਨ ਲਈ ਕਿਹਾ ਸੀ ਪਰ ਇਸ ਮਾਮਲੇ ਵਿਚ ਸੁਣਵਾਈ ਦੌਰਾਨ ਅਗਲੀ ਤਾਰੀਖ 21 ਜੁਲਾਈ ਰੱਖੀ ਗਈ ਹੈ।

ਜਾਣਕਾਰੀ ਅਨੁਸਾਰ ਬਹਿਬਲਕਲਾਂ ਗੋਲੀਕਾਂਡ ਮਾਮਲੇ 'ਚ ਕਰੀਬ 7 ਗਵਾਹਾਂ ਨੇ ਫਰੀਦਕੋਟ ਅਦਾਲਤ ਵਿਚ ਅਰਜੀ ਦਾਖਲ ਕਰ ਕੇ ਇਹ ਮੰਗ ਕੀਤੀ ਸੀ ਕਿ ਉਨ੍ਹਾਂ ਦੇ ਬਿਆਨ ਵਿਸ਼ੇਸ਼ ਜਾਂਚ ਟੀਮ ਦੁਬਾਰਾ ਦਰਜ ਕਰੇ ਕਿਉਂਕਿ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਉਨ੍ਹਾਂ ਦੇ ਬਿਆਨਾਂ ਨਾਲ ਕਥਿਤ ਛੇੜਛਾੜ ਕੀਤੀ ਹੈ। ਨਾਲ ਹੀ ਉਨ੍ਹਾਂ ਨੇ ਅਦਾਲਤ ਨੂੰ ਜਾਣੂ ਕਰਵਾਇਆ ਕਿ ਨਵੀਂ ਬਣੀ ਵਿਸ਼ੇਸ਼ ਜਾਂਚ ਟੀਮ ਵੱਲੋਂ ਵੀ ਹਾਲੇ ਤੱਕ ਉਨ੍ਹਾਂ ਦੇ ਬਿਆਨ ਦਰਜ ਨਹੀਂ ਕੀਤੇ ਗਏ। ਅਜਿਹੇ ਵਿਚ ਉਨ੍ਹਾਂ ਨੂੰ ਇਨਸਾਫ ਦੀ ਆਸ ਨਹੀਂ, ਜਿਸ 'ਤੇ ਅਦਾਲਤ ਨੇ ਸੁਣਵਾਈ ਲਈ 3 ਜੁਲਾਈ ਦਾ ਸਮਾਂ ਰੱਖਿਆ ਸੀ।

ਕੋਰਟ ਨੇ ਥਾਣਾ ਬਾਜਾਖਾਨਾ ਦੇ ਐੱਸ.ਐੱਚ.ਓ. ਨੂੰ ਸਟੇਟਸ ਰਿਪੋਰਟ ਦਾਖਲ ਕਰਨ ਲਈ ਕਿਹਾ ਸੀ ਪਰ ਸੋਮਵਾਰ ਨੂੰ ਪਤਾ ਚੱਲਿਆ ਕਿ ਅਦਾਲਤ ਵਿਚ ਸੁਣਵਾਈ ਦੌਰਾਨ ਨਾ ਤਾਂ ਵਿਸ਼ੇਸ਼ ਜਾਂਚ ਟੀਮ ਪ੍ਰਮੁੱਖ ਪੇਸ਼ ਹੋਏ ਅਤੇ ਨਾ ਹੀ ਥਾਣਾ ਬਾਜਾਖਾਨਾ ਦੇ ਐੱਸ.ਐੱਚ.ਓ. ਵੱਲੋਂ ਕੋਈ ਰਿਪੋਰਟ ਦਾਖਲ ਕੀਤੀ ਗਈ। ਵਿਸ਼ੇਸ਼ ਜਾਂਚ ਟੀਮ ਵੱਲੋਂ ਸਰਕਾਰੀ ਵਕੀਲ ਰਾਹੀਂ ਆਪਣਾ ਜਵਾਬ ਦਾਖਲ ਕਰਨ ਲਈ ਅਦਾਲਤ ਕੋਲੋਂ ਸਮੇਂ ਦੀ ਮੰਗ ਕੀਤੀ ਗਈ ਹੈ, ਜਿਸ 'ਤੇ ਅਦਾਲਤ ਨੇ ਹੁਣ ਇਸ ਮਾਮਲੇ ਦੀ ਸੁਣਵਾਈ 21 ਜੁਲਾਈ ਨੂੰ ਰੱਖੀ ਹੈ ਅਤੇ ਉਸੇ ਦਿਨ ਹੁਣ ਗਵਾਹਾਂ ਦੀ ਮੰਗ ਬਾਰੇ ਕੋਈ ਫੈਸਲਾ ਆਉਣ ਦੇ ਵੀ ਆਸਾਰ ਹਨ।

ਦੂਜੇ ਪਾਸੇ ਗਵਾਹਾਂ ਦੀ ਮੰਗ ਦੀ ਜੇਕਰ ਗੱਲ ਕਰੀਏ, ਤਾਂ ਬਹਿਬਲਕਲਾਂ ਗੋਲੀਕਾਂਡ ਦੇ ਕਰੀਬ 7 ਗਵਾਹਾਂ ਫਰੀਦਕੋਟ ਅਦਾਲਤ 'ਚ ਪਿਛਲੇ ਦਿਨੀਂ ਇਕ ਅਰਜੀ ਦਾਖਲ ਕੀਤੀ ਸੀ। ਗਵਾਹਾਂ ਦਾ ਕਹਿਣਾ ਕਿ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਵੱਲੋਂ ਗੋਲੀਕਾਂਡ ਦੇ ਦੋਸ਼ੀਆਂ ਵਿਚੋਂ ਹੀ ਪ੍ਰਦੀਪ ਸਿੰਘ ਨਾਮ ਦੇ ਵਿਅਕਤੀ ਨੂੰ ਸਰਕਾਰੀ ਗਵਾਹ ਬਣਾਇਆ ਗਿਆ ਹੈ, ਜੋ ਉਸ ਵਕਤ ਮੋਗਾ ਦੇ ਐੱਸ.ਐੱਸ.ਪੀ. ਚਰਨਜੀਤ ਸਿੰਘ ਸ਼ਰਮਾਂ ਦਾ ਰੀਡਰ ਸੀ ਅਤੇ ਬਹਿਬਲਕਲਾਂ ਵਿਖੇ ਰੋਸ ਧਰਨਾ ਦੇ ਰਹੇ ਪ੍ਰਦਰਸ਼ਨਕਾਰੀਆਂ ਨੂੰ ਕੰਟਰੋਲ ਕਰਨ ਲਈ ਆਏ ਚਰਨਜੀਤ ਸਿੰਘ ਸ਼ਰਮਾ ਦੇ ਨਾਲ ਆਏ ਸਨ।

ਗਵਾਹਾਂ ਦਾ ਕਹਿਣਾ ਹੈ ਕਿ ਐੱਸ.ਆਈ.ਟੀ. ਨੇ ਉਨ੍ਹਾਂ ਪੁਲਿਸ ਅਫਸਰਾਂ ਦੇ ਨਾਮ ਵੀ ਬਿਆਨਾਂ ਵਿਚ ਲਿਖੇ ਹਨ, ਜੋ ਉਸ ਵਕਤ ਮੌਕੇ 'ਤੇ ਮੌਜੂਦ ਨਹੀਂ ਸਨ, ਜਿਨ੍ਹਾਂ ਵਿਚ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਐੱਸ.ਐੱਚ.ਓ. ਗੁਰਦੀਪ ਸਿੰਘ ਪੰਧੇਰ ਵਰਗੇ ਕਈ ਨਾਮ ਅਹਿਮ ਹਨ, ਜੋ ਕੋਟਕਪੂਰਾ ਵਿਖੇ ਤਾਂ ਮੌਜੂਦ ਸਨ ਪਰ ਬਹਿਬਲਕਲਾਂ ਵਿਖੇ ਮੌਜੂਦ ਨਹੀਂ ਸਨ। ਗਵਾਹਾਂ ਦਾ ਕਹਿਣਾ ਹੈ ਕਿ ਇਹ ਸਭ ਗਿਣੀ-ਮਿਥੀ ਸਾਜ਼ਿਸ਼ ਤਹਿਤ ਹੋਇਆ ਹੈ।

# ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਦੀ ਕਮਾਨ ਮਾਲਵੇ ਦੇ ਹੱਥ 'ਚ ਆਈ



ਪ੍ਰਿੰਸੀਪਲ ਬੁੱਧ ਰਾਮ ਰਾਜਾ ਵੜਿੰਗ ਸੁਖਬੀਰ ਸਿੰਘ ਬਾਦਲ ਸੁਨੀਲ ਜਾਖੜ।

**ਟੱਲੇਵਾਲ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਵੱਲੋਂ ਸੁਨੀਲ ਜਾਖੜ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਬਣਾਇਆ ਗਿਆ ਹੈ। ਇਸ ਨਿਯੁਕਤੀ ਉਪਰੰਤ ਹੁਣ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਦੀ ਕਮਾਨ ਮਾਲਵੇ ਦੇ ਹੱਥ ਵਿਚ ਆ ਗਈ ਹੈ। ਕਾਂਗਰਸ ਅਤੇ ਅਕਾਲੀ ਦਲ ਦੀ ਪ੍ਰਧਾਨਗੀ ਇਕੱਲੇ ਮੁਕਤਸਰ ਜ਼ਿਲ੍ਹੇ ਦੇ ਹੱਥਾਂ ਵਿਚ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਲੰਬੇ ਸਮੇਂ ਤੋਂ ਪਿੰਡ ਬਾਦਲ ਕਰਦਾ ਆ ਰਿਹਾ ਹੈ। ਸਾਲ 2008 ਤੋਂ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਹਨ। ਇਸੇ ਕਾਰਨ ਹੀ ਸੂਬੇ ਭਰ ਦੇ ਅਕਾਲੀ ਨੇਤਾਵਾਂ ਦਾ ਮੂੰਹ ਬਾਦਲ ਪਿੰਡ ਵੱਲ ਹੀ ਰਿਹਾ ਹੈ। ਭਾਵੇਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਹਟਾਉਣ ਲਈ ਕਾਫ਼ੀ ਮੁਹਿੰਮਾਂ ਚੱਲੀਆਂ ਪਰ ਨਾਕਾਮ ਰਹੀਆਂ। ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨਗੀ ਤੋਂ ਹਟਾਏ ਜਾਣ ਤੋਂ ਬਾਅਦ ਕਾਂਗਰਸ ਦੀ ਪ੍ਰਧਾਨਗੀ ਮਾਝੇ ਵਿੱਚੋਂ ਹੁੰਦੇ ਹੋਏ ਮੁੜ ਮਾਲਵੇ ਵਿੱਚ ਮੁਕਤਸਰ ਦੇ ਪਿੰਡ 'ਵੜਿੰਗ' ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਕੋਲ ਹੈ, ਜੋ ਗਿੱਦੜਬਾਹਾ ਹਲਕੇ ਤੋਂ ਵਿਧਾਇਕ ਹਨ। ਅਸ਼ਵਨੀ ਸ਼ਰਮਾ ਦੇ ਪ੍ਰਧਾਨ ਹੁੰਦਿਆਂ ਭਾਰਤੀ ਜਨਤਾ ਪਾਰਟੀ ਮਾਝੇ ਤੋਂ ਚੱਲ ਰਹੀ ਸੀ ਪਰ ਹੁਣ ਸੁਨੀਲ ਜਾਖੜ ਦੇ ਪ੍ਰਧਾਨ ਬਨਣ 'ਤੇ ਭਾਜਪਾ ਵੀ ਮਾਲਵੇ ਵਿੱਚੋਂ ਚੱਲੇਗੀ। ਸੂਬੇ ਦੀ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦੇ 2017 ਤੋਂ ਭਗਵੰਤ ਮਾਨ ਪੰਜਾਬ ਪ੍ਰਧਾਨ ਹਨ।

ਉਨ੍ਹਾਂ ਨੇ ਭਾਵੇਂ ਇੱਕ ਵਾਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਪਰ 2019 'ਚ ਮੁੜ ਉਨ੍ਹਾਂ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਭਗਵੰਤ ਮਾਨ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਹਨ। ਜਦਕਿ ਪਿਛਲੇ ਦਿਨੀਂ ਬੁਢਲਾਢਾ ਤੋਂ ਦੂਜੀ ਵਾਰ ਵਿਧਾਇਕ ਬਣੇ ਮਾਸਟਰ ਬੁੱਧ ਰਾਮ ਨੂੰ ਆਮ ਆਦਮੀ ਪਾਰਟੀ ਦਾ ਕਾਰਜਕਾਰੀ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ, ਜੋ ਮਾਲਵੇ ਦਾ ਹੀ ਹਿੱਸਾ ਹਨ। ਇਸੇ ਤਰ੍ਹਾਂ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਹਨ, ਜੋ ਫ਼ਤਹਿਗੜ੍ਹ ਸਾਹਿਬ ਨਾਲ ਸਬੰਧਤ ਹਨ। ਇਸ ਪ੍ਰਕਾਰ ਮੁੱਖ ਸਾਰੀਆਂ ਸਿਆਸੀ ਪਾਰਟੀਆਂ ਦਾ ਕੇਂਦਰ ਬਿੰਦੂ ਮਾਲਵਾ ਹੀ ਬਣਿਆ ਹੋਇਆ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ, ਕੁਲਤਾਰ ਸਿੰਘ ਸੰਧਵਾਂ, ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਗੁਰਮੀਤ ਸਿੰਘ ਖੁੱਡੀਆਂ, ਡਾ. ਬਲਬੀਰ ਸਿੰਘ, ਚੇਤਨ ਸਿੰਘ ਜੌੜਾਮਾਜਰਾ ਤੇ ਮੀਤ ਹੇਅਰ ਮਾਲਵੇ ਵਿੱਚੋਂ ਹੀ ਹਨ।

# ਮੋਗਾ 'ਚ ਕਾਂਗਰਸੀ ਮੇਅਰ ਖ਼ਿਲਾਫ਼ ਬੇਭਰੋਸਗੀ ਮਤਾ ਪਾਸ

**- ਹਾਕਮ ਧਿਰ ਵੱਲੋਂ ਆਪਣਾ ਮੇਅਰ ਬਣਾਉਣ ਲਈ ਰਸਤਾ ਸਾਫ**



**ਮੋਗਾ, (ਪੰਜਾਬ ਮੇਲ)-** ਇਥੇ ਨਗਰ ਨਿਗਮ 'ਚ ਕਾਂਗਰਸੀ ਮੇਅਰ ਨੀਤਿਕਾ ਭੱਲਾ ਖ਼ਿਲਾਫ਼ ਬੇਭਰੋਸਗੀ ਮਤਾ ਪਾਸ ਕਰਵਾਉਣ ਦੀ ਅਗਨੀ ਪ੍ਰੀਖਿਆ ਵਿਚ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਸਫ਼ਲ ਰਹੀ। ਹੁਣ ਹਾਕਮ ਧਿਰ ਵੱਲੋਂ ਆਪਣੇ ਕੌਂਸਲਰ ਨੂੰ ਮੇਅਰ ਬਣਾਉਣ ਲਈ ਰਸਤਾ ਸਾਫ਼ ਹੋ ਗਏ। ਇਥੇ ਕੌਂਸਲਰਾਂ ਵੱਲੋਂ ਕਾਂਗਰਸੀ ਮੇਅਰ ਨੀਤਿਕਾ ਭੱਲਾ ਖ਼ਿਲਾਫ਼ ਪੇਸ਼ ਕੀਤੇ ਬੇਭਰੋਸਗੀ ਮਤੇ ਉੱਤੇ ਬਹਿਸ ਦੌਰਾਨ ਨੀਤਿਕਾ ਭੱਲਾ ਨੂੰ 7 ਕੌਂਸਲਰਾਂ ਦਾ ਸਮਰਥਨ ਹੀ ਮਿਲ ਸਕਿਆ। ਕੁੱਲ 50 ਕੌਂਸਲਰਾਂ ਵਿਚੋਂ ਦੋ ਕੌਂਸਲਰ ਵਿਚੋਂ ਇੱਕ ਵਿਦੇਸ਼ ਵਿਚ ਹੈ ਅਤੇ ਦੂਜਾ ਕੌਂਸਲਰ ਗੈਰ ਹਾਜ਼ਰ ਰਿਹਾ। ਇਸ ਮੌਕੇ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਇਸ ਪ੍ਰਕਿਰਿਆ ਦੌਰਾਨ ਆਮ ਲੋਕਾਂ ਦਾ ਨਿਗਮ ਅੰਦਰ ਦਾਖ਼ਲਾ ਬੰਦ ਰਿਹਾ। ਸੀਨੀਅਰ ਡਿਪਟੀ ਮੇਅਰ ਪਰਵੀਨ ਕੁਮਾਰ ਅਤੇ ਡਿਪਟੀ ਮੇਅਰ ਅਸ਼ੋਕ ਧਮੀਜਾ ਤੇ ਵਿੱਤ ਕਮੇਟੀ ਖ਼ਿਲਾਫ਼ ਪੇਸ਼ ਬੇਭਰੋਸਗੀ ਮਤਾ ਕੋਰਮ ਪੂਰਾ ਨਾ ਹੋਣ ਕਾਰਨ ਰੱਦ ਹੋ ਗਿਆ। ਇਸ ਮੌਕੇ ਮੇਅਰ ਦੇ ਅਹੁਦੇ ਤੋਂ ਫ਼ਾਰਗ ਹੋਣ ਬਾਅਦ ਨੀਤਿਕਾ ਭੱਲਾ ਨੇ ਸਾਰੇ ਸ਼ਹਿਰ ਵਾਸੀਆਂ, ਕੌਂਸਲਰਾਂ ਤੇ ਸਾਰੀਆਂ ਸਿਆਸੀ ਪਾਰਟੀਆਂ ਦਾ ਧੰਨਵਾਦ ਕਰਦੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਆਪਣਾ ਕਰੀਬ ਸਵਾ ਦੋ ਸਾਲ ਕਾਰਜਕਾਲ ਇਮਾਨਦਾਰੀ ਨਾਲ ਨਿਭਾਇਆ ਹੈ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

Inderjeet Singh Mann
CA Lic# 0H82488

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕਾਦੀਆਂ ਵਿਖੇ ਲੈਬ ਦਾ ਉਦਘਾਟਨ

## 100 ਫੀਸਦੀ ਆਪਣੀ ਕਮਾਈ ਲੋੜਵੰਦਾਂ ਤੇ ਖਰਚ ਕਰਨ ਵਾਲੇ ਡਾ. ਉਬਰਾਏ ਆਪਣੇ ਆਪ 'ਚ ਖੁਦ ਮਿਸਾਲ : ਜਥੇਦਾਰ ਬਲਜੀਤ ਸਿੰਘ ਦਾਦੂਵਾਲ






ਸੰਨੀ ਉਬਰਾਏ ਲੈਬ ਦਾ ਉਦਘਾਟਨ ਕਰਦੇ ਹੋਏ ਡਾ. ਐੱਸ.ਪੀ. ਸਿੰਘ ਓਬਰਾਏ, ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਡਾ. ਸਤਨਾਮ ਨਿੱਝਰ, ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਮੈਂਬਰ ਜਥੇਦਾਰ ਗੋਰਾ ਅਤੇ ਹੋਰ ਆਗੂ।

**ਬਟਾਲਾ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖਸੀਅਤ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੁਬਈ ਵੱਲੋਂ ਮਨੁੱਖਤਾ ਨੂੰ ਬਚਾਉਣ ਦੇ ਲਈ ਕੀਤੇ ਜਾ ਰਹੇ ਪਰ ਉਪਕਾਰੀ ਕਾਰਜਾਂ ਦੇ ਤਹਿਤ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਰੇਲਵੇ ਰੋਡ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸੰਨੀ ਉਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਖੋਲ੍ਹਿਆ ਗਿਆ, ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਕਰਨ ਦੇ ਲਈ ਕਰਵਾਏ ਗਏ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਅਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਟਰੱਸਟੀ ਡਾਕਟਰ ਸਤਨਾਮ ਸਿੰਘ ਨਿੱਝਰ ਸ਼ਾਮਲ ਹੋਏ। ਜਦਕਿ ਟਰੱਸਟ ਦੇ ਸਿਹਤ ਸੇਵਾਵਾਂ ਵਿਭਾਗ ਦੇ ਡਾਇਰੈਕਟਰ ਡਾਕਟਰ ਦਲਜੀਤ ਸਿੰਘ ਗਿੱਲ, ਟਰੱਸਟ ਦੇ ਮਾਝਾ ਜੋਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਹੇਅਰ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਟਰੱਸਟ ਦੇ ਸੈਕਟਰੀ ਇੰਦਰਪ੍ਰੀਤ ਸਿੰਘ ਰਿੱਕੀ, ਅੰਮ੍ਰਿਤਸਰ ਟਰੱਸਟ ਦੇ ਸੈਕਟਰੀ ਨਵਜੀਤ ਸਿੰਘ ਘਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਨਗਰ ਨਿਗਮ ਬਟਾਲਾ ਦੇ ਕੌਂਸਲਰ ਪਲਵਿੰਦਰ ਸਿੰਘ ਲੰਬੜਦਾਰ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਐੱਸ.ਸੀ. ਵਿੰਗ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਰਸੇਮ ਸਿੰਘ, ਸਕੱਤਰ ਹਰਪ੍ਰੀਤ ਸਿੰਘ, ਭਾਈ ਜਗਜੀਤ ਸਿੰਘ, ਗ੍ਰੰਥੀ ਚਰਨਜੀਤ ਸਿੰਘ ਆਦਿ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਸਨ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਪਾਠ ਦੇ ਭੋਗ ਪੈਣ ਉਪਰੰਤ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਬੇਨਤੀ ਕੀਤੀ ਗਈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਦੇਸ਼-ਵਿਦੇਸ਼ ਦੇ ਅੰਦਰ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨੂੰ ਹੋਰ ਉੱਚਾ ਚੁੱਕਣ ਦੇ ਲਈ ਬਹੁਤ ਹੀ ਨੇਕ ਕਾਰਜ ਕੀਤੇ ਜਾ ਰਹੇ ਹਨ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਆਪਣੀ ਨੇਕ ਕਿਰਤ ਕਮਾਈ ਦਾ 100 ਫੀਸਦੀ ਹਿੱਸਾ ਗਰੀਬਾਂ ਲੋੜਵੰਦਾਂ ਤੇ ਖਰਚ ਕਰਦਿਆਂ ਡਾਕਟਰ ਉਬਰਾਏ ਵੱਲੋਂ ਮਾਨਵਤਾ ਨੂੰ ਵੱਡੇ ਪੱਧਰ 'ਤੇ ਰਾਹਤ ਦਿੱਤੀ ਜਾ ਰਹੀ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਡਾਕਟਰ ਉਬਰਾਏ ਵੱਲੋਂ ਕੀਤੇ ਜਾ ਰਹੇ ਨੇਕ ਕਾਰਜ ਆਪਣੇ ਆਪ ਦੇ ਵਿਚ ਖੁਦ ਇੱਕ ਮਿਸਾਲ ਹਨ। ਕਿਉਂਕਿ ਡਾਕਟਰ ਉਬਰਾਏ ਵੱਲੋਂ ਹੱਦਾਂ-ਸਰਹੱਦਾਂ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਕੀਤੇ ਜਾ ਰਹੇ ਲਾਮਿਸਾਲ ਕਾਰਜਾਂ ਦਾ ਖੁਲਾਸਾ ਸ਼ਬਦਾਂ ਦੇ ਵਿਚ ਨਹੀਂ ਕੀਤਾ ਜਾ ਸਕਦਾ। ਜਥੇਦਾਰ ਦਾਦੂਵਾਲ ਨੇ ਡਾਕਟਰ ਉਬਰਾਏ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਪ੍ਰਮਾਤਮਾ ਦੇ ਚਰਨਾਂ ਵਿਚ ਚੜ੍ਹਦੀ ਕਲਾ ਦੀ ਅਰਦਾਸ ਵੀ ਕੀਤੀ। ਇਸ ਮੌਕੇ ਟਰੱਸਟ ਦੇ ਮੁੱਖੀ ਡਾਕਟਰ ਐੱਸ.ਪੀ. ਸਿੰਘ ਉਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਸਮੇਤ ਗੁਆਂਢੀ ਰਾਜਾਂ ਦੇ ਅੰਦਰ ਇਹ 100 ਲੈਬ ਖੁੱਲ੍ਹਣ ਦਾ ਟੀਚਾ ਮਿਥਿਆ ਗਿਆ ਹੈ, ਜਿਸ ਦੇ ਤਹਿਤ ਆਧੁਨਿਕ ਸਹੂਲਤਾਂ ਨਾਲ ਲੈਸ 86ਵੀਂ ਲੈਬ ਦੀ ਸ਼ੁਰੂਆਤ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਕੀਤੀ ਗਈ ਹੈ। ਡਾਕਟਰ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਜਦਕਿ ਵੱਖ-ਵੱਖ ਥਾਵਾਂ 'ਤੇ ਖੋਲ੍ਹੀਆਂ ਗਈਆਂ ਲੈਬੋਰਟਰੀਆਂ ਦੇ ਨਾਲ ਡਿਜ਼ੀਟਲ ਐਕਸਰੇ, ਫਿਜ਼ੀਓਥਰੈਪੀ ਸੈਂਟਰ ਅਤੇ ਡੈਂਟਲ ਕਲੀਨਿਕ ਦੀ ਸਹੂਲਤ ਵੀ ਹਰ ਵਰਗ ਨੂੰ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਹਿਲਾਂ ਹੀ ਬਟਾਲਾ ਸ਼ਹਿਰ ਦੇ ਅੰਦਰ ਸਫਲਤਾਪੂਰਵਕ ਚੱਲ ਰਹੀ ਲੈਬ ਸਮੁੱਚੇ ਜ਼ਿਲ੍ਹੇ ਲਈ ਵਰਦਾਨ ਸਾਬਤ ਹੋ ਰਹੀ ਹੈ, ਉੱਥੇ ਨਾਲ ਹੀ ਜਥੇਦਾਰ ਦਾਦੂਵਾਲ ਦੇ ਜੱਦੀ ਇਲਾਕੇ ਕਾਦੀਆਂ ਵਿਖੇ ਖੋਲ੍ਹੀ ਲੈਬ ਵੱਡੇ ਪੱਧਰ 'ਤੇ ਹਰ ਵਰਗ ਨੂੰ ਰਾਹਤ ਦੇਵੇਗੀ। ਇਸ ਦੌਰਾਨ ਟਰੱਸਟੀ ਡਾ. ਸਤਨਾਮ ਸਿੰਘ ਨਿੱਝਰ ਅਤੇ ਅਤੇ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਮਠਾਰੂ ਨੇ ਜ਼ਿਲ੍ਹੇ ਅੰਦਰ ਦੂਸਰੀ ਲੈਬ ਖੁੱਲ੍ਹਣ 'ਤੇ ਡਾ. ਉਬਰਾਏ ਦਾ ਧੰਨਵਾਦ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਨੇ ਡਾਕਟਰ ਉਬਰਾਏ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਲਾਮਿਸਾਲ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਜਦਕਿ ਟਰੱਸਟ ਦੇ ਮੁਖੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਅਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਡਾਕਟਰ ਸਤਨਾਮ ਸਿੰਘ ਨਿੱਝਰ ਵੱਲੋਂ ਫੀਤਾ ਕੱਟ ਕੇ ਲੈਬ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਸ਼ਖ਼ਸੀਅਤਾਂ ਅਤੇ ਡਾਕਟਰਾਂ ਤੋਂ ਇਲਾਵਾ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਅਤੇ ਸ਼ਹਿਰ ਵਾਸੀ ਹਾਜਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।


# TAKHAR URGENT CARE & Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay




VALLEJO TEEYAN
MELA 2023
Sunday, July 16th, 2023 from 12-6pm
Hosted By
Asha Sharma
Only for Ladies and Children
At Dan Foley Cultural Center
(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing
and Jewelry Booths.
Organizer
Sunita Verma
Come and enjoy a day filled with entertainment
and festiveties, including Punjabi Folk songs and
dances, Gidha, Boliyan and much more...
Copyright@Punjab Mail USA
To Participate Rent Space for a booth, or Sponsor, Please Contact:
SUNITA VERMA : 707-853-9006
Email: sonalideep@gmail.com
Flamingo
Banquet Hall, Sweets & Catering
Catering up to 5,000 Guests
anywhere in C.A.
Paul 510-325- 8433
"Let us make your event
a dream come true"
Touch Of Elegance Decor
Cristy 510-672-8118
EYEBROW ART BY RASHMI
Book your choice
*New* Jewelry
Henna
•Organic Skin Care Packages
• Organic Hair Care Sets
• Makeup
• Accessories
• Indian Bridal Jelwery
• Indian Wedding Packages
+More
101 W.American Canyon Rd. Ste 506
707-362-4594
CHINNA JEWELLERS INC
We Sell & Buy Gold & Silver Coins At
Wholesale Price, We Sell 22k Gold
Jewelry & Real Birth Stones
Inderjit Singh President
Cell 916-956-3094
Office & Fax 916-706-3447
inderjit803643@gmail.com
www.chinnajewellers.com
7454 Stockton Blvd, Suite-A Sacramento, CA 95823 USA

# ਅੰਸਾਰੀ ਮਾਮਲਾ: ਮੁੱਖ ਮੰਤਰੀ ਭਗਵੰਤ ਮਾਨ ਨੇ ਕੈਪਟਨ ਖਿਲਾਫ ਸਿੱਧੇ ਤੌਰ 'ਤੇ ਮੋਰਚਾ ਖੋਲ੍ਹਿਆ

- ਅਮਰਿੰਦਰ-ਅੰਸਾਰੀ ਸਾਂਝ ਬਾਰੇ ਨਵੇਂ ਤੱਥ ਕੀਤੇ ਨਸ਼ਰ
- ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਨੂੰ ਕਈ ਪੱਖਾਂ ਤੋਂ ਬਣਾਇਆ ਨਿਸ਼ਾਨਾ



**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਆਗੂ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਸਿੱਧੇ ਤੌਰ 'ਤੇ ਮੋਰਚਾ ਖੋਲ੍ਹ ਦਿੱਤਾ ਹੈ। ਮੁੱਖ ਮੰਤਰੀ ਨੇ ਅਮਰਿੰਦਰ ਸਿੰਘ ਦੀ ਮੁਖਤਾਰ ਅੰਸਾਰੀ ਨਾਲ ਸਾਂਝ ਬਾਰੇ ਖ਼ੁਲਾਸਾ ਕਰਦਿਆਂ ਚੁਣੌਤੀ ਵੀ ਦਿੱਤੀ ਹੈ ਕਿ ਜੇਕਰ ਅਮਰਿੰਦਰ ਸਿੰਘ ਚਾਹੁੰਦੇ ਹਨ, ਤਾਂ ਉਹ ਕੈਪਟਨ ਦੀ ਅੰਸਾਰੀ ਨਾਲ ਗੰਢ-ਤੁਪ ਬਾਰੇ ਆਉਂਦੇ ਦਿਨਾਂ ਵਿਚ ਸਬੂਤ ਵੀ ਨਸ਼ਰ ਕਰ ਦੇਣਗੇ। ਮੁੱਖ ਮੰਤਰੀ ਨੇ ਨਵੀਂ ਪਰਤ ਖੋਲ੍ਹਦਿਆਂ ਕਿਹਾ ਕਿ ਅਮਰਿੰਦਰ ਸਿੰਘ ਨੇ ਅੰਸਾਰੀ ਦੇ ਪੁੱਤਰਾਂ ਨੂੰ ਰੂਪਨਗਰ 'ਚ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅਲਾਟ ਕੀਤੀ ਸੀ। ਬੇਸ਼ੱਕ ਮੁੱਖ ਮੰਤਰੀ ਸ਼ੁਰੂਆਤੀ ਦਿਨਾਂ 'ਚ ਸਿਸਵਾਂ ਫਾਰਮ ਹਾਊਸ ਨੂੰ ਲੈ ਕੇ ਅਮਰਿੰਦਰ ਸਿੰਘ ਨੂੰ ਨਿਸ਼ਾਨੇ 'ਤੇ ਲੈਂਦੇ ਰਹੇ ਹਨ ਪਰ ਉਨ੍ਹਾਂ ਸਾਬਕਾ ਮੁੱਖ ਮੰਤਰੀ ਨੂੰ ਸਿੱਧੇ ਤੌਰ 'ਤੇ ਹੱਥ ਪਾਉਣ ਤੋਂ ਗੁਰੇਜ਼ ਕੀਤਾ ਸੀ। ਪਰ ਜਿਉਂ ਹੀ 'ਆਪ' ਦਾ ਕੌਮੀ ਪੱਧਰ 'ਤੇ ਭਾਜਪਾ ਨਾਲ ਦਿੱਲੀ ਆਰਡੀਨੈਂਸ ਮੁੱਦੇ 'ਤੇ ਟਕਰਾਅ ਵਧਿਆ ਹੈ, ਉਦੋਂ ਤੋਂ ਹੀ ਪੰਜਾਬ ਸਰਕਾਰ ਦੇ ਤੇਵਰ ਵੀ ਭਾਜਪਾ ਨੇਤਾਵਾਂ ਤੇ ਖ਼ਾਸ ਕਰਕੇ ਅਮਰਿੰਦਰ ਖ਼ਿਲਾਫ਼ ਤਿੱਖੇ ਹੋਏ ਹਨ। ਮੁੱਖ ਮੰਤਰੀ ਨੇ ਕੈਪਟਨ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਦੱਸਣ ਕਿ ਉਨ੍ਹਾਂ ਦੀ ਸਾਂਝ-ਭਿਆਲੀ ਤੋਂ ਬਿਨਾਂ ਰੂਪਨਗਰ ਵਿਚ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅੰਸਾਰੀ ਦੇ ਪੁੱਤਰਾਂ ਅੱਬਾਸ ਤੇ ਉਮਰ ਅੰਸਾਰੀ ਨੂੰ ਕਿਵੇਂ ਮਿਲ ਗਈ। ਉਨ੍ਹਾਂ ਕਿਹਾ ਕਿ ਪਹਿਲਾਂ ਅਮਰਿੰਦਰ ਨੇ ਅੰਸਾਰੀ ਦੀ ਰੋਪੜ ਜੇਲ੍ਹ ਵਿਚ ਠਾਹਰ ਨੂੰ ਆਰਾਮਦਾਇਕ ਬਣਾਇਆ ਅਤੇ ਅੰਸਾਰੀ ਦੀ ਮੌਜੂਦਗੀ ਜੇਲ੍ਹ ਵਿਚ ਕਾਇਮ ਰੱਖਣ ਲਈ 55 ਲੱਖ ਰੁਪਏ ਕਾਨੂੰਨੀ ਖ਼ਰਚਾ ਵੀ ਕੀਤਾ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ, ਅੰਸਾਰੀ ਨੂੰ ਨਾ ਜਾਣਦਾ ਹੋਣ ਦੇ ਕਿੰਨੇ ਵੀ ਦਾਅਵੇ ਕਰਨ ਪਰ ਅਮਰਿੰਦਰ ਨੇ ਅੰਸਾਰੀ ਦੇ ਪੁੱਤਰਾਂ ਨੂੰ ਰੋਪੜ ਵਿਚ ਮਹਿੰਗੀ ਜ਼ਮੀਨ ਦਿੱਤੀ ਹੈ।

## ਸੁਖਜਿੰਦਰ ਰੰਧਾਵਾ ਵੱਲੋਂ ਭਗਵੰਤ ਮਾਨ ਖ਼ਿਲਾਫ਼ ਮਾਣਹਾਨੀ ਕੇਸ ਕਰਨ ਦਾ ਐਲਾਨ



**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਉਹ ਕਿਰਦਾਰਕੁਸ਼ੀ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰਨਗੇ। ਸ੍ਰੀ ਰੰਧਾਵਾ ਨੇ ਗੈਂਗਸਟਰ ਤੋਂ ਸਿਆਸਤਦਾਨ ਬਣੇ ਮੁਖਤਾਰ ਅੰਸਾਰੀ ਨੂੰ ਜੇਲ੍ਹ ਵਿਚ ਸਹੂਲਤਾਂ ਮੁਹੱਈਆ ਕਰਾਉਣ ਦਾ ਦੋਸ਼ ਲਾਉਣ ਲਈ ਮੁੱਖ ਮੰਤਰੀ ਦੀ ਆਲੋਚਨਾ ਕੀਤੀ।

# ਅਨੁਰਾਗ ਵਰਮਾ ਨੇ ਪੰਜਾਬ ਦੇ ਮੁੱਖ ਸਕੱਤਰ ਦਾ ਅਹੁਦਾ ਸੰਭਾਲਿਆ



**ਚੰਡੀਗੜ੍ਹ, (ਪੰਜਾਬ ਮੇਲ)-** 1993 ਬੈਚ ਦੇ ਆਈ.ਏ.ਐੱਸ. ਅਧਿਕਾਰੀ ਅਨੁਰਾਗ ਵਰਮਾ ਨੇ ਪੰਜਾਬ ਦੇ 42ਵੇਂ ਮੁੱਖ ਸਕੱਤਰ ਦਾ ਕਾਰਜਭਾਰ ਸੰਭਾਲ ਲਿਆ। ਉਨ੍ਹਾਂ ਅਹੁਦਾ ਇਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਸਕੱਤਰ ਵਜੋਂ ਬੀਤੇ ਦਿਨ ਸੇਵਾਮੁਕਤ ਹੋਏ ਵਿਜੈ ਕੁਮਾਰ ਜੰਜੂਆ ਅਤੇ ਸੀਨੀਅਰ ਸਿਵਲ ਅਧਿਕਾਰੀਆਂ ਦੀ ਹਾਜ਼ਰੀ ਵਿਚ ਸੰਭਾਲਿਆ। ਪਟਿਆਲਾ ਵਿਖੇ ਅਧਿਆਪਕ ਪਰਿਵਾਰ ਵਿਚ ਜਨਮੇ ਸ੍ਰੀ ਵਰਮਾ ਕੋਲ ਮੁੱਖ ਸਕੱਤਰ ਦੇ ਮੌਜੂਦਾ ਅਹੁਦੇ ਦੇ ਨਾਲ ਪ੍ਰਮੁੱਖ ਸਕੱਤਰ ਪ੍ਰਸੋਨਲ ਤੇ ਵਿਜੀਲੈਂਸ ਦਾ ਵਾਧੂ ਚਾਰਜ ਵੀ ਰਹੇਗਾ। ਉਨ੍ਹਾਂ ਵੱਲੋਂ ਅਹੁਦਾ ਸੰਭਾਲਣ ਮੌਕੇ ਹਾਜ਼ਰ ਸੀਨੀਅਰ ਅਧਿਕਾਰੀਆਂ ਵਿਚ ਡੀ.ਕੇ. ਤਿਵਾੜੀ, ਕੁਮਾਰ ਰਾਹੁਲ, ਮਾਲਵਿੰਦਰ ਸਿੰਘ ਜੱਗੀ, ਵਿਪੁਲ ਉਜਵਲ, ਰਾਮਵੀਰ, ਸੋਨਾਲੀ ਗਿਰਿ, ਈਸ਼ਾ ਕਾਲੀਆ, ਗੌਰੀ ਪਰਾਸ਼ਰ ਜੋਸ਼ੀ, ਪੁਨੀਤ ਗੋਇਲ, ਭੁਪਿੰਦਰ ਸਿੰਘ, ਨੀਰੂ ਕਤਿਆਲ ਗੁਪਤਾ ਤੇ ਸੁਖਜੀਤ ਪਾਲ ਸਿੰਘ ਸ਼ਾਮਲ ਸਨ। ਅਹੁਦਾ ਸੰਭਾਲਣ ਤੋਂ ਬਾਅਦ ਸ੍ਰੀ ਅਨੁਰਾਗ ਵਰਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਿਹਤ, ਸਿੱਖਿਆ ਤੇ ਸੂਬੇ ਦੇ ਸਰਵਪੱਖੀ ਵਿਕਾਸ ਉਤੇ ਧਿਆਨ ਕੇਂਦਰਿਤ ਕਰਨ ਤੋਂ ਇਲਾਵਾ ਸੂਬਾ ਵਾਸੀਆਂ ਨੂੰ ਸਾਫ-ਸੁਥਰੀਆਂ, ਪ੍ਰਭਾਵਸ਼ਾਲੀ, ਜਵਾਬਦੇਹੀ ਤੇ ਪਾਰਦਰਸ਼ੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣਾ ਪ੍ਰਮੁੱਖ ਤਰਜੀਹ ਹੋਵੇਗੀ ਅਤੇ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ 'ਤੇ ਲਾਗੂ ਕਰਨ 'ਤੇ ਜ਼ੋਰ ਦੇਣਗੇ।

ਸ੍ਰੀ ਵਰਮਾ ਦਾ ਜੱਦੀ ਪਿੰਡ ਪਟਿਆਲਾ ਜ਼ਿਲ੍ਹੇ ਵਿਚ ਚਲੈਲਾ ਹੈ। ਥਾਪਰ ਕਾਲਜ ਪਟਿਆਲਾ ਤੋਂ ਇਲੈਕਟ੍ਰਾਨਿਕਸ ਤੇ ਕਮਿਊਨੀਕੇਸ਼ਨ ਦੀ ਇੰਜੀਨਅਰਿੰਗ ਦੀ ਡਿਗਰੀ ਦੇ ਗੋਲਡ ਮੈਡਲਿਸਟ ਸ੍ਰੀ ਵਰਮਾ ਨੇ 1993 ਵਿਚ ਯੂ.ਪੀ.ਐੱਸ.ਸੀ. ਦੀ ਸਿਵਲ ਸੇਵਾਵਾਂ ਪ੍ਰੀਖਿਆ ਵਿਚ ਦੇਸ਼ ਭਰ ਵਿਚੋਂ ਸੱਤਵਾਂ ਸਥਾਨ ਹਾਸਲ ਕੀਤਾ ਸੀ। ਹੈਡਕੁਆਟਰ ਵਿਖੇ ਵੱਖ-ਵੱਖ ਸੇਵਾਵਾਂ ਨਿਭਾਉਣ ਤੋਂ ਪਹਿਲਾਂ ਫੀਲਡ ਪੋਸਟਿੰਗ ਦੌਰਾਨ ਸ੍ਰੀ ਵਰਮਾ ਨੇ ਬਠਿੰਡਾ, ਲੁਧਿਆਣਾ ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਵਜੋਂ ਬਿਹਤਰ ਤੇ ਕੁਸ਼ਲ ਭਰਪੂਰ ਸੇਵਾਵਾਂ ਨਿਭਾਈਆਂ।

# ਤਖਤ ਸ੍ਰੀ ਦਮਦਮਾ ਸਾਹਿਬ ਦੇ ਜ਼ਥੇਦਾਰ ਵੱਲੋਂ ਪਾਕਿ ਦੇ ਗੁਰਦੁਆਰਾ ਸਾਹਿਬ 'ਚ ਕੀਰਤਨ ਰੋਕਣ 'ਤੇ ਨਿੰਦਾ



**ਬਠਿੰਡਾ, (ਪੰਜਾਬ ਮੇਲ)-** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਦੇ ਸੌ ਸਾਲਾ ਪੁਰਾਣੇ ਗੁਰਦੁਆਰਾ ਸਾਹਿਬ 'ਚ ਚੱਲ ਰਹੇ ਕੀਰਤਨ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਬੰਦ ਕਰਵਾ ਦੇਣ 'ਤੇ ਸਖ਼ਤ ਨਿੰਦਾ ਕੀਤੀ ਹੈ। ਇਹ ਘਟਨਾ ਪਾਕਿਸਤਾਨ ਦੇ ਸਿੰਧ ਸੂਬੇ ਦੇ ਸੱਖਰ 'ਚ ਵਾਪਰੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਗੁਰਦੁਆਰਾ ਸੌ ਸਾਲਾ ਪੁਰਾਣਾ ਗੁਰਦੁਆਰਾ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕਈ ਦਿਨਾਂ ਤੋਂ ਸਪੀਕਰਾਂ ਦੀ ਆਵਾਜ਼ ਤੋਂ ਲੋਕ ਪ੍ਰੇਸ਼ਾਨ ਸੀ ਤੇ ਇਤਰਾਜ਼ ਜਤਾਇਆ ਜਾ ਰਿਹਾ ਸੀ। ਜਿਸ ਨੂੰ ਲੈ ਕੇ ਉਨ੍ਹਾਂ ਨੇ ਗੁਰਦੁਆਰੇ 'ਚ ਆ ਕੇ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਚੱਲ ਰਹੇ ਕੀਰਤਨ ਨੂੰ ਬੰਦ ਕਰਵਾ ਦਿੱਤਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਾਕਿਸਤਾਨ ਕਮੇਟੀ ਦੇ ਸਕੱਤਰ ਸਰਦਾਰ ਵਿਕਾਸ ਸਿੰਘ ਜੋ ਸਿੰਧ ਦੇ ਰਹਿਣ ਵਾਲੇ ਹਨ, ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਬੀਤੇ ਦਿਨਾਂ ਤੋਂ ਹੀ ਸਪੀਕਰਾਂ ਦੀ ਆਵਾਜ਼ਾਂ ਨੂੰ ਲੈ ਕੇ ਲੋਕਾਂ ਦਾ ਆਪਸੀ ਵਿਵਾਦ ਚੱਲ ਰਿਹਾ ਸੀ। ਉਨ੍ਹਾਂ ਦੱਸਿਆ ਜਦੋਂ ਰਾਗੀ ਕੀਰਤਨ ਕਰ ਰਹੇ ਸੀ, ਤਾਂ ਨੇੜਲੇ ਘਰਾਂ ਦੇ ਲੋਕਾਂ ਨੇ ਗੁਰਦੁਆਰਾ ਸਾਹਿਬ ਪਹੁੰਚੇ ਤੇ ਬਿਨਾਂ ਇਜਾਜ਼ਤ ਤੋਂ ਸਪੀਕਰਾਂ ਦੀ ਆਵਾਜ਼ ਘੱਟ ਕਰ ਦਿੱਤੀ। ਜਿਸ ਤੋਂ ਬਾਅਦ ਉੱਥੇ ਵਿਵਾਦ ਸ਼ੁਰੂ ਹੋ ਗਿਆ ਅਤੇ ਲੋਕਾਂ ਨੇ ਗੁਰਦੁਆਰੇ 'ਚ ਚੀਕ-ਚਿਹਾੜਾ ਅਤੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਉਪਰੰਤ ਪੁਲਿਸ ਨੇ ਮੌਕੇ 'ਤੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਉਨ੍ਹਾਂ 'ਤੇ ਬਿਨਾਂ ਕਰਵਾਈ ਕਰਦੇ ਹੋਏ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਸਕੱਤਰ ਸਰਦਾਰ ਵਿਕਾਸ ਸਿੰਘ ਜੀ ਮੁਤਾਬਕ ਭਾਵੇਂ ਮਾਮਲਾ ਸ਼ਾਂਤ ਹੋ ਗਿਆ ਹੈ ਪਰ ਇਹ ਸਾਡੇ ਲਈ ਬਹੁਤ ਵੱਡੀ ਚਿੰਤਾ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ 'ਚ ਭਾਵੇਂ ਹਿੰਦੂ, ਸਿੱਖ ਜਾਂ ਕੋਈ ਵੀ ਹੈ ਕੀ ਉਹ ਆਪਣੇ ਧਾਰਮਿਕ ਸਮਾਗਮ ਅਤੇ ਧਾਰਮਿਤ ਮਰਿਆਦਾ ਨੂੰ ਨਿਭਾਅ ਨਹੀਂ ਸਕਦੇ? ਉਨ੍ਹਾਂ ਕਿਹਾ ਕਿ ਲਾਹੌਰ ਦੀਆਂ ਮਸਜਿਦਾਂ ਦੇ ਸਪੀਕਰਾਂ 'ਚ ਉੱਚੀ ਆਵਾਜ਼ ਸੁਣਾਈ ਦਿੰਦੀ ਪਰ ਉਨ੍ਹਾਂ 'ਤੇ ਕੋਈ ਇਤਰਾਜ਼ ਨਹੀਂ ਹੈ, ਫ਼ਿਰ ਸਿੱਖਾਂ ਦੇ ਕੀਰਤਨ ਕਰਨ 'ਤੇ ਇਤਰਾਜ਼ ਜਿਤਾਉਣਾ ਬਹੁਤ ਮੰਦਭਾਗੀ ਗੱਲ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com




# ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਪਾਕਿ ਗੁਰਦੁਆਰਾ ਸਾਹਿਬ ਅੰਦਰ ਹੁੱਲੜਬਾਜ਼ਾਂ ਦੀ ਹਰਕਤ ਦਾ ਨੋਟਿਸ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ’ਚ ਸੂਬਾ ਸਿੰਧ ਦੇ ਸ਼ਹਿਰ ਸੱਖਰ ’ਚ ਸ਼ਰਾਰਤੀ ਅਨਸਰਾਂ ਵੱਲੋਂ ਗੁਰਦੁਆਰਾ ਸਿੰਘ ਸਭਾ ਅੰਦਰ ਰਾਗੀ ਸਿੰਘਾਂ ਨਾਲ ਦੁਰਵਿਹਾਰ ਕਰਨ ਅਤੇ ਜਬਰੀ ਕੀਰਤਨ ਬੰਦ ਕਰਵਾਉਣ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਬੇਹੱਦ ਮੰਦਭਾਗੀ ਘਟਨਾ ਹੈ, ਜਿਸ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਐਡਵੋਕੇਟ ਧਾਮੀ ਨੇ ਪੁਲਿਸ ਵੱਲੋਂ ਦੋਸ਼ੀ ਵਿਅਕਤੀਆਂ ਨੂੰ ਛੱਡ ਦੇਣ ’ਤੇ ਵੀ ਇਤਰਾਜ਼ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਅਜਿਹੀ ਧੱਕੇਸ਼ਾਹੀ ਬਰਦਾਸ਼ਤਯੋਗ ਨਹੀਂ ਹੈ। ਪਾਕਿਸਤਾਨ ਸਰਕਾਰ ਉਥੇ ਵਸਦੇ ਘੱਟ ਗਿਣਤੀ ਸਿੱਖਾਂ ਅਤੇ ਗੁਰੂ ਘਰਾਂ ਦੀ ਸੁਰੱਖਿਆ ਯਕੀਨੀ ਬਣਾਵੇ।

**■ ਵਿਦੇਸ਼ਾਂ ’ਚ ਸਿੱਖ ਵਿਰੋਧੀ ਘਟਨਾਵਾਂ ਨੂੰ ਲੈ ਕੇ ਵਿਦੇਸ਼ ਮੰਤਰੀ ਤੱਕ ਜਲਦ ਕਰਾਂਗੇ ਪਹੁੰਚ : ਐਡਵੋਕੇਟ ਧਾਮੀ**

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਾਕਿਸਤਾਨ ’ਚ ਕੁਝ ਦਿਨ ਪਹਿਲਾਂ ਇਕ ਸਿੱਖ ਦੁਕਾਨਦਾਰ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਹੁਣ ਗੁਰਦੁਆਰਾ ਸਾਹਿਬ ਅੰਦਰ ਸ਼ਰਾਰਤੀ ਲੋਕਾਂ ਵੱਲੋਂ ਮਰਿਯਾਦਾ ਭੰਗ ਕੀਤੀ ਗਈ ਹੈ। ਇਹ ਘਟਨਾਵਾਂ ਚਿੰਤਾਜਨਕ ਹਨ। ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਇਸ ਨੂੰ ਸੰਜੀਦਗੀ ਨਾਲ ਲਵੇ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਮੰਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪਾਕਿਸਤਾਨ ਅਤੇ ਹੋਰ ਦੇਸ਼ਾਂ ਅੰਦਰ ਸਿੱਖਾਂ ਵਿਰੁੱਧ ਵਾਪਰਦੀਆਂ ਘਟਨਾਵਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਤੱਕ ਵੀ ਜਲਦ ਪਹੁੰਚ ਕੀਤੀ ਜਾਵੇਗੀ।

# ਪੰਜਾਬੀ ਨੌਜਵਾਨ ਦੀ ਅਮਰੀਕਾ ’ਚ ਗੋਲੀਆਂ ਮਾਰ ਕੇ ਹੱਤਿਆ



**ਮੁਕੇਰੀਆਂ, (ਪੰਜਾਬ ਮੇਲ)-** ਕੈਲੀਫੋਰਨੀਆ ਦੀ ਵਿਕਟਰ ਵੈਲੀ ਦੇ ਸਟੋਰ ਵਿਚ ਕੰਮ ਕਰਦੇ ਪਿੰਡ ਆਲੋ ਭੱਟੀ ਦੇ ਇੱਕ ਨੌਜਵਾਨ ਦੀ ਇਕ ਮੈਕਸੀਕਨ ਨੌਜਵਾਨ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਦੋਵਾਂ ਦਰਮਿਆਨ ਹੋਈ ਮਾਮੂਲੀ ਤਕਰਾਰ ਤੋਂ ਬਾਅਦ ਵਾਪਰੀ ਦੱਸੀ ਜਾ ਰਹੀ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਪ੍ਰਵੀਨ ਕੁਮਾਰ (27 ਸਾਲ) ਵਜੋਂ ਹੋਈ ਹੈ। ਉਸ ਦੇ ਚਾਚਾ ਸੂਰਤ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਅਜੀਤ ਸਿੰਘ ਦੀ 2004 ਵਿਚ ਮੌਤ ਹੋ ਚੁੱਕੀ ਹੈ ਅਤੇ ਭਤੀਜੇ ਪ੍ਰਵੀਨ ਦਾ ਪਾਲਣ ਪੋਸ਼ਣ ਉਨ੍ਹਾਂ ਹੀ ਕੀਤਾ ਸੀ। ਪ੍ਰਵੀਨ ਕੁਮਾਰ 2017 ਵਿਚ ਰੁਜ਼ਗਾਰ ਖਾਤਰ ਅਮਰੀਕਾ ਗਿਆ ਸੀ, ਜੋ ਆਪਣੀ ਰਿਹਾਇਸ਼ ਦੇ ਨੇੜੇ ਹੀ ਇੱਕ ਸਟੋਰ ਵਿਚ ਕੰਮ ਕਰਦਾ ਸੀ। ਉਨ੍ਹਾਂ ਦੱਸਿਆ ਕਿ ਅਮਰੀਕੀ ਸਮੇਂ ਅਨੁਸਾਰ ਰਾਤ ਕਰੀਬ 8 ਵਜੇ ਜਦੋਂ ਉਹ ਸਟੋਰ ਬੰਦ ਕਰ ਰਿਹਾ ਸੀ, ਤਾਂ ਮੈਕਸੀਕਨ ਨੌਜਵਾਨ ਆਇਆ ਅਤੇ ਨਸ਼ੀਲਾ ਪਦਾਰਥ ਤੇ ਪੈਸਿਆਂ ਦੀ ਮੰਗ ਕਰਨ ਲੱਗਾ, ਜਦਕਿ ਨਿਯਮਾਂ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਕਿਸੇ ਨੌਜਵਾਨ ਨੂੰ ਨਸ਼ੀਲਾ ਪਦਾਰਥ ਆਦਿ ਦੇਣ ਦੀ ਮਨਾਹੀ ਹੈ। ਉਮਰ ਦਾ ਸਬੂਤ ਨਾ ਦੇਣ ’ਤੇ ਉਸ ਨੇ ਇਨਕਾਰ ਕਰ ਦਿੱਤਾ। ਇਸ ਦੌਰਾਨ ਦੋਵਾਂ ਦਰਮਿਆਨ ਹਲਕੀ ਤਕਰਾਰ ਹੋਈ ਤੇ ਜਦੋਂ ਪ੍ਰਵੀਨ ਕੁਮਾਰ ਸਟੋਰ ਬੰਦ ਕਰਕੇ ਜਾਣ ਲੱਗਾ, ਤਾਂ ਉਕਤ ਨੌਜਵਾਨ ਨੇ ਗੋਲੀਆਂ ਮਾਰ ਦਿੱਤੀਆਂ। ਪ੍ਰਵੀਨ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਰਿਵਾਰ ਨੇ ਕੇਂਦਰ ਤੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਪ੍ਰਵੀਨ ਕੁਮਾਰ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਮਦਦ ਕੀਤੀ ਜਾਵੇ।

# ਲੋਕ ਸਭਾ ਚੋਣਾਂ 2024: ਭਾਜਪਾ ਪਹਿਲੀ ਵਾਰ ਪੰਜਾਬ ’ਚ 13 ’ਚੋਂ 9 ਸੀਟਾਂ ’ਤੇ ਲੜ ਸਕਦੀ ਹੈ ਚੋਣ!



**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਲਈ ਸਿਆਸੀ ਪਾਰਟੀਆਂ ਕੋਲ ਲਗਭਗ 8 ਮਹੀਨਿਆਂ ਦਾ ਸਮਾਂ ਬਚਿਆ ਹੈ। ਬਾਕੀ 2 ਮਹੀਨੇ ਚੋਣ ਪ੍ਰਕਿਰਿਆ ਵਿਚ ਬੀਤ ਜਾਣਗੇ। ਕੌਮੀ ਅਤੇ ਸੂਬਾ ਪੱਧਰੀ ਸਿਆਸੀ ਪਾਰਟੀਆਂ ਵਿਚ ਲੋਕ ਸਭਾ ਚੋਣਾਂ ਨੂੰ ਜਿੱਤਣ ਲਈ ਰਣਨੀਤੀ ਬਣਨ ਲੱਗੀ ਹੈ। ਭਾਰਤੀ ਜਨਤਾ ਪਾਰਟੀ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ 300 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜਿੱਥੋਂ ਤੱਕ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਦੀ ਗੱਲ ਹੈ, ਤਾਂ ਭਾਜਪਾ 9 ਸੀਟਾਂ ’ਤੇ ਪਹਿਲੀ ਵਾਰ ਲੋਕ ਸਭਾ ਚੋਣ ਲੜਨ ਜਾ ਰਹੀ ਹੈ। ਵਰਣਨਯੋਗ ਹੈ ਕਿ ਲਗਭਗ ਢਾਈ ਦਹਾਕਿਆਂ ਤੱਕ ਸ਼੍ਰੋਮਣੀ ਅਕਾਲੀ ਦਲ ਦੀ ਸਾਥੀ ਰਹੀ ਭਾਰਤੀ ਜਨਤਾ ਪਾਰਟੀ ਸਿਰਫ ਗੁਰਦਾਸਪੁਰ, ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੀਆਂ ਲੋਕ ਸਭਾ ਸੀਟਾਂ ’ਤੇ ਹੀ ਚੋਣ ਲੜਦੀ ਰਹੀ ਹੈ, ਜਦੋਂਕਿ ਬਾਕੀ 10 ਸੀਟਾਂ ਸ਼੍ਰੋਮਣੀ ਅਕਾਲੀ ਦਲ (ਬ) ਲਈ ਛੱਡ ਦਿੱਤੀਆਂ ਜਾਂਦੀਆਂ ਸਨ। 2019 ’ਚ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਸਿਰਫ਼ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਹੀ ਚੋਣ ਜਿੱਤ ਸਕੀ ਸੀ ਅਤੇ ਗੁਰਦਾਸਪੁਰ ਸੀਟ ਤੋਂ ਸੰਨੀ ਦਿਓਲ ਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਚੋਣ ਜਿੱਤੇ ਸਨ, ਜਦੋਂਕਿ ਅੰਮ੍ਰਿਤਸਰ ਦੀ ਸੀਟ ਭਾਜਪਾ ਦੇ ਹੱਥੋਂ ਨਿਕਲ ਗਈ ਸੀ।

# ਮੋਗਾ ਅਦਾਲਤ ਵੱਲੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ 17 ਜੁਲਾਈ ਤੱਕ ਪੁਲਿਸ ਰਿਮਾਂਡ



**ਮੋਗਾ, (ਪੰਜਾਬ ਮੇਲ)-** ਮੋਗਾ ’ਚ 307 ਦੇ ਇਕ ਕੇਸ ਵਿਚ ਲਾਰੈਂਸ ਬਿਸ਼ਨੋਈ ਨੂੰ ਪੁਲਿਸ ਨੇ ਭਾਰੀ ਸੁਰੱਖਿਆ ਹੇਠ ਬਠਿੰਡਾ ਜੇਲ੍ਹ ਤੋਂ ਲਿਆਂਦਾ ਅਤੇ ਚਾਰਜ ਫਰੇਮ ਕਰਨ ਲਈ ਮੋਗਾ ਦੀ ਮਾਨਯੋਗ ਅਦਾਲਤ ’ਚ ਪੇਸ਼ ਕੀਤਾ। ਮਾਣਯੋਗ ਅਦਾਲਤ ਨੇ ਚਾਰਜ ਫਰੇਮ ਕਰਨ ਉਪਰੰਤ 17/7/23 ਤੱਕ ਜੁਡੀਸ਼ੀਅਲ ਰਿਮਾਂਡ ’ਤੇ ਬਠਿੰਡਾ ਜੇਲ੍ਹ ਭੇਜ ਦਿੱਤਾ। ਮਾਮਲਾ ਦਸੰਬਰ 2021 ਨੂੰ ਮੋਗਾ ਦੇ ਡਿਪਟੀ ਮੇਅਰ ਦੇ ਭਰਾ ਜਤਿੰਦਰ ਧਮੀਜਾ (ਨੀਲਾ) ਨੂੰ ਗੋਲੀ ਮਾਰਨ ਲਈ ਜੋਧਾ ਅਤੇ ਮੋਨੂੰ ਡਾਗਰ ਨੂੰ ਮੋਗਾ ਵਿਖੇ ਭੇਜਿਆ ਸੀ ਅਤੇ ਗਲਤੀ ਨਾਲ ਜਿਤੇਂਦਰ ਧਮੀਜਾ (ਨੀਲਾ) ਨੂੰ ਨਾ ਮਾਰ ਕੇ ਉਸਦੇ ਭਰਾ ਸੁਨੀਲ ਧਮੀਜਾ ਅਤੇ ਉਸਦੇ ਬੇਟੇ ਪ੍ਰਥਮ ਉਪਰ ਹਮਲਾ ਕੀਤੀ ਸੀ ਅਤੇ ਪਿਸਟਲ ਲੋਕ ਹੋਣ ਕਰਕੇ ਮੋਨੂੰ ਗੋਲੀ ਨਹੀਂ ਚਲਾ ਸਕਿਆ। ਸੁਨੀਲ ਨਾਲ ਹੱਥੋ-ਪਾਈ ਹੋਣ ਲੱਗ ਗਈ, ਤਾਂ ਜੋਧਾ ਨੇ ਪ੍ਰਥਮ ਦੇ ਪੈਰ ’ਤੇ ਗੋਲੀ ਮਾਰ ਦਿੱਤੀ ਸੀ। ਇਸ ਦੌਰਾਨ ਸੁਨੀਲ ਨੇ ਜ਼ਖਮੀ ਹੋਣ ਦੇ ਬਾਵਜੂਦ ਵੀ ਮੋਨੂੰ ਡਾਗਰ ਨੂੰ ਫੜ ਕੇ ਰੱਖਿਆ ਅਤੇ ਬਾਅਦ ਵਿਚ ਪੁਲਿਸ ਦੇ ਹਵਾਲੇ ਕਰ ਦਿੱਤਾ, ਜਦਕਿ ਜੋਧਾ ਭੱਜਣ ’ਚ ਕਾਮਯਾਬ ਹੋ ਗਿਆ ਸੀ।

# ਵਿੱਕੀ ਮਿੱਡੂਖੇੜਾ ਕਤਲ ਮਾਮਲਾ: ਪੰਜਾਬ ਪੁਲਿਸ ਵੱਲੋਂ ਸ਼ਗਨਪ੍ਰੀਤ ਖ਼ਿਲਾਫ਼ ਸਖ਼ਤ ਕਾਰਵਾਈ ਦੀ ਤਿਆਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਵਲੋਂ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਥਿਤ ‘ਮੈਨੇਜਰ’ ਸ਼ਗਨਪ੍ਰੀਤ ’ਤੇ ਸ਼ਿਕੰਜਾ ਕੱਸਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਗਨਪ੍ਰੀਤ ਫਿਲਹਾਲ ਇਸ ਸਮੇਂ ਆਸਟ੍ਰੇਲੀਆ ਵਿਚ ਰਹਿ ਰਿਹਾ ਹੈ। ਜਿਸ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਹੋ ਸਕਦਾ ਹੈ। ਯਾਦ ਰਹੇ ਕਿ 7 ਮਈ 2021 ਨੂੰ ਯੂਥ ਅਕਾਲੀ ਦਲ ਦੇ ਸਿਰਕੱਢ ਆਗੂ ਵਿੱਕੀ ਮਿੱਡੂਖੇੜਾ ਦਾ ਮੋਹਾਲੀ ਦੇ ਸੈਕਟਰ 70 ਵਿਚ ਕਤਲ ਹੋਇਆ ਸੀ, ਜਿਸ ’ਚ ਸ਼ਗਨਪ੍ਰੀਤ ਦਾ ਨਾਂ ਸਾਹਮਣੇ ਆਇਆ ਸੀ। ਹੁਣ ਤੱਕ ਦੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸ਼ਗਨਪ੍ਰੀਤ ਨੇ ਕਾਤਲਾਂ ਦੇ ਠਹਿਰਣ ਤੋਂ ਲੈ ਕੇ ਹੋਰ ਚੀਜ਼ਾਂ ਦਾ ਪ੍ਰਬੰਧ ਕੀਤਾ ਸੀ। ਤਫਤੀਸ਼ ’ਚ ਇਹ ਵੀ ਸਾਹਮਣੇ ਆਇਆ ਹੈ ਕਿ ਮੂਸੇਵਾਲਾ ਦਾ ਕਤਲ ਇਸ ਲਈ ਹੋਇਆ ਕਿ ਸ਼ਗਨਪ੍ਰੀਤ ਉਸ ਦਾ ਕਰੀਬੀ ਸੀ। ਉਸ ਵੇਲੇ ਤੋਂ ਇਹ ਨਾਮ ਚਰਚਾ ਵਿਚ ਹੈ। ਹੁਣ ਸ਼ਗਨਪ੍ਰੀਤ ’ਤੇ ਐਕਸ਼ਨ ਦੀ ਤਿਆਰੀ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਫਿਲਹਾਲ ਇਥੇ ਇਹ ਵੀ ਦੇਖਣਾ ਹੋਵੇਗਾ ਕਿ ਪੁਲਿਸ ਦਾ ਅਗਲਾ ਕਦਮ ਕੀ ਹੁੰਦਾ ਹੈ ਅਤੇ ਸ਼ਗਨਪ੍ਰੀਤ ਖ਼ਿਲਾਫ਼ ਕੀ ਕਾਰਵਾਈ ਅਮਲ ਵਿਚ ਲਿਆਂਦੀ ਜਾਂਦੀ ਹੈ।


Global Allianz

ਕਾਨੂੰਨੀ ਸਲਾਹਾਂ

LAW FIRM LLP

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

ਪੰਜਾਬ ਮੇਲ USA

# ਫਰਿਜ਼ਨੋ ਦੇ 14 ਗੁਰੂ ਘਰਾਂ ਵਲੋਂ ਸਿੱਖ ਏਕਤਾ ਲਈ ਇਤਿਹਾਸਕ ਪਹਿਲ

**ਫਰਿਜ਼ਨੋ, (ਪੰਜਾਬ ਮੇਲ)**- ਸੈਂਟਰਲ ਕੈਲੀਫੋਰਨੀਆ ਇਲਾਕਾ ਫਰਿਜ਼ਨੋ ਦੀਆਂ ਸਾਧਾਰਨ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ ਇਕ ਪੰਥ ਇਕ ਸੋਚ ਲਈ ਪਿਛਲੇ 8 ਵਰ੍ਹੇ ਤੋਂ ਕੀਤੇ ਜਾ ਰਹੇ ਯਤਨਾਂ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਏਕੇ ਨੂੰ ਸਮਰਪਿਤ ਪ੍ਰੋਗਰਾਮ ਆਤਮਰਸ ਕੀਰਤਨ ਦਰਬਾਰ 24 ਜੂਨ ਦਿਨ ਸ਼ਨੀਵਾਰ ਸ਼ਾਮ 5 ਤੋਂ 9 ਵਜੇ ਵਿਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿਚ ਵੰਡੇ ਕਹੇ ਜਾਣ ਵਾਲੇ ਗੁਰੂ ਘਰਾਂ ਦੇ ਰਾਗੀ ਢਾਡੀ ਵੀਰਾਂ ਨੇ ਇਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ ’ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ।



ਸਾਧਾਰਨ ਸੰਗਤਾਂ ਵਲੋਂ ਚੁੱਕੇ ਇਸ ਬੀੜੇ ਦਾ ਜਿੱਥੇ ਇਲਾਕੇ ਦੇ ਸਾਰੇ ਹੀ 14 ਗੁਰੂ ਘਰਾਂ ਜਿਸ ਵਿਚ ਫਰਿਜ਼ਨੋ, ਕਲੋਵਿਸ ਦੇ ਸਾਰੇ ਗੁਰੂ ਘਰ ਜਿਸ ਵਿਚ ਗੁਰਦਵਾਰਾ ਸਾਹਿਬ SINGH SABHA, GURU NANAK PARKASH, ਨਾਨਕਸਰ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਸਭਾ, ਗੁਰਦੁਆਰਾ ਕਲੋਵਿਸ, ਸੈਲਮਾ ਕਲਗੀਧਰ, ਸੈਲਮਾ 2211 ਸ. ਹਾਈਲੈਂਡ, ਸੈਲਮਾ ਗੁਰੂ ਰਵਿਦਾਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਕਰਦਰਜ, ਮੰਡੇਰਾ, ਕਰਮਨ, ਸਨਵਾਕੀਨ, ਪੋਰਟਰਵਿਲੈ ਨੇ ਜੱਥੇ ਭੇਜ ਕੇ ਜਿੱਥੇ ਆਪ ਏਕੇ ਦਾ ਸਬੂਤ ਦਿੱਤਾ, ਉੱਥੇ ਇਲਾਕੇ ਦੇ ਪੰਜਾਬੀ ਮੀਡਿਆ ਅਤੇ ਐੱਨ.ਜੀ.ਓਜ਼ ਜਿਸ ਵਿਚ ਸਿੱਖ ਕੌਂਸਲ, ਸਿੱਖ ਵੂਮੈਨ ਆਰਗੇਨਾਈਜੇਸ਼ਨ ਆਫ ਸੈਂਟਰਲ ਕੈਲੀਫੋਰਨੀਆ, ਜੈਕਾਰਾ ਮੂਵਮੈਂਟ, ਇੰਡੋ ਅਮਰੀਕਨ ਹੈਰੀਟੇਜ ਫੌਰਮ, ਜੀ.ਐੱਚ.ਜੀ. ਅਕੈਡਮੀ, ਪੀ.ਏ.ਜੀ.ਜੀ., ਮੀਰੀ-ਪੀਰੀ ਸੇਵਾ ਸੁਸਾਇਟੀ, ਪੰਜਾਬੀ ਰੇਡੀਓ Team KBIF 900 AM, ਇਲਾਕੇ ਦੇ ਮੀਡੀਆ ਪਰਸਨਜ਼, ਪੰਜਾਬੀ ਰਾਇਡਰਜ਼, ਮਾਤਾ ਗੁਜਰੀ ਅਤੇ ਸੁਖਮਨੀ ਸਾਹਿਬ ਗਰੁੱਪ ਵਲੋਂ ਇਸ ਦੀ ਸ਼ਲਾਘਾ ਕਰਦੇ ਹੋਏ ਭਰਵਾਂ ਹੁੰਗਾਰਾ ਮਿਲਿਆ ਅਤੇ ਕਿਹਾ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇਕ ਹੋਣ ਦੀ ਸਖਤ ਲੋੜ ਹੈ।

ਸਿੱਖ ਏਕੇ ਦੇ ਮਾਮਲੇ ’ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ ’ਚ ਪਹਿਲੀ ਵਾਰ ਸਭ ਵੱਖ-ਵੱਖ ਵਿਚਾਰਧਾਰਾ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵਲੋਂ ਇਕੋ ਜਗ੍ਹਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ ’ਚ ਇੱਕ ਇਤਿਹਾਸਿਕ ਘਟਨਾ ਹੈ। ਜੇ ਸਾਡੇ ਆਗੂ ਵੀ ਇਸ ਪਾਸੇ ਧਿਆਨ ਦੇਣ ਤਾਂ ਆਣ ਵਾਲੇ ਸਮੇਂ ’ਚ ਇੱਕ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ। ਇਲਾਕੇ ਦੀਆਂ ਸੰਗਤਾਂ ਦੀ ਬੇਨਤੀ ਮਨਜ਼ੂਰ ਕਰਦੇ ਹੋਏ ਹੁਣ ਸਿੱਖ ਏਕਤਾ ਦੀ ਇਹ ਜ਼ਿੰਮੇਵਾਰੀ ਪੰਥ ਦੇ ਵੱਡੇ ਪ੍ਰਚਾਰਕਾਂ, ਆਗੂਆਂ ਅਤੇ ਵਿਸ਼ੇਸ ਕਰਕੇ ਪੰਥ ਦੇ ਜਥੇਦਾਰਾਂ ਨੂੰ ਬਿਨਾਂ ਦੇਰ ਲਗਾਏ ਚੁੱਕਣੀ ਚਾਹੀਦੀ ਹੈ।

# ਦਿੱਲੀ ਦੰਗਿਆਂ ’ਚ ਮਾਰੇ ਗਏ ਮਹਿੰਦਰ ਸਿੰਘ ਫੰਨੇ ਦੀ ਨੂੰਹ ਇਨਸਾਫ ਮੰਗਦੀ ਚਲ ਵੱਸੀ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਦਿੱਲੀ ਦੰਗਿਆਂ ’ਚ ਪਰਿਵਾਰ ਦੇ ਸਾਹਮਣੇ ਗਲ਼ ’ਚ ਟਾਇਰ ਪਾ ਕੇ ਮਾਰੇ ਗਏ ਸ਼ਹੀਦ ਮਹਿੰਦਰ ਸਿੰਘ ਫੰਨੇ ਦੀ ਨੂੰਹ ਬੀਬੀ ਸੁਰਿੰਦਰ ਕੌਰ (65) ਦੀ ਅਚਨਚੇਤ ਮੌਤ ਦੀ ਖਬਰ ਸੁਣ ਪੰਜਾਬੀ ਭਾਈਚਾਰੇ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ, ਜੋ ਇਨਸਾਫ ਮੰਗਦੀ ਰੱਬ ਨੂੰ ਪਿਆਰੀ ਹੋ ਗਈ। ਪਿਛਲੇ ਦੋ ਸਾਲ ਪਹਿਲਾਂ ਉਨ੍ਹਾਂ ਦੀ ਧਰਮ ਪਤਨੀ ਮਾਤਾ ਪ੍ਰੀਤਮ ਕੌਰ ਦੀ ਮੌਤ ਹੋ ਗਈ ਸੀ। ਬੀਬੀ ਸੁਰਿੰਦਰ ਕੌਰ ਆਪਣੇ ਪਿੱਛੇ ਪਤੀ ਬਾਬਾ ਅਮਰਜੀਤ ਸਿੰਘ ਅੰਬੂ ਤੇ 2 ਲੜਕੇ ਜੀਤੂ ਤੇ ਸਤਨਾਮ ਸਿੰਘ ਅਤੇ ਦੋ ਲੜਕੀਆਂ ਲੱਖੋ ਤੇ ਨੀਤੂ ਛੱਡ ਗਏ ਹਨ।



**ਬੀਬੀ ਸੁਰਿੰਦਰ ਕੌਰ ਦੀ ਯਾਦਗਾਰੀ ਫੋਟੋ।**

ਪਦਮ ਸ਼੍ਰੀ ਕਰਤਾਰ ਸਿੰਘ, ਅਰਜਨਾ ਅਵਾਰਡੀ ਜਗਮਿੰਦਰ ਸਿੰਘ, ਸਤਪਾਲ ਸਿੰਘ ਪਹਿਲਵਾਨ ਅਤੇ ਰੰਗੂ ਮੰਗੂ ਭਰਾਵਾਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ ਅਤੇ ਦੱਸਿਆ ਕਿ ਬੀਬੀ ਸੁਰਿੰਦਰ ਕੌਰ ਬਹੁਤ ਹੀ ਮਿਹਨਤੀ, ਨੇਕ ਤੇ ਮਿਲਣਸਾਰ ਸਨ।

ਬੀਬੀ ਸੁਰਿੰਦਰ ਕੌਰ ਆਪਣੇ ਸੁਹਰੇ ਸ਼ਹੀਦ ਮਹਿੰਦਰ ਸਿੰਘ ਫੰਨੇ ਦੀ ਮੌਤ ਦਾ ਇਨਸਾਫ ਮੰਗਦੀ ਸਦਾ ਲਈ ਵਿਛੜ ਗਈ।

# ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ‘ਗਰੇਟ ਇਮੀਗ੍ਰਾਂਟਸ’ ਦੀ ਸੂਚੀ ’ਚ ਸ਼ਾਮਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕਾਰਨੇਜੀ ਕਾਰਪੋਰੇਸ਼ਨ ਨਿਊਯਾਰਕ ਵੱਲੋਂ ਵਿਸ਼ਵ ਬੈਂਕ ਦੇ ਪ੍ਰਧਾਨ ਅਜੇ ਬੰਗਾ ਨੂੰ ਆਪਣੀ ‘ਗਰੇਟ ਇਮੀਗ੍ਰਾਂਟਸ-2023’ ਸੂਚੀ ’ਚ ਸ਼ਾਮਲ ਕੀਤਾ ਗਿਆ ਹੈ। ਕਾਰਨੇਜੀ ਕਾਰਪੋਰੇਸ਼ਨ ਦੁਆਰਾ ਇਸ ਸੂਚੀ ਵਿਚ ਪ੍ਰਵਾਸੀਆਂ ਦੀ ਚੋਣ ਉਨ੍ਹਾਂ ਦੁਆਰਾ ਅਮਰੀਕਾ ਦੇ ਵਿਕਾਸ ਵਿਚ ਪਾਏ ਯੋਗਦਾਨ ਦੇ ਆਧਾਰ ’ਤੇ ਕੀਤੀ ਜਾਂਦੀ ਹੈ। ਬੰਗਾ, ਜੋ ਇਸ ਸਾਲ ਵਿਸ਼ਵ ਬੈਂਕ ਦੇ 14ਵੇਂ ਪ੍ਰਧਾਨ ਬਣੇ ਸਨ, ਨੂੰ ਵੱਖ-ਵੱਖ ਪਿਛੋਕੜ ਤੇ ਖੇਤਰਾਂ ਨਾਲ ਸਬੰਧਤ ਉਨ੍ਹਾਂ 35 ਸਖਸ਼ੀਅਤਾਂ ਵਿਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਦੇ ਕੰਮਾਂ ਤੇ ਯੋਗਦਾਨ ਨੇ ਅਮਰੀਕੀ ਸਮਾਜ ਤੇ ਲੋਕਤੰਤਰ ਨੂੰ ਅਮੀਰ ਤੇ ਮਜ਼ਬੂਤ ਕੀਤਾ ਹੈ। ਮਾਣਮਤੀ ਕਾਰਨੇਜੀ ਸੂਚੀ ’ਚ ਸ਼ਾਮਲ ਹੋਣ ਵਾਲੇ ਬੰਗਾ ਪਹਿਲੇ ਭਾਰਤੀ-ਅਮਰੀਕੀ ਹਨ, ਜਿਸ ਸੂਚੀ ਵਿਚ 2006 ਤੋਂ ਲੈ ਕੇ ਹੁਣ ਤੱਕ 700 ‘ਗਰੇਟ ਇਮੀਗ੍ਰਾਂਟਸ’ ਨੂੰ ਸ਼ਾਮਲ ਕੀਤਾ ਜਾ ਚੁੱਕਾ ਹੈ।



**ਅਜੇ ਬੰਗਾ**

# ਅਮਰੀਕਾ ’ਚ ਪ੍ਰਾਇਮਰੀ ਪੱਧਰ ’ਤੇ ਜਲਦ ਪੜ੍ਹਾਈ ਜਾਵੇਗੀ ‘ਹਿੰਦੀ’

**■ 4 ਰਾਜਾਂ ਵਿਚ ਹਿੰਦੀ ਪੜ੍ਹਾਉਣ ਵਾਲੇ ਸਕੂਲ; ਦੂਜੀ ਭਾਸ਼ਾ ਵਜੋਂ ਚੁਣਨ ਦਾ ਵਿਕਲਪ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਸਕੂਲਾਂ ਵਿਚ ਪ੍ਰਾਇਮਰੀ ਪੱਧਰ ’ਤੇ ਹਿੰਦੀ ਭਾਸ਼ਾ ਦੀ ਪੜ੍ਹਾਈ ਲਈ ਰਾਹ ਖੁੱਲ੍ਹ ਗਿਆ ਹੈ। ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਸੰਗਠਨ ਏਸ਼ੀਆ ਸੋਸਾਇਟੀ (ਏ.ਐੱਸ.) ਅਤੇ ਇੰਡੀਅਨ ਅਮਰੀਕਨ ਇਮਪੈਕਟ (ਆਈ.ਏ.ਆਈ.) ਨਾਲ ਜੁੜੇ 100 ਤੋਂ ਜ਼ਿਆਦਾ ਜਨ ਪ੍ਰਤੀਨਿਧੀਆਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਇਸ ਸੰਬੰਧ ’ਚ ਪ੍ਰਸਤਾਵ ਸੌਂਪਿਆ ਹੈ। ਇਸ ਵਿਚ 816 ਕਰੋੜ ਰੁਪਏ ਦੇ ਫੰਡ ਨਾਲ 1 ਹਜ਼ਾਰ ਸਕੂਲਾਂ ਵਿਚ ਹਿੰਦੀ ਦੀ ਪੜ੍ਹਾਈ ਸ਼ੁਰੂ ਹੋਵੇਗੀ। ਸੰਭਾਵਨਾ ਹੈ ਕਿ ਭਾਰਤ ਪ੍ਰਤੀ ਬਾਇਡਨ ਦੇ ਸਕਾਰਾਤਮਕ ਰਵੱਈਏ ਅਤੇ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਮੱਦੇਨਜ਼ਰ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਹਿੰਦੀ ਭਾਸ਼ਾ ਦੀ ਪੜ੍ਹਾਈ ਅਗਲੇ ਸਾਲ ਸਤੰਬਰ ਤੋਂ ਸ਼ੁਰੂ ਹੋ ਸਕਦੀ ਹੈ। ਏ.ਐੱਸ. ਅਤੇ ਆਈ.ਏ.ਆਈ. ਨੇ ਹਿੰਦੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਕਰਨ ’ਤੇ ਅਧਿਆਪਕਾਂ ਦੀ ਵਿਵਸਥਾ ਅਤੇ ਕੋਰਸ ਸ਼ੁਰੂ ਕਰਨ ’ਚ ਮਦਦ ਦਾ ਭਰੋਸਾ ਦਿੱਤਾ ਹੈ। ਪ੍ਰਾਇਮਰੀ ਜਮਾਤਾਂ ਤੋਂ ਸ਼ੁਰੂ ਹੋਣ ਵਾਲੀ ਹਿੰਦੀ ਦੀ ਪੜ੍ਹਾਈ ਵਿਚ ਅੰਗਰੇਜ਼ੀ ਤੋਂ ਬਾਅਦ ਹਿੰਦੀ ਨੂੰ ਦੂਜੀ ਭਾਸ਼ਾ ਵਜੋਂ ਚੁਣਨ ਦਾ ਵਿਕਲਪ ਹੋਵੇਗਾ। ਅਮਰੀਕਾ ਵਿਚ ਰਹਿਣ ਵਾਲੇ ਭਾਰਤੀ ਮੂਲ ਦੇ ਲਗਭਗ 45 ਲੱਖ ਲੋਕਾਂ ਵਿਚੋਂ 9 ਲੱਖ ਤੋਂ ਵੱਧ ਲੋਕਾਂ ਦੁਆਰਾ ਹਿੰਦੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਰਤੀ ਭਾਸ਼ਾ ਹੈ। ਇਸ ਸਮੇਂ ਅਮਰੀਕਾ ਵਿਚ ਹਾਈ ਸਕੂਲ ਪੱਧਰ ’ਤੇ ਹਿੰਦੀ ਦੇ ਕੋਰਸ ਚਲਾਏ ਜਾ ਰਹੇ ਹਨ। ਇਸ ਵਿਚ ਹਿੰਦੀ ਦਾ ਸਿਰਫ਼ ਮੁੱਢਲਾ ਅਧਿਐਨ ਹੀ ਪੜ੍ਹਾਇਆ ਜਾਂਦਾ ਹੈ। ਅਮਰੀਕਾ ਵਿਚ ਭਾਰਤੀ ਬਹੁਲਤਾ ਵਾਲੇ ਰਾਜਾਂ ਨਿਊਜਰਸੀ, ਟੈਕਸਾਸ, ਨਿਊਯਾਰਕ ਅਤੇ ਕੈਲੀਫੋਰਨੀਆ ਵਿਚ ਹਿੰਦੀ ਪੜ੍ਹਾਉਣ ਵਾਲੇ ਤਕਰੀਬਨ 10 ਸਕੂਲ ਹਨ।



EXPO FURNITURE Gallery




7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਵ੍ਹਾਈਟ ਹਾਊਸ ’ਚ ਫੌਜੀ ਪਰਿਵਾਰਾਂ, ਸੰਗੀਤ ਤੇ ਆਤਿਸ਼ਬਾਜ਼ੀ ਨਾਲ ਸੁਤੰਤਰਤਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ





**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਰਾਸ਼ਟਰਪਤੀ ਜੋਅ ਬਾਇਡਨ ਅਤੇ ਪਹਿਲੀ ਮਹਿਲਾ ਜਿਲ ਬਾਇਡਨ ਨੇ ਮੰਗਲਵਾਰ ਸ਼ਾਮ ਨੂੰ ਵਾਈਟ ਹਾਊਸ ਵਾਸ਼ਿੰਗਟਨ ਡੀ.ਸੀ. ਵਿਖੇ ਫੌਜੀ ਪਰਿਵਾਰਾਂ ਦੀ ਮੇਜ਼ਬਾਨੀ ਕਰਕੇ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਖੇ ਸੁਤੰਤਰਤਾ ਦਿਵਸ ਬੜੀ ਧੂਮਧਾਮ ਨਾਲ ਮਨਾਇਆ, ਜਿਸ ਵਿਚ ਲਾਈਵ ਸੰਗੀਤ ਦੇ ਨਾਲ-ਨਾਲ ਆਤਿਸ਼ਬਾਜ਼ੀ ਵੀ ਕੀਤੀ ਗਈ, ਜੋ ਇੱਕ ਸ਼ਾਨਦਾਰ ਦੇਖਣਯੋਗ ਪ੍ਰਦਰਸ਼ਨੀ ਸੀ। ਇਹ ਸਮਾਗਮ ਸ਼ਾਮ ਦੇ 5:00 ਵਜੇ ਦੇ ਕਰੀਬ ਸ਼ੁਰੂ ਹੋਇਆ ਅਤੇ ਸਾਊਥ ਲਾਅਨ ’ਤੇ ਸਰਗਰਮ-ਡਿਊਟੀ ਅਤੇ ਤਾਇਨਾਤ ਨੈਸ਼ਨਲ ਗਾਰਡ ਫੌਜੀ ਪਰਿਵਾਰਾਂ ਦੇ ਨਾਲ ਵ੍ਹਾਈਟ ਹਾਊਸ ਵਿਚ ਮੌਜੂਦ ਸਨ। ਇਸ ਮੌਕੇ ਚੈਪਲੇਨ ਜੌਨ ਬਰਕੇਮੇਅਰ ਦੁਆਰਾ ਕੀਤੀ ਪ੍ਰਾਰਥਨਾ ਤੋਂ ਬਾਅਦ ਪਹਿਲ਼ੀ ਮਹਿਲਾ ਰਾਸਟਰਪਤੀ ਦੀ ਪਤਨੀ ਜਿਲ ਬਾਇਡਨ ਨੇ ਵ੍ਹਾਈਟ ਹਾਊਸ ਵਿਚ ਫੌਜੀ ਪਰਿਵਾਰਾਂ ਦਾ ਭਰਵਾਂ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਤੁਸੀਂ ਬਹਾਦਰ ਅਤੇ ਦਲੇਰ ਹੋ, ਅਤੇ ਲਗਭਗ 1% ਅਮਰੀਕੀ ਜਿਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਸੁਰੱਖਿਅਤ ਰੱਖਣ ਦੀ ਚੋਣ ਕੀਤੀ ਹੈ "ਅਸੀਂ ਤੁਹਾਡੇ ਦੁਆਰਾ ਕੀਤੇ ਗਏ ਦੇਸ਼ ਦੇ ਕੰਮਾਂ ਦੇ ਲਈ ਸਭ ਦੇ ਬਹੁਤ ਧੰਨਵਾਦੀ ਹਾਂ। ਅਤੇ ਸਾਡੇ ਵਿਚਾਰ ਵਿਦੇਸ਼ਾਂ ਵਿਚ ਸੇਵਾ ਕਰਨ ਵਾਲਿਆਂ ਦੇ ਨਾਲ ਹਨ। ਰਾਸ਼ਟਰਪਤੀ ਬਾਇਡਨ ਨੇ ਕਿਹਾ ਕਿ ਇਸ ਦਿਨ ਨੂੰ ਫੌਜੀ ਪਰਿਵਾਰਾਂ ਨਾਲ ਮਨਾਉਣਾ ਸਾਡੇ ਲਈ ਸਨਮਾਨ ਵਾਲੀ ਗੱਲ ਹੈ, ਜਿਨ੍ਹਾਂ ਨੂੰ ਰਾਸ਼ਟਰਪਤੀ ਨੇ ‘ਰੀੜ੍ਹ ਦੀ ਹੱਡੀ’ ਦੱਸਿਆ। ਰਾਸ਼ਟਰਪਤੀ ਨੇ ਕਿਹਾ ਕਿ ਤੁਸੀਂ ਸਾਨੂੰ ਯਾਦ ਦਿਵਾਉਂਦੇ ਹੋ, ਲੋਕਤੰਤਰ ਦੇ ਜ਼ਰੂਰੀ ਕੰਮਾਂ ਲਈ ਜੋ ਸਾਨੂੰ ਹਰ ਪੀੜ੍ਹੀ ਨੂੰ ਇਸ ਨੂੰ ਕਾਇਮ ਰੱਖਣ ਲਈ ਲੜਨਾ ਚਾਹੀਦਾ ਹੈ। ਸਾਨੂੰ ਹਮੇਸ਼ਾ ਇਸ ਦੀ ਕਦਰ ਕਰਨੀ ਚਾਹੀਦੀ ਹੈ, ਇਸ ਦੀ ਰੱਖਿਆ ਕਰਨੀ ਚਾਹੀਦੀ ਹੈ ਅਤੇ ਇਸਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਰਾਸ਼ਟਰਪਤੀ ਬਾਇਡਨ ਨੇ ਕਿਹਾ ਕਿ ਸੰਯੁਕਤ ਰਾਜ ਇਤਿਹਾਸ ਵਿਚ ਇੱਕ ਅਜਿਹਾ ਦੇਸ਼ ਹੈ, ਜਿਸਦੀ ਸਥਾਪਨਾ ਇੱਕ ਵਿਚਾਰ ’ਤੇ ਕੀਤੀ ਗਈ ਸੀ, ਜੋ ਸਾਰੇ ਧਰਮਾਂ ਅਤੇ ਲੋਕਾਂ ਨੂੰ ਬਰਾਬਰ ਮੰਨਦਾ ਹੈ ਅਤੇ ਜਿਨ੍ਹਾਂ ਦਾ ਜੀਵਨ, ਆਜ਼ਾਦੀ ਅਤੇ ਅਜ਼ਾਦੀ ਸਮੇਤ ਅਟੁੱਟ ਅਧਿਕਾਰਾਂ ਨਾਲ ਇਸ ਨੂੰ ਨਿਵਾਜਿਆ ਗਿਆ ਹੈ।

# ਸਿਆਟਲ ਵਿਚ ਆਜ਼ਾਦੀ ਦਿਵਸ ਬੜੇ ਉਤਸ਼ਾਹ ਨਾਲ ਵੱਖਰੇ-ਵੱਖਰੇ ਅੰਦਾਜ਼ ਨਾਲ ਮਨਾਇਆ




ਚਾਰ ਜੁਲਾਈ ਨੂੰ ਆਜ਼ਾਦੀ ਦਿਵਸ ਮਨਾਉਂਦੀਆਂ ਹੋਈਆਂ ਸ਼ਖਸੀਅਤਾਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਸਿਆਟਲ ਵਿਚ ਅਮਰੀਕਨ ਲੋਕਾਂ ਗੋਰੇ, ਕਾਲੇ ਅਤੇ ਵੱਖਰੇ-ਵੱਖਰੇ ਧਰਮਾਂ ਤੇ ਜਾਤਾਂ ਦੇ ਲੋਕਾਂ ਨੇ ਆਪਣੇ-ਆਪਣੇ ਢੰਗ ਨਾਲ ਆਜ਼ਾਦੀ ਦਿਵਸ ਮਨਾਇਆ। ਸਾਰੇ ਧਰਮਾਂ, ਰੰਗਾਂ ਤੇ ਜਾਤਾਂ ਦੇ ਲੋਕਾਂ ਨੇ ਮਿਲ ਕੇ ਆਜ਼ਾਦੀ ਦਿਵਸ ’ਤੇ ਚਾਰ ਜੁਲਾਈ ਨੂੰ ਸਾਂਝੇ ਤੌਰ ’ਤੇ ਪਰੇਡ ਕੱਢੀ ਗਈ, ਜਿਸ ਭਾਰਤੀ ਮੂਲ ਦੇ ਪੰਜਾਬੀਆਂ ਨੇ ਸ਼ਿਰਕਤ ਕਰਕੇ ਆਪਣੀ ਪਹਿਚਾਣ ਦਿਖਾਈ। ਗੁਰਦੁਆਰਾ ਸਿੱਖ ਆਫ ਸਿਆਟਲ ਬੋਥਲ ਤੇ ਸਮਾਜ ਸੇਵੀ ਸੰਸਥਾ ਸੋਚ ਦੀ ਅਗਵਾਈ ਵਿਚ ਸ਼ਿਰਕਤ ਕਰਕੇ ਪੰਜਾਬੀ ਹੋਣ ’ਤੇ ਮਾਣ ਪ੍ਰਗਟ ਕੀਤਾ। ਵੱਖ-ਵੱਖ ਗੁਰੂ ਘਰਾਂ ਵਿਚ ਸੰਗਤ ਨੇ ਪਹੁੰਚ ਕੇ ਪਰਿਵਾਰ ਤੇ ਭਾਈਚਾਰੇ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕੀਤੀਆਂ। ਵੱਖ-ਵੱਖ ਗਰੁੱਪਾਂ ’ਚ ਇਕੱਠੇ ਹੋ ਕੇ ਆਤਿਸ਼ਬਾਜ਼ੀ ਚਲਾਈ ਤੇ ਰਾਤਰੀ ਭੋਜਨ ਕੀਤਾ। ਸ਼ਾਮ ਨੂੰ ਅਮਰੀਕਨ ਲੋਕਾਂ ਨੇ ਸਿਟੀ ਸਿਆਟਲ ਵਿਚ ਸਾਂਝੇ ਤੌਰ ’ਤੇ ਆਤਿਸ਼ਬਾਜ਼ੀ ਚਲਾਈ ਅਤੇ ਖ਼ੂਬ ਆਨੰਦ ਮਾਣਿਆ। ਅਮਰੀਕਨ ਲੋਕਾਂ ਨੇ ਇਕ ਦੂਸਰੇ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਸ਼ੁੱਭ ਕਾਮਨਾਵਾਂ ਕੀਤੀਆਂ।

# ਆਸਕਰ ਐਵਾਰਡ ਜੇਤੂ ਅਦਾਕਾਰ ਐਲਨ ਆਰਕਿਨ ਦਾ ਦਿਹਾਂਤ



**ਲਾਸ ਏਂਜਲਸ, (ਪੰਜਾਬ ਮੇਲ)-** ਮਸ਼ਹੂਰ ਅਮਰੀਕੀ ਅਦਾਕਾਰ ਐਲਨ ਆਰਕਿਨ ਦਾ ਦਿਹਾਂਤ ਹੋ ਗਿਆ ਹੈ। ਉਹ 89 ਸਾਲ ਦੇ ਸਨ। ਉਨ੍ਹਾਂ ਦੇ ਪੁੱਤਰਾਂ ਐਡਮ, ਮੈਥਿਊ ਤੇ ਐਂਥਨੀ ਨੇ ਆਪਣੇ ਪਿਤਾ ਦੇ ਦਿਹਾਂਤ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਇਕ ਸਾਂਝੇ ਬਿਆਨ ਵਿਚ ਕਿਹਾ, "ਸਾਡੇ ਪਿਤਾ ਇਕ ਕਲਾਕਾਰ ਅਤੇ ਇਕ ਵਿਅਕਤੀ ਦੇ ਰੂਪ ਵਿਚ ਇਕ ਵਿਲੱਖਣ ਪ੍ਰਤਿਭਾਵਾਨ ਇਨਸਾਨ ਸਨ।" ਐਲਨ ਆਰਕਿਨ ਦੇ ਕਰੀਅਰ ਦੀ ਗੱਲ ਕਰੀਏ ਤਾਂ ਉਹ ਕਈ ਫ਼ਿਲਮਾਂ ’ਚ ਕੰਮ ਕਰ ਚੁੱਕੇ ਹਨ। ਉਨ੍ਹਾਂ ਨੂੰ 4 ਵਾਰ ਅਕੈਡਮੀ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਕਾਰਲ ਰੇਨਰ ਦੀ ਐਂਟਰ ਲਾਫਿੰਗ ਵਿਚ ਉਨ੍ਹਾਂ ਆਪਣੀ ਪਹਿਲੀ ਮੁੱਖ ਭੂਮਿਕਾ ਲਈ 1963 ’ਚ ਬ੍ਰੌਡਵੇ ਦਾ ਚੋਟੀ ਦਾ ਸਨਮਾਨ ਟੋਨੀ ਐਵਾਰਡ ਜਿੱਤਿਆ ਸੀ। ਉਨ੍ਹਾਂ 1966 ਦੀ ਕੋਲਡ ਵਾਰ ਕਾਮੇਡੀ ਦਿ ਰਸ਼ੀਅਨਜ਼ ਆਰ ਕਮਿੰਗ ਵਿਚ ਇਕ ਸੋਵੀਅਤ ਮਲਾਹ ਦੀ ਭੂਮਿਕਾ ਲਈ ਸਰਵੋਤਮ ਅਭਿਨੇਤਾ ਐਵਾਰਡ ਵੀ ਜਿੱਤਿਆ।


# ਅਮਰੀਕੀ ਸੁਪਰੀਮ ਕੋਰਟ ਵੱਲੋਂ ਵਿਦਿਆਰਥੀ ਕਰਜ਼ਾ ਮਾਫ਼ੀ ਯੋਜਨਾ ਰੱਦ

**■ ਬਾਇਡਨ ਵੱਲੋਂ ਵਿਦਿਆਰਥੀਆਂ ਨੂੰ ਰਾਹਤ ਲਈ ਵਿਕਲਪਿਕ ਯੋਜਨਾ ਪੇਸ਼ ਕਰਨ ਦਾ ਭਰੋਸਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸੁਪਰੀਮ ਕੋਰਟ ਵੱਲੋਂ ਵਿਦਿਆਰਥੀ ਕਰਜ਼ੇ ਦੇ ਅਰਬਾਂ ਡਾਲਰ ਮਾਫ਼ ਕਰਨ ਦੀ ਉਨ੍ਹਾਂ ਦੀ ਯੋਜਨਾ ਨੂੰ ਰੱਦ ਕੀਤੇ ਜਾਣ ਤੋਂ ਬਾਅਦ ਸ਼ਨੀਵਾਰ ਨੂੰ ਵਿਦਿਆਰਥੀਆਂ ਨੂੰ ਰਾਹਤ ਲਈ ਇੱਕ ਵਿਕਲਪਿਕ ਯੋਜਨਾ ਪੇਸ਼ ਕਰਨ ਦਾ ਭਰੋਸਾ ਦਿੱਤਾ। ਬਾਇਡਨ ਨੇ ਕਿਹਾ ਕਿ ਆਉਣ ਵਾਲੇ ਹਫ਼ਤਿਆਂ ਵਿਚ ਵਿਦਿਆਰਥੀ ਕਰਜ਼ੇ ਦੀ ਅਦਾਇਗੀ ਦੀ ਜ਼ਰੂਰਤ ਹੋਏਗੀ, ਪਰ ਉਹ ਉੱਚ ਸਿੱਖਿਆ ਐਕਟ ਦੇ ਤਹਿਤ ਇੱਕ ਨਵਾਂ ਪ੍ਰੋਗਰਾਮ ਸ਼ੁਰੂ ਕਰਨ ’ਤੇ ਕੰਮ ਕਰਨਗੇ, ਜੋ ਕਰਜ਼ਾ ਲੈਣ ਵਾਲੇ ਵਿਦਿਆਰਥੀਆਂ ਦੇ ਡਿਫਾਲਟਰ ਹੋਣ ਦੇ ਖ਼ਤਰੇ ਨੂੰ ਘੱਟ ਕਰਨ ਲਈ ਤਿਆਰ ਕੀਤਾ ਜਾਵੇਗਾ।

ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਕੁਝ ਘੰਟਿਆਂ ਬਾਅਦ ਬਾਇਡਨ ਵੱਲੋਂ ਵ੍ਹਾਈਟ ਹਾਊਸ ਤੋਂ ਕੀਤੀ ਗਈ ਇਸ ਟਿੱਪਣੀ ਨੂੰ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਮੱਦੇਨਜ਼ਰ ਆਪਣਾ ਸਿਆਸੀ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਬਾਇਡਨ ਪ੍ਰਸ਼ਾਸਨ ਨੇ ਲੱਖਾਂ ਫੈਡਰਲ ਵਿਦਿਆਰਥੀ ਕਰਜ਼ਿਆਂ ਨੂੰ ਰੱਦ ਕਰਨ ਜਾਂ ਇਸ ਨੂੰ ਘਟਾਉਣ ਲਈ 400 ਅਰਬ ਅਮਰੀਕੀ ਡਾਲਰ ਦੀ ਯੋਜਨਾ ਦਾ ਪ੍ਰਸਤਾਵ ਕੀਤਾ ਸੀ।



# ਵਿੰਡਸਰ ਵਿਖੇ ਹਰਭਜਨ ਮਾਨ ਦਾ 'ਦ ਸਤਰੰਗੀ ਪੀਂਘ ਕੈਨੇਡਾ ਟੂਰ' ਦਾ ਸਫਲ ਆਯੋਜਨ

**ਵਿੰਡਸਰ (ਓਨਟਾਰੀਓ), (ਪੰਜਾਬ ਮੇਲ)**- ਏਲੀਜੈਂਸ ਸਲਿਊਸ਼ਨਜ਼ ਇੰਕ ਅਤੇ ਪੰਜਾਬੀ ਕਲਚਰਲ ਸੁਸਾਇਟੀ ਏਸੇਕਸ ਨੇ ਵਿੰਡਸਰ ਵਿਚ ਪਹਿਲੇ ਵੱਡੇ ਪੱਧਰ ਦੇ ਪੰਜਾਬੀ ਸੰਗੀਤ ਸਮਾਰੋਹ "ਦ ਸਤਰੰਗੀ ਪੀਂਘ ਕੈਨੇਡਾ ਟੂਰ" ਦੀ ਮੇਜ਼ਬਾਨੀ ਕੀਤੀ। ਇਹ ਸਮਾਗਮ ਖਚਾਖਚ ਭਰੇ ਕ੍ਰਿਸਲਰ ਥੀਏਟਰ 'ਚ 1000 ਤੋਂ ਵੱਧ ਲੋਕਾਂ ਦੀ ਹਾਜ਼ਰੀ 'ਚ ਆਯੋਜਿਤ ਕੀਤਾ ਗਿਆ ਸੀ। ਇਸ ਸੰਗੀਤ ਸਮਾਰੋਹ ਵਿਚ ਪੰਜਾਬੀ ਗਾਇਕ ਅਤੇ ਅਦਾਕਾਰ ਹਰਭਜਨ ਮਾਨ ਦੇ ਨਾਲ ਗੁਰਸੇਵਕ ਮਾਨ ਅਤੇ ਅਵਕਾਸ਼ ਮਾਨ ਵੀ ਮੌਜੂਦ ਸਨ। ਇਹ ਸੰਗੀਤ ਅਤੇ ਸੱਭਿਆਚਾਰ ਦੀ ਇੱਕ ਸ਼ਾਨਦਾਰ ਸ਼ਾਮ ਸੀ, ਜਿਸ ਦਾ ਹਰ ਉਮਰ ਦੇ ਦਰਸ਼ਕਾਂ ਨੇ ਆਨੰਦ ਮਾਣਿਆ।



ਵਿੰਡਸਰ ਦੇ ਪੁਲਿਸ ਮੁਖੀ ਬੇਲੇਅਰ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਪ੍ਰਬੰਧਕਾਂ ਨੂੰ ਆਪਣੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਪ੍ਰਬੰਧਕਾਂ ਨੇ ਪੁਲਿਸ ਮੁਖੀ ਨੂੰ ਇਸ ਸੰਗੀਤ ਸਮਾਰੋਹ ਦੀ ਕਮਾਈ ਵਿਚੋਂ ਨਵੇਂ ਵਿੰਡਸਰ ਹਸਪਤਾਲ ਲਈ $10,000 ਦਾ ਦਾਨ ਚੈੱਕ ਭੇਟ ਕੀਤਾ। ਆਯੋਜਕ ਜੀਵਨ ਗਿੱਲ ਅਤੇ ਮਨਵਿੰਦਰ ਦਿਓਲ ਵਿੰਡਸਰ ਕਮਿਊਨਿਟੀ ਲਈ ਵਚਨਬੱਧ ਹਨ ਅਤੇ ਚਾਹੁੰਦੇ ਸਨ ਕਿ ਇਹ ਇਵੈਂਟ ਨਿਵਾਸੀਆਂ ਲਈ ਇੱਕ ਬਿਹਤਰ ਕਮਿਊਨਿਟੀ ਬਣਾਉਣ ਬਾਰੇ ਹੋਵੇ ਅਤੇ ਇਸ ਲਈ ਉਨ੍ਹਾਂ ਨੇ ਨਵੇਂ ਹਸਪਤਾਲ ਲਈ ਕਮਾਈ ਦਾਨ ਕਰਨ ਦਾ ਫੈਸਲਾ ਕੀਤਾ, ਜਿਸ ਨਾਲ ਵਿੰਡਸਰ ਦੇ ਸਾਰੇ ਨਿਵਾਸੀਆਂ ਨੂੰ ਲਾਭ ਹੋਵੇਗਾ। ਇਹ ਸੰਗੀਤ ਸਮਾਰੋਹ ਕਮਿਊਨਿਟੀ ਅਤੇ ਬਹੁਤ ਸਾਰੇ ਸਥਾਨਕ ਕਾਰੋਬਾਰਾਂ ਅਤੇ ਸਪਾਂਸਰਾਂ ਦੇ ਸਮਰਥਨ ਤੋਂ ਬਿਨਾਂ ਸੰਭਵ ਨਹੀਂ ਸੀ।

ਏਲੀਜੈਂਸ ਸਲਿਊਸ਼ਨਜ਼ ਇੰਕ ਨੇ ਕਿਹਾ "ਅਸੀਂ ਆਉਣ ਵਾਲੇ ਬਹੁਤ ਸਾਰੇ ਹੋਰ ਸਮਾਗਮਾਂ ਵਿਚੋਂ ਪਹਿਲੇ ਤੁਹਾਡੇ ਸਮਰਥਨ ਲਈ ਸਾਡੇ ਸਾਰੇ ਸਪਾਂਸਰਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ। ਤੁਹਾਡੇ ਸਹਿਯੋਗ ਨਾਲ ਅਸੀਂ ਆਸ ਕਰਦੇ ਹਾਂ ਕਿ ਸ਼ਹਿਰ ਦੇ ਨਿਵਾਸੀਆਂ ਦਾ ਆਨੰਦ ਲੈਣ ਲਈ ਵਿੰਡਸਰ ਵਿਚ ਹੋਰ ਸੱਭਿਆਚਾਰਕ ਸਮਾਗਮਾਂ ਨੂੰ ਲਿਆਉਣਾ ਜਾਰੀ ਰਹੇਗਾ"।

# ਟਵਿੱਟਰ ਨੇ ਭਾਰਤ 'ਚ 11 ਲੱਖ ਤੋਂ ਵੱਧ ਅਕਾਊਂਟ 'ਤੇ ਲਾਈ ਪਾਬੰਦੀ!

**■ 26 ਅਪ੍ਰੈਲ ਤੋਂ 25 ਮਈ ਵਿਚਾਲੇ ਕੀਤੀ ਕਾਰਵਾਈ**

**ਨਵੀਂ ਦਿੱਲੀ, (ਪੰਜਾਬ ਮੇਲ)**- ਐਲਨ ਮਸਕ ਵੱਲੋਂ ਚਲਾਏ ਜਾ ਰਹੇ ਟਵਿੱਟਰ ਨੇ 26 ਅਪ੍ਰੈਲ ਤੋਂ 25 ਮਈ ਦੇ ਵਿਚਕਾਰ ਭਾਰਤ ਵਿਚ ਰਿਕਾਰਡ 11,32,228 ਖਾਤਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਜ਼ਿਆਦਾਤਰ ਅਜਿਹੇ ਖਾਤੇ ਸਨ, ਜਿਹੜੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਅਸ਼ਲੀਲਤਾ ਨੂੰ ਉਤਸ਼ਾਹਿਤ ਕਰ ਰਹੇ ਸਨ। ਮਾਈਕ੍ਰੋ-ਬਲੌਗਿੰਗ ਪਲੇਟਫਾਰਮ ਨੇ ਦੇਸ਼ ਵਿਚ ਅੱਤਵਾਦ ਨੂੰ ਉਤਸ਼ਾਹਤ ਕਰਨ ਲਈ 1,843 ਖਾਤਿਆਂ ਨੂੰ ਵੀ ਬੰਦ ਕਰ ਦਿੱਤਾ ਹੈ। ਕੁੱਲ ਮਿਲਾ ਕੇ ਟਵਿੱਟਰ ਨੇ ਭਾਰਤ ਵਿਚ ਮਹੀਨੇ ਦੌਰਾਨ 11,34,071 ਖਾਤਿਆਂ 'ਤੇ ਪਾਬੰਦੀ ਲਗਾਈ।

# ਅਮਰੀਕਾ 'ਚ ਕਾਲੇ ਵਿਅਕਤੀਆਂ 'ਤੇ ਤਸ਼ੱਦਦ ਕਰਨ ਦੇ ਮਾਮਲੇ 'ਚ 6 ਗੋਰੇ ਪੁਲਿਸ ਅਫ਼ਸਰ ਬਰਖਾਸਤ


**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਮਿਸੀਸਿੱਪੀ 'ਚ ਰੈਨਕਿਨ ਕਾਊਂਟੀ ਸ਼ੈਰਿਫ ਦਫਤਰ ਵਲੋਂ ਆਪਣੇ 6 ਡਿਪਟੀਆਂ ਨੂੰ 2 ਕਾਲੇ ਵਿਅਕਤੀਆਂ 'ਤੇ ਤੱਸ਼ਦਦ ਕਰਨ ਦੇ ਮਾਮਲੇ 'ਚ ਬਰਖਾਸਤ ਕਰ ਦੇਣ ਦੀ ਖਬਰ ਹੈ। ਪੁਲਿਸ ਅਫਸਰਾਂ ਵਿਰੁੱਧ ਇਹ ਕਾਰਵਾਈ ਕਾਲੇ ਵਿਅਕਤੀਆਂ ਵਲੋਂ ਇਕ ਸੰਘੀ ਅਦਾਲਤ 'ਚ ਮਨੁੱਖੀ ਹੱਕਾਂ ਬਾਰੇ ਪਟੀਸ਼ਨ ਦਾਇਰ ਕਰਨ ਦੇ ਦੋ ਹਫਤੇ ਬਾਅਦ ਕੀਤੀ ਗਈ ਹੈ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ 6 ਡਿਪਟੀਆਂ ਨੇ ਉਨ੍ਹਾਂ ਦੀ ਨਿੱਜੀ ਰਿਹਾਇਸ਼ 'ਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋ ਕੇ ਉਨ੍ਹਾਂ ਉਪਰ ਤਕਰੀਬਨ 2 ਘੰਟੇ ਤਸ਼ੱਦਦ ਕੀਤਾ। ਰੈਨਕਿਨ ਕਾਊਂਟੀ ਦੇ ਸ਼ੈਰਿਫ ਬਰਾਇਨ ਬੇਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਾਜ਼ਾ ਘਟਨਾਕ੍ਰਮ 'ਤੇ ਸਾਡੀ ਅੰਦਰੂਨੀ ਜਾਂਚ ਦੇ ਮੱਦੇਨਜ਼ਰ ਡਿਪਟੀਆਂ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਸ਼ੈਰਿਫ ਨੇ ਨਾ ਹੀ ਬਰਖਾਸਤ ਕੀਤੇ ਡਿਪਟੀਆਂ ਦੀ ਗਿਣਤੀ ਤੇ ਨਾ ਹੀ ਉਨਾਂ ਦੇ ਨਾਂਵਾਂ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਡਿਪਟੀ ਇਸ ਵੇਲੇ ਪ੍ਰਸ਼ਾਸਨਿਕ ਛੁੱਟੀ 'ਤੇ ਹਨ। ਸ਼ੈਰਿਫ ਨੇ ਡਿਪਟੀਆਂ ਵਿਰੁੱਧ ਦੋਸ਼ਾਂ ਬਾਰੇ ਕੁਝ ਕਹਿਣ ਤੋਂ ਵੀ ਨਾਂਹ ਕਰ ਦਿੱਤੀ। ਦਾਇਰ ਪਟੀਸ਼ਨ 'ਚ ਕਾਲੇ ਵਿਅਕਤੀਆਂ ਮਿਸ਼ੈਲ ਜੈਨਕਿਨਸ ਤੇ ਐਡੀ ਪਾਰਕਰ ਨੇ ਦੋਸ਼ ਲਾਇਆ ਹੈ ਕਿ ਇਸ ਸਾਲ 24 ਜਨਵਰੀ ਨੂੰ 6 ਡਿਪਟੀ ਉਨ੍ਹਾਂ ਦੇ ਬਰੈਕਸਟਨ ਵਿਚਲੇ ਘਰ 'ਚ ਬਿਨਾਂ ਵਾਰੰਟ ਜਬਰਨ ਦਾਖਲ ਹੋਏ। ਡਿਪਟੀਆਂ ਨੇ ਉਨ੍ਹਾਂ ਦੇ ਹੱਥਕੜੀਆਂ ਲਾ ਕੇ ਉਨ੍ਹਾਂ ਦੇ ਠੁੱਡੇ ਮਾਰੇ ਤੇ ਵਾਰ-ਵਾਰ ਟੀਜ਼ਰ ਦੀ ਵਰਤੋਂ ਕੀਤੀ। ਉਨ੍ਹਾਂ ਦੇ ਜਿਣਸੀ ਸ਼ੋਸ਼ਣ ਦੀ ਵੀ ਕੋਸ਼ਿਸ਼ ਕੀਤੀ ਗਈ। ਯੂ.ਐੱਸ. ਡਿਸਟ੍ਰਿਕਟ ਕੋਰਟ ਮਿਸੀਸਿੱਪੀ 'ਚ ਦਾਇਰ ਪਟੀਸ਼ਨ 'ਚ ਸ਼ੈਰਿਫ ਤੇ 6 ਡਿਪਟੀਆਂ ਨੂੰ ਦੋਸ਼ੀ ਬਣਾਇਆ ਗਿਆ ਹੈ ਤੇ 40 ਕਰੋੜ ਡਾਲਰ ਦਾ ਮਾਣਹਾਨੀ ਦਾਅਵਾ ਕੀਤਾ ਗਿਆ ਹੈ

# ਬ੍ਰਿਜਭੂਸ਼ਣ ਖ਼ਿਲਾਫ਼ ਪੋਕਸੋ ਐਕਟ ਮਾਮਲਾ: ਅਦਾਲਤ ਵੱਲੋਂ ਨਾਬਾਲਗ ਪਹਿਲਵਾਨਾਂ ਨੂੰ ਨੋਟਿਸ

**ਨਵੀਂ ਦਿੱਲੀ, (ਪੰਜਾਬ ਮੇਲ)**- ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਪੋਕਸੋ ਐਕਟ ਮਾਮਲੇ 'ਚ ਸੁਣਵਾਈ ਹੋਈ। ਮਾਮਲੇ ਦੀ ਸੁਣਵਾਈ ਕਰਦੇ ਹੋਏ ਪਟਿਆਲਾ ਹਾਊਸ ਕੋਰਟ ਨੇ ਦਿੱਲੀ ਪੁਲਿਸ ਦੀ ਕੈਂਸਲੇਸ਼ਨ ਰਿਪੋਰਟ 'ਤੇ ਨਾਬਾਲਗ ਦੇ ਪਿਤਾ ਨੂੰ ਨੋਟਿਸ ਭੇਜਿਆ ਹੈ। ਅਦਾਲਤ ਦਾ ਕਹਿਣਾ ਹੈ ਕਿ ਅਦਾਲਤ ਨਾਬਾਲਗ ਦਾ ਪੱਖ ਜਾਣਨਾ ਚਾਹੁੰਦੀ ਹੈ। ਨਾਬਾਲਗ ਦਾ ਪੱਖ ਆਉਣ ਤੋਂ ਬਾਅਦ ਹੀ ਅਦਾਲਤ ਕੇਸ ਨੂੰ ਰੱਦ ਕਰਨ ਬਾਰੇ ਫੈਸਲਾ ਲਵੇਗੀ। ਮਾਮਲੇ ਦੀ ਅਗਲੀ ਸੁਣਵਾਈ 1 ਅਗਸਤ ਨੂੰ ਹੋਵੇਗੀ। ਇਸ ਮਾਮਲੇ ਦੀ ਸੁਣਵਾਈ ਜੱਜ ਛਵੀ ਕਪੂਰ ਦੀ ਅਦਾਲਤ ਵਿਚ ਹੋਈ। ਪਿਛਲੀ ਸੁਣਵਾਈ ਵਿਚ ਦਿੱਲੀ ਪੁਲਿਸ ਨੇ ਬ੍ਰਿਜਭੂਸ਼ਣ ਨੂੰ ਕਲੀਨ ਚਿੱਟ ਦਿੰਦੇ ਹੋਏ 550 ਪੰਨਿਆਂ ਦੀ ਕੈਂਸਲੇਸ਼ਨ ਰਿਪੋਰਟ ਦਾਇਰ ਕੀਤੀ ਸੀ। ਰਿਪੋਰਟ ਵਿਚ ਬ੍ਰਿਜਭੂਸ਼ਣ ਖ਼ਿਲਾਫ਼ ਦਰਜ ਐੱਫ.ਆਈ.ਆਰ. ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪੁਲਿਸ ਨੇ ਕਿਹਾ ਸੀ ਕਿ ਨਾਬਾਲਗ ਵੱਲੋਂ ਲਗਾਏ ਗਏ ਦੋਸ਼ਾਂ ਵਿਚ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ।

# ਅਕਾਲੀ-ਭਾਜਪਾ ਗਠਜੋੜ ਦੀ ਆਹਟ ਨਾਲ 'ਆਪ' ਦੇ ਜਲੰਧਰ ਯੂਨਿਟ ਨੂੰ ਲੱਗਾ ਝਟਕਾ

**ਜਲੰਧਰ, (ਪੰਜਾਬ ਮੇਲ)**- ਭਾਰਤੀ ਜਨਤਾ ਪਾਰਟੀ ਨੇ ਪੰਜਾਬ 'ਚ ਵੱਡਾ ਦਾਅ ਖੇਡਦਿਆਂ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ ਪ੍ਰਦੇਸ਼ ਭਾਜਪਾ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਇਸੇ ਵਿਚਕਾਰ ਅਜਿਹੀਆਂ ਖ਼ਬਰਾਂ ਨੇ ਵੀ ਜ਼ੋਰ ਫੜ ਲਿਆ ਹੈ ਕਿ ਪੰਜਾਬ ਵਿਚ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਦੋਬਾਰਾ ਹੋਣ ਜਾ ਰਿਹਾ ਹੈ ਅਤੇ ਇਸ ਦਾ ਐਲਾਨ ਕੁਝ ਦਿਨਾਂ ਦੇ ਅੰਦਰ ਕਰ ਦਿੱਤਾ ਜਾਵੇਗਾ। ਇਨ੍ਹਾਂ ਦੋਵਾਂ ਘਟਨਾਵਾਂ ਨਾਲ ਆਮ ਆਦਮੀ ਪਾਰਟੀ ਦੇ ਜਲੰਧਰ ਯੂਨਿਟ ਨੂੰ ਤਕੜਾ ਝਟਕਾ ਲੱਗਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਦੇ ਕਈ ਆਗੂ ਆਮ ਆਦਮੀ ਪਾਰਟੀ ਦਾ ਪੱਲਾ ਫੜ ਚੁੱਕੇ ਹਨ, ਜਿਸ ਕਾਰਨ ਜਲੰਧਰ ਵਿਚ 'ਆਪ' ਦੀ ਸਥਿਤੀ ਕਾਫ਼ੀ ਮਜ਼ਬੂਤ ਮੰਨੀ ਜਾ ਰਹੀ ਹੈ। ਇਨ੍ਹੀਂ ਦਿਨੀਂ ਵੀ ਕਾਂਗਰਸ ਦੇ ਕਈ ਆਗੂ ਅਤੇ ਸਾਬਕਾ ਕੌਂਸਲਰ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਸੰਪਰਕ ਵਿਚ ਸਨ ਅਤੇ ਉਨ੍ਹਾਂ ਦੀ ਜੁਆਈਨਿੰਗ ਹੋਣ ਹੀ ਵਾਲੀ ਸੀ ਪਰ ਇਸੇ ਵਿਚਕਾਰ ਸੁਨੀਲ ਜਾਖੜ ਦੇ ਅੱਗੇ ਆਉਣ ਨਾਲ ਇਹ ਸਮੀਕਰਨ ਬਦਲ ਰਹੇ ਹਨ।

# 2024 'ਚ 'ਆਪ' ਦਿੱਲੀ ਦੀਆਂ ਸਾਰੀਆਂ 7 ਲੋਕ ਸਭਾ ਸੀਟਾਂ 'ਤੇ ਲੜੇਗੀ ਚੋਣ

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਨੇ ਬੁੱਧਵਾਰ ਕਿਹਾ ਕਿ ਉਹ 2024 ਵਿਚ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ 'ਤੇ ਚੋਣ ਲੜੇਗੀ ਅਤੇ ਲੋਕਾਂ ਨੂੰ ਇਹ ਦੱਸਣ ਲਈ ਮੁਹਿੰਮ ਚਲਾਏਗੀ ਕਿ ਰਾਜਧਾਨੀ 'ਚ ਪ੍ਰਸ਼ਾਸਨਿਕ ਸੇਵਾਵਾਂ 'ਤੇ ਕੰਟਰੋਲ ਸਬੰਧੀ ਕੇਂਦਰ ਦਾ ਆਰਡੀਨੈਂਸ ਉਨ੍ਹਾਂ ਦੇ ਵਿਰੁੱਧ ਹੈ।

ਦਿੱਲੀ ਅਤੇ ਹਰਿਆਣਾ ਦੇ 'ਆਪ' ਆਗੂਆਂ ਨਾਲ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਆਪ' ਦੇ ਜਨਰਲ ਸਕੱਤਰ (ਸੰਗਠਨ) ਸੰਦੀਪ ਪਾਠਕ ਨੇ ਵਿਰੋਧੀ ਪਾਰਟੀਆਂ ਨੂੰ ਭਾਜਪਾ ਖ਼ਿਲਾਫ਼ ਇਕਜੁੱਟ ਹੋਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਕਾਂਗਰਸ ਦੇ 'ਰਵੱਈਏ' 'ਤੇ ਨਿਰਭਰ ਕਰਦਾ ਹੈ।

'ਆਪ' ਆਰਡੀਨੈਂਸ ਦੇ ਮੁੱਦੇ 'ਤੇ ਕਈ ਗੈਰ-ਭਾਜਪਾ ਪਾਰਟੀਆਂ ਦਾ ਸਮਰਥਨ ਹਾਸਲ ਕਰਨ 'ਚ ਕਾਮਯਾਬ ਰਹੀ ਹੈ, ਜਦਕਿ ਕਾਂਗਰਸ ਨੇ ਅਜੇ ਆਰਡੀਨੈਂਸ ਦੀ ਨਿੰਦਾ ਨਹੀਂ ਕੀਤੀ ਹੈ।

ਪਾਠਕ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਦੱਸਾਂਗੇ ਕਿ ਕਾਲਾ ਆਰਡੀਨੈਂਸ ਕੇਜਰੀਵਾਲ ਵਿਰੋਧੀ ਨਹੀਂ, ਸਗੋਂ ਲੋਕ ਵਿਰੋਧੀ ਹੈ। ਹੋਰ ਮੁੱਦੇ ਇਹ ਹਨ ਕਿ ਕੀ ਭਾਜਪਾ ਵਿਰੋਧੀ ਪਾਰਟੀਆਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਅਤੇ ਮੋਦੀ ਸਰਕਾਰ ਨੇ ਆਪਣੇ 9 ਸਾਲਾਂ ਦੇ ਕਾਰਜਕਾਲ ਦੌਰਾਨ ਕੀ ਕੰਮ ਕੀਤੇ ਹਨ। ਜੇ ਕੋਈ ਮੋਦੀ ਸਰਕਾਰ ਵੱਲੋਂ ਕੀਤੇ 4 ਕੰਮ ਵੀ ਗਿਣਾ ਦੇਵੇ, ਤਾਂ ਮੈਂ ਉਨ੍ਹਾਂ ਨੂੰ ਵਧਾਈ ਦੇਵਾਂਗਾ।

ਪਾਠਕ ਨੇ ਮੋਦੀ ਸਰਕਾਰ 'ਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਰਗੀਆਂ ਕੇਂਦਰੀ ਏਜੰਸੀਆਂ ਨੂੰ 'ਬਰਬਾਦ' ਕਰਨ ਦਾ ਵੀ ਦੋਸ਼ ਲਾਇਆ।

## ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਕੋਲੋਂ 3 ਸਾਲਾਂ 'ਚ ਕੀਤੀ ਇਸ਼ਤਿਹਾਰਬਾਜ਼ੀ ਦਾ ਵੇਰਵਾ ਮੰਗਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਖੇਤਰੀ ਰੈਪਿਡ ਟਰਾਂਜ਼ਿਟ ਸਿਸਟਮ (ਆਰ.ਆਰ.ਟੀ.ਐੱਸ.) ਪ੍ਰਾਜੈਕਟ ਦੇ ਨਿਰਮਾਣ ਲਈ ਫੰਡ ਮੁਹੱਈਆ ਕਰਾਉਣ ਵਿਚ ਅਸਮਰਥਾ ਜ਼ਾਹਰ ਕਰਨ 'ਤੇ ਦਿੱਲ ਸਰਕਾਰ ਨੂੰ ਝਾੜ ਪਾਈ ਤੇ ਨਾਲ ਹੀ ਉਸ ਨੇ ਪਿਛਲੇ ਤਿੰਨ ਵਿੱਤੀ ਸਾਲਾਂ ਵਿਚ ਦਿੱਲੀ ਸਰਕਾਰ ਵੱਲੋਂ ਇਸ਼ਤਿਹਾਰਾਂ 'ਤੇ ਖਰਚ ਕੀਤੇ ਪੈਸੇ ਦਾ ਵੇਰਵਾ ਪੇਸ਼ ਕਰਨ ਲਈ ਆਖ ਦਿੱਤਾ।

ਆਰ.ਆਰ.ਟੀ.ਐੱਸ. ਸੈਕਸ਼ਨ ਦੇ ਨਿਰਮਾਣ ਲਈ ਫੰਡ ਦਿੱਤੇ ਜਾਣੇ ਹਨ, ਜੋ ਰਾਸ਼ਟਰੀ ਰਾਜਧਾਨੀ ਨੂੰ ਰਾਜਸਥਾਨ ਅਤੇ ਹਰਿਆਣਾ ਨਾਲ ਜੋੜੇਗਾ। ਜਸਟਿਸ ਐੱਸ.ਕੇ. ਕੌਲ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ 'ਆਪ' ਸਰਕਾਰ ਨੂੰ ਇਸ਼ਤਿਹਾਰ 'ਤੇ ਖਰਚੇ ਦਾ ਵੇਰਵਾ ਦਿੰਦੇ ਹੋਏ ਦੋ ਹਫ਼ਤਿਆਂ ਦੇ ਅੰਦਰ ਹਲਫ਼ਨਾਮਾ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ।

# ਸਿੱਖ ਕਤਲੇਆਮ: ਜੀ.ਕੇ. ਤੇ ਟਾਈਟਲਰ ਖਿਲਾਫ਼ ਜਬਰੀ ਸ਼ਿਕਾਇਤਕਰਤਾ ਬਣਨ ਦੇ ਦੋਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. 1984 ਦੇ ਸਿੱਖ ਕਤਲੇਆਮ ਮਾਮਲੇ 'ਚ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਵਿਚ ਜਬਰੀ ਸ਼ਿਕਾਇਤਕਰਤਾ ਬਣਨ ਦੀ ਕੋਸ਼ਿਸ਼ ਕਰ ਰਹੇ ਹਨ।

ਜਗਦੀਸ਼ ਟਾਈਟਲਰ ਖ਼ਿਲਾਫ਼ ਰਾਊਜ਼ ਐਵੇਨਿਊ ਅਦਾਲਤ 'ਚ ਮਾਮਲੇ ਦੀ ਸੁਣਵਾਈ ਮਗਰੋਂ ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਮਨਜੀਤ ਸਿੰਘ ਜੀ.ਕੇ. ਵੱਲੋਂ ਵਾਰ-ਵਾਰ ਅਦਾਲਤ 'ਚ ਖ਼ੁਦ ਨੂੰ ਸ਼ਿਕਾਇਤਕਰਤਾ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਦਾ ਅਦਾਲਤ ਨੇ ਗੰਭੀਰ ਨੋਟਿਸ ਲਿਆ ਹੈ।

ਉਨ੍ਹਾਂ ਦੱਸਿਆ ਕਿ ਜੱਜ ਨੇ ਜੀ.ਕੇ. ਨੂੰ ਸਪੱਸ਼ਟ ਕਿਹਾ ਕਿ ਉਹ ਜ਼ਬਰਦਸਤੀ ਸ਼ਿਕਾਇਤਕਰਤਾ ਨਹੀਂ ਬਣ ਸਕਦੇ। ਜੇਕਰ ਸੀ.ਬੀ.ਆਈ. ਨੂੰ ਉਨ੍ਹਾਂ ਦੀ ਗਵਾਹੀ ਦੀ ਲੋੜ ਹੋਈ, ਤਾਂ ਉਨ੍ਹਾਂ ਨੂੰ ਦੱਸ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਜੱਜ ਨੇ ਕੜਕੜਡੂਮਾ ਅਦਾਲਤ 'ਚ ਕੇਸ ਦਾ ਰਿਕਾਰਡ ਤਲਬ ਕਰ ਕੇ ਮਾਮਲੇ ਦੀ ਸੁਣਵਾਈ 6 ਜੁਲਾਈ ਲਈ ਮੁਲਤਵੀ ਕਰ ਦਿੱਤੀ।

**■ ਜੀ.ਕੇ. ਮਾਣਹਾਨੀ ਮਾਮਲੇ 'ਚ ਸਿਰਸਾ, ਕਾਲਕਾ ਅਤੇ ਕਾਹਲੋਂ ਨੂੰ ਸੰਮਨ**

ਡੀ.ਐੱਸ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਬਿਨਾਂ ਸਬੂਤਾਂ ਤੋਂ ਅਪਸ਼ਬਦ ਕਹਿਣ 'ਤੇ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਮਾਣਹਾਨੀ ਦੇ ਦੋਸ਼ਾਂ ਤਹਿਤ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੂੰ ਸੰਮਨ ਜਾਰੀ ਕੀਤੇ ਹਨ। ਜੀ.ਕੇ. ਵੱਲੋਂ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਉਕਤ ਵਿਅਕਤੀਆਂ ਨੇ ਸਿਆਸੀ ਅਤੇ ਨਿੱਜੀ ਫਾਇਦੇ ਲੈਣ ਦੀ ਕੋਸ਼ਿਸ਼ ਤਹਿਤ ਉਨ੍ਹਾਂ ਨੂੰ ਬਦਨਾਮ ਕੀਤਾ ਹੈ।

# ਨਵੇਂ ਸੰਸਦ ਭਵਨ 'ਚ 20 ਜੁਲਾਈ ਤੋਂ ਸ਼ੁਰੂ ਹੋਵੇਗਾ ਸੰਸਦ ਦਾ ਮੌਨਸੂਨ ਸੈਸ਼ਨ

**ਨਵੀਂ ਦਿੱਲੀ, (ਪੰਜਾਬ ਮੇਲ)-** ਸੰਸਦ ਦਾ ਮੌਨਸੂਨ ਸੈਸ਼ਨ ਨਵੇਂ ਸੰਸਦ ਭਵਨ 'ਚ ਸ਼ੁਰੂ ਹੋਵੇਗਾ। ਕਰੀਬ ਇਕ ਮਹੀਨੇ ਤੱਕ ਚੱਲਣ ਵਾਲੇ ਸੈਸ਼ਨ 'ਚ 20 ਬੈਠਕਾਂ ਹੋਣ ਦੀ ਸੰਭਾਵਨਾ ਹੈ। ਇਹ ਸੰਸਦ ਦਾ ਮਾਨਸੂਨ ਸੈਸ਼ਨ 20 ਜੁਲਾਈ ਤੋਂ ਸ਼ੁਰੂ ਹੋ ਕੇ 11 ਅਗਸਤ ਤੱਕ ਚੱਲੇਗਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਇਹ ਜਾਣਕਾਰੀ ਦਿੱਤੀ। ਇਹ ਸੈਸ਼ਨ ਪਹਿਲਾਂ ਹੀ ਚਰਚਾ 'ਚ ਹੈ ਕਿਉਂਕਿ ਮੰਨਿਆ ਜਾ ਰਿਹਾ ਹੈ ਕਿ ਮੋਦੀ ਸਰਕਾਰ ਇਸ ਸੈਸ਼ਨ 'ਚ ਯੂਨੀਫਾਰਮ ਸਿਵਲ ਕੋਡ ਬਿੱਲ ਪੇਸ਼ ਕਰ ਸਕਦੀ ਹੈ।

**■ 'ਯੂਨੀਫਾਰਮ ਸਿਵਲ ਕੋਡ' ਬਿੱਲ ਹੋ ਸਕਦੈ ਪੇਸ਼**

ਸੰਸਦ ਦਾ ਮੌਨਸੂਨ ਸੈਸ਼ਨ ਨਵੇਂ ਸੰਸਦ ਭਵਨ 'ਚ ਸ਼ੁਰੂ ਹੋਵੇਗਾ, ਜਿਸਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ 'ਚ ਕੀਤਾ ਸੀ। ਕਰੀਬ ਇਕ ਮਹੀਨੇ ਤੱਕ ਚੱਲਣ ਵਾਲੇ ਸੈਸ਼ਨ 'ਚ 20 ਬੈਠਕਾਂ ਹੋਣ ਦੀ ਸੰਭਾਵਨਾ ਹੈ। ਇਹ ਸੈਸ਼ਨ 15 ਅਗਸਤ ਨੂੰ ਸੁਤੰਤਰਤਾ ਦਿਵਸ ਤੋਂ ਪਹਿਲਾਂ ਖਤਮ ਹੋ ਜਾਵੇਗਾ। ਮੌਨਸੂਨ ਸੈਸ਼ਨ 'ਚ ਕਈ ਬਿੱਲਾਂ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ।

ਮੌਨਸੂਨ ਸੈਸ਼ਨ ਦੌਰਾਨ ਸਰਕਾਰ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ (ਸੋਧ) ਆਰਡੀਨੈਂਸ 'ਤੇ ਸਰਕਾਰ ਬਿੱਲ ਲਿਆ ਸਕਦੀ ਹੈ। ਇਸ ਮੁੱਦੇ 'ਤੇ ਆਮ ਆਦਮੀ ਪਾਰਟੀ ਨੇ ਹੰਗਾਮਾ ਕੀਤਾ ਹੋਇਆ ਹੈ। ਇਸ ਮੁੱਦੇ 'ਤੇ ਸੰਸਦ 'ਚ ਵੋਟਿੰਗ ਦੀ ਨੌਬਤ ਵੀ ਆ ਸਕਦੀ ਹੈ। ਇਹੀ ਕਾਰਨ ਹੈ ਕਿ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਵੱਖ-ਵੱਖ ਰਾਜਾਂ ਵਿਚ ਜਾ ਕੇ ਸਮਰਥਨ ਮੰਗ ਚੁੱਕੇ ਹਨ। ਇਸ ਮੁੱਦੇ 'ਤੇ ਆਪਣਾ ਪੱਤਾ ਸਾਫ਼ ਨਾ ਕਰਨ ਕਾਰਨ ਉਹ ਕਾਂਗਰਸ ਨਾਲ ਟਕਰਾਅ ਵਿਚ ਹੈ।

# ਪਾਕਿਸਤਾਨ ਦੀਆਂ ਜੇਲ੍ਹਾਂ 'ਚ 308 ਭਾਰਤੀ ਕੈਦੀ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਨੇ ਦੋ-ਧਿਰੀ ਸਮਝੌਤੇ ਤਹਿਤ ਆਪਣੀਆਂ ਜੇਲ੍ਹਾਂ 'ਚ ਬੰਦ 42 ਨਾਗਰਿਕਾਂ ਅਤੇ 266 ਮਛੇਰਿਆਂ ਸਮੇਤ ਕੁੱਲ 308 ਭਾਰਤੀ ਕੈਦੀਆਂ ਦੀ ਸੂਚੀ ਭਾਰਤੀ ਹਾਈ ਕਮਿਸ਼ਨ ਨੂੰ ਸੌਂਪੀ ਹੈ। ਵਿਦੇਸ਼ ਦਫਤਰ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਜਾਣਕਾਰੀ ਦੋਵਾਂ ਦੇਸ਼ਾਂ ਵਿਚਾਲੇ 2008 ਦੇ ਸਮਝੌਤੇ ਅਨੁਸਾਰ ਦਿੱਤੀ ਗਈ ਹੈ। ਵਿਦੇਸ਼ ਦਫ਼ਤਰ ਦੇ ਬਿਆਨ ਵਿਚ ਕਿਹਾ ਗਿਆ ਹੈ, 'ਪਾਕਿਸਤਾਨ ਸਰਕਾਰ ਨੇ ਇਸਲਾਮਾਬਾਦ ਵਿਚ ਭਾਰਤੀ ਹਾਈ ਕਮਿਸ਼ਨ ਨੂੰ ਪਾਕਿਸਤਾਨੀ ਜੇਲ੍ਹਾਂ 'ਚ ਬੰਦ 308 ਭਾਰਤੀ ਕੈਦੀਆਂ ਦੀ ਸੂਚੀ ਸੌਂਪੀ ਹੈ। ਭਾਰਤ ਸਰਕਾਰ ਨੇ ਭਾਰਤੀ ਜੇਲ੍ਹਾਂ 'ਚ ਬੰਦ ਪਾਕਿਸਤਾਨੀ ਕੈਦੀਆਂ ਦੀ ਸੂਚੀ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਸੌਂਪ ਦਿੱਤੀ ਹੈ। ਸੂਚੀ ਮੁਤਾਬਕ ਭਾਰਤੀ ਜੇਲ੍ਹਾਂ 'ਚ 417 ਪਾਕਿਸਤਾਨੀ ਕੈਦੀ ਹਨ, ਜਿਨ੍ਹਾਂ ਵਿਚੋਂ 343 ਆਮ ਨਾਗਰਿਕ ਅਤੇ 74 ਮਛੇਰੇ ਹਨ।



# ਕਿਉਂ ਜ਼ਰੂਰੀ ਹਨ ਪੈਨ-ਆਧਾਰ ਜੋੜਨੇ?

**ਨਵੀਂ ਦਿੱਲੀ, (ਪੰਜਾਬ ਮੇਲ)-** ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸ ਨੇ 30 ਜੂਨ, 2023 ਨੂੰ ਪੈਨ-ਆਧਾਰ ਲਿੰਕ ਕਰਨ ਦੀ ਆਖਰੀ ਤਰੀਕ ਰੱਖੀ ਸੀ। ਯਾਨੀ ਜੇਕਰ ਤੁਸੀਂ 30 ਜੂਨ ਤੱਕ ਪੈਨ ਨੂੰ ਆਧਾਰ ਨਾਲ ਲਿੰਕ ਨਹੀਂ ਕੀਤਾ ਹੋਵੇਗਾ, ਤਾਂ ਇਹ 1 ਜੁਲਾਈ, 2023 ਤੋਂ ਰੱਦ ਹੋ ਗਿਆ ਹੋਵੇਗਾ। ਆਧਾਰ ਨਾਲ ਪੈਨ ਲਿੰਕ ਨਾ ਹੋਣ ਦੀ ਸੂਰਤ 'ਚ ਤੁਹਾਨੂੰ ਬੈਂਕਿੰਗ ਸਮੇਤ ਉਨ੍ਹਾਂ ਸਾਰੇ ਕੰਮਾਂ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ, ਜਿਨ੍ਹਾਂ ਵਿਚ ਪੈਨ ਦੀ ਜ਼ਰੂਰਤ ਪੈਂਦੀ ਹੈ। ਸ਼ੇਅਰ ਅਤੇ ਹੋਰ ਨਿਵੇਸ਼ ਬਾਜ਼ਾਰ ਵਿਚ ਲੈਣ-ਦੇਣ ਦੀ ਪਛਾਣ ਪੈਨ ਨਾਲ ਕੀਤੀ ਜਾਂਦੀ ਹੈ, ਸੇਬੀ ਨੇ ਵੀ ਮੌਜੂਦਾ ਨਿਵੇਸ਼ਕਾਂ ਨੂੰ ਪੈਨ ਅਤੇ ਆਧਾਰ ਨੂੰ ਲਿੰਕ ਕਰਨ ਦੀ ਵੀ ਸਲਾਹ ਦਿੱਤੀ ਹੈ। ਇਸ ਤੋਂ ਬਿਨਾਂ ਲੈਣ-ਦੇਣ ਵਿਚ ਦਿੱਕਤ ਆ ਸਕਦੀ ਹੈ।

ਇਨਕਮ ਟੈਕਸ ਵਿਭਾਗ ਨੇ ਪਾਇਆ ਹੈ ਕਿ ਕਈ-ਕਈ ਲੋਕਾਂ ਨੂੰ ਇੱਕ ਹੀ ਪੈਨ ਅਲਾਟ ਕੀਤਾ ਗਿਆ ਹੈ, ਜਦਕਿ ਇੱਕ ਵਿਅਕਤੀ ਨੂੰ ਸਿਰਫ਼ ਇੱਕ ਪੈਨ ਅਲਾਟ ਕੀਤਾ ਜਾਂਦਾ ਹੈ। ਪੈਨ ਦੇ ਡੇਟਾ ਦੀ ਨਕਲ ਨੂੰ ਰੋਕਣ ਲਈ, ਕਰਦਾਤਾਵਾਂ ਲਈ ਪੈਨ ਦੇ ਫਾਰਮ ਅਤੇ ਆਮਦਨ ਰਿਟਰਨ ਵਿਚ ਅਧਾਰ ਨੰਬਰ ਦਾ ਹਵਾਲਾ ਦੇਣ ਲਈ ਲਾਜ਼ਮੀ ਬਣਾਇਆ ਗਿਆ ਹੈ।

ਸੀ.ਬੀ.ਡੀ.ਟੀ. ਦੇ ਸਰਕੂਲਰ (ਮਾਰਚ, 2022) ਦੇ ਅਨੁਸਾਰ ਇਨਕਮ ਟੈਕਸ ਐਕਟ ਦੇ ਤਹਿਤ ਉਨ੍ਹਾਂ ਸਾਰੇ ਲੋਕਾਂ ਲਈ ਆਧਾਰ ਨੰਬਰ ਦਾ ਜ਼ਿਕਰ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਨ੍ਹਾਂ ਕੋਲ ਜੁਲਾਈ 2017 ਨੂੰ ਪੈਨ ਨੰਬਰ ਮੌਜੂਦ ਸੀ। ਇਸ ਲਈ 30 ਜੂਨ 2023 ਤੱਕ ਪੈਨ ਤੇ ਆਧਾਰ ਨੂੰ ਲਿੰਕ ਕਰਨਾ ਜ਼ਰੂਰੀ ਸੀ।

80 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਲਈ, ਇਨਕਮ ਟੈਕਸ ਐਕਟ ਦੇ ਅਧੀਨ ਗੈਰ-ਨਿਵਾਸੀਆਂ ਲਈ ਅਤੇ ਜੋ ਵਿਅਕਤੀ ਭਾਰਤ ਦਾ ਨਾਗਰਿਕ ਨਹੀਂ ਹੈ, ਉਨ੍ਹਾਂ ਲਈ ਪੈਨ ਨੂੰ ਆਧਾਰ ਨਾਲ ਜੋੜਨਾ ਜ਼ਰੂਰੀ ਨਹੀਂ ਹੈ।




### ਕੀ ਹੋਵੇਗਾ?

- ਜੋ ਵਿਅਕਤੀ ਪੈਨ-ਆਧਾਰ ਨੂੰ ਲਿੰਕ ਨਹੀਂ ਕਰੇਗਾ, ਉਹ ਇਨਕਮ ਟੈਕਸ ਰਿਟਰਨ ਫਾਈਲ ਨਹੀਂ ਕਰ ਸਕੇਗਾ।
- ਬਚਿਆ ਹੋਇਆ ਇਨਕਮ ਟੈਕਸ ਰਿਟਰਨ ਦਾ ਕੰਮ ਅੱਗੇ ਨਹੀਂ ਵਧੇਗਾ।
- ਰੱਦ ਪੈਨ ਵਾਲੇ ਵਿਅਕਤੀ ਦੇ ਬਕਾਇਆ ਆਮਦਨ ਟੈਕਸ ਰਿਫੰਡ ਦਾ ਕੰਮ ਨਹੀਂ ਕੀਤਾ ਜਾਵੇਗਾ।
- ਗਲਤ ਜਾਂ ਗਲਤੀ ਨਾਲ ਇਨਕਮ ਟੈਕਸ ਰਿਟਰਨ ਨਾਲ ਸਬੰਧਤ ਪ੍ਰਕਿਰਿਆ ਅੱਗੇ ਨਹੀਂ ਵਧ ਸਕੇਗੀ।
- ਜੇਕਰ ਪੈਨ ਬੰਦ ਹੋ ਜਾਂਦਾ ਹੈ, ਤਾਂ ਵਧੀ ਹੋਈ ਦਰ 'ਤੇ ਟੈਕਸ ਕੱਟਿਆ ਜਾਵੇਗਾ।

* ਪੈਨ ਬੰਦ ਹੋਣ 'ਤੇ ਬੈਂਕ ਨਾਲ ਸਬੰਧਤ ਲੈਣ-ਦੇਣ ਸੰਭਵ ਨਹੀਂ ਹੋਵੇਗਾ। ਕੇ.ਵਾਈ.ਸੀ. ਲਈ ਪੈਨ ਜ਼ਰੂਰੀ ਹੈ।

### ਸੇਬੀ ਨੇ ਪੈਨ-ਆਧਾਰ ਨੂੰ ਲਿੰਕ ਕਰਨਾ ਲਾਜ਼ਮੀ ਕਿਉਂ ਬਣਾਇਆ?

- ਕੇ.ਵਾਈ.ਸੀ. ਲਈ ਪੈਨ ਜ਼ਰੂਰੀ ਹੈ। ਕੇ.ਵਾਈ.ਸੀ. ਤੋਂ ਬਾਅਦ ਹੀ ਸੁਰੱਖਿਅਤ ਬਾਜ਼ਾਰ ਵਿਚ ਲੈਣ-ਦੇਣ ਸੰਭਵ ਹੈ।
- ਸੇਬੀ ਦੀ ਰਜਿਸਟਰਡ ਇਕਾਈ ਅਤੇ ਮਾਰਕੀਟ ਬੁਨਿਆਦੀ ਢਾਂਚਾ ਸੰਸਥਾ ਲਈ ਬਾਜ਼ਾਰ ਵਿਚ ਨਿਵੇਸ਼ ਕਰਨ ਲਈ ਕੇ.ਵਾਈ.ਸੀ. ਕਰਵਾਉਣਾ ਜ਼ਰੂਰੀ ਹੈ।
- ਇਸ ਲਈ, ਸੁਰੱਖਿਅਤ ਮਾਰਕੀਟ ਵਿਚ ਕੰਮ ਕਰਨ ਲਈ ਨਿਵੇਸ਼ਕਾਂ ਦਾ ਪੈਨ-ਆਧਾਰ ਲਿੰਕ ਕਰਨਾ ਜ਼ਰੂਰੀ ਹੈ।

## ਦਿੱਲੀ ਸ਼ਰਾਬ ਘੁਟਾਲਾ: ਦਿੱਲੀ ਹਾਈਕੋਰਟ ਵੱਲੋਂ ਮਨੀਸ਼ ਸਿਸੋਦੀਆ ਜ਼ਮਾਨਤ ਪਟੀਸ਼ਨ ਖਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਆਬਕਾਰੀ ਨੀਤੀ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਦਿੱਲੀ ਦੇ ਸਾਬਕਾ ਉਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ਨੂੰ ਦਿੱਲੀ ਹਾਈ ਕੋਰਟ ਨੇ ਖ਼ਾਰਿਜ ਕਰ ਦਿੱਤਾ ਹੈ। ਸੀ.ਬੀ.ਆਈ. ਨੇ ਮਨੀਸ਼ ਸਿਸੋਦੀਆ ਨੂੰ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ। ਜ਼ਮਾਨਤ ਦੇਣ ਤੋਂ ਇਨਕਾਰ ਕਰਨ ਦੇ ਰਾਊਜ਼ ਐਵੀਨਿਊ ਕੋਰਟ ਦੇ ਫ਼ੈਸਲੇ ਨੂੰ ਮਨੀਸ਼ ਸਿਸੋਦੀਆ ਨੇ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ।

ਕੋਰਟ ਨੇ ਕਿਹਾ ਕਿ ਸਿਸੋਦੀਆ ਮਨੀ ਲਾਂਡਰਿੰਗ ਤਹਿਤ ਜ਼ਮਾਨਤ ਦੇਣ ਦੀਆਂ ਦੋਹਰੀਆਂ ਸ਼ਰਤਾਂ ਦੇ ਨਾਲ-ਨਾਲ ਜ਼ਮਾਨਤ ਦੇਣ ਲਈ ਟ੍ਰਿਪਲ ਟੈਸਟ ਨੂੰ ਪੂਰਾ ਕਰਨ ਵਿਚ ਅਸਫਲ ਰਹੇ ਹਨ। ਅਦਾਲਤ ਨੇ ਕਿਹਾ ਕਿ ਵਿਜੈ ਨਾਇਰ 'ਤੇ ਵੀ ਦੋਸ਼ ਗੰਭੀਰ ਹਨ ਅਤੇ ਉਹ ਸਿਸੋਦੀਆ ਦੇ ਕਰੀਬੀ ਰਹੇ ਹਨ। ਅਦਾਲਤ ਨੇ ਕਿਹਾ ਕਿ ਜ਼ਮਾਨਤ ਪਟੀਸ਼ਨ ਖ਼ਾਰਜ ਕਰਨ ਦੇ ਫ਼ੈਸਲੇ ਦੇ ਆਦੇਸ਼ 'ਚ ਕੋਈ ਗ਼ਲਤੀ ਨਹੀਂ ਹੈ। ਇਸ ਦੇ ਨਾਲ ਹੀ ਇਸੇ ਮਾਮਲੇ ਵਿਚ ਸਹਿ-ਮੁਲਜ਼ਮ ਆਮ ਆਦਮੀ ਪਾਰਟੀ ਦੇ ਸਾਬਕਾ ਮੀਡੀਆ ਇੰਚਾਰਜ ਵਿਜੈ ਨਾਇਰ, ਹੈਦਰਾਬਾਦ ਦੇ ਕਾਰੋਬਾਰੀ ਅਭਿਸ਼ੇਕ ਬੋਈਨਪੱਲੀ ਅਤੇ ਬਿਨਾਇ ਬਾਬੂ ਦੀ ਜ਼ਮਾਨਤ ਪਟੀਸ਼ਨ ਵੀ ਖ਼ਾਰਜ ਕਰ ਦਿੱਤੀ। ਜ਼ਿਕਰਯੋਗ ਹੈ ਕਿ ਮਨੀਸ਼ ਸਿਸੋਦੀਆ ਨੂੰ 26 ਫਰਵਰੀ ਨੂੰ ਸੀ.ਬੀ.ਆਈ. ਨੇ ਗ੍ਰਿਫ਼ਤਾਰ ਕੀਤਾ ਸੀ, ਉਦੋਂ ਤੋਂ ਉਹ ਤਿਹਾੜ ਜੇਲ੍ਹ ਵਿਚ ਬੰਦ ਹਨ।


## ਇੰਡੋ-ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ-ਡੈਲਟਾ ਨੇ ਧੂਮਧਾਮ ਨਾਲ ਮਨਾਇਆ 'ਕੈਨੇਡਾ ਡੇ'



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਇੰਡੋ ਕੈਨੇਡੀਅਨ ਸੀਨੀਅਰਜ਼ ਸੈਂਟਰ ਸਰੀ ਵੱਲੋਂ 'ਕੈਨੇਡਾ ਡੇ' ਉੱਪਰ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਹਰਪਾਲ ਸਿੰਘ ਬਰਾੜ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਵਿਚ ਕੈਨੇਡਾ ਦਾ ਝੰਡਾ ਲਹਿਰਾਇਆ ਗਿਆ ਅਤੇ ਫਿਰ 'ਓ-ਕੈਨੇਡਾ' ਦੇ ਸੰਗੀਤ ਨਾਲ ਸਾਰਾ ਹਾਲ ਗੂੰਜ ਉੱਠਿਆ। ਅਜਮੇਰ ਸਿੰਘ ਵਕੀਲ ਨੇ ਕੈਨੇਡਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਬੀਬੀ ਦਵਿੰਦਰ ਕੌਰ ਜੌਹਲ, ਮਨਜੀਤ ਸਿੰਘ ਮੱਲ੍ਹਾ ਨੇ ਖ਼ੂਬ ਰੰਗ ਬੰਨ੍ਹਿਆਂ। ਕੁਲਦੀਪ ਮਾਣਕ ਦੇ ਲੰਮਾਂ ਸਮਾਂ ਰਹੇ ਸਾਥੀ ਸੁਰਿੰਦਰ ਭਲਵਾਨ "ਰਕਬਾ" ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਸੁਣਾਈ। ਸੈਂਟਰ ਵੱਲੋਂ ਮਹਿੰਦਰ ਸਿੰਘ ਧਾਲੀਵਾਲ ਅਤੇ ਸੰਤਾ ਸਿੰਘ ਮੋਮੀ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਜਨਰਲ ਸਕੱਤਰ ਕ੍ਰਿਪਾਲ ਸਿੰਘ ਜੌਹਲ ਨੇ ਸ਼ਾਮਲ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com






# 2 ਵਾਰ ਦੀ ਵਿਸ਼ਵ ਚੈਂਪੀਅਨ ਵੈਸਟ ਇੰਡੀਅਜ਼ ਵਿਸ਼ਵ ਕੱਪ-2023 'ਚੋਂ ਹੋਈ ਬਾਹਰ !




**ਹਰਾਰੇ, (ਪੰਜਾਬ ਮੇਲ)**- ਸਕਾਟਲੈਂਡ ਨੇ ਵਿਸ਼ਵ ਕੱਪ 2023 ਦਾ ਵੱਡਾ ਉਲਟਫੇਰ ਕਰਦਿਆਂ ਵੈਸਟ ਇੰਡੀਜ਼ ਨੂੰ ਕੁਆਲੀਫਿਕੇਸ਼ਨ ਦੀ ਦੌੜ ਤੋਂ ਬਾਹਰ ਕਰ ਦਿੱਤਾ ਹੈ। ਸਕਾਟਲੈਂਡ ਨੇ ਅਹਿਮ ਮੁਕਾਬਲੇ 'ਚ ਵੈਸਟ ਇੰਡੀਜ਼ ਦੀ ਟੀਮ ਨੂੰ 7 ਵਿਕਟਾਂ ਨਾਲ ਹਰਾ ਕੇ ਉਸ ਦੀਆਂ ਵਨ ਡੇਅ ਵਿਸ਼ਵ ਕੱਪ ਖੇਡਣ ਦੀਆਂ ਉਮੀਦਾਂ ਨੂੰ ਤੋੜ ਦਿੱਤਾ।

ਦੋ ਵਾਰ ਦੀ ਚੈਂਪੀਅਨ ਵੈਸਟ ਇੰਡੀਜ਼ ਸ਼ਨੀਵਾਰ ਨੂੰ ਵਨ ਡੇਅ ਵਿਸ਼ਵ ਕੱਪ 2023 ਲਈ ਕੁਆਲੀਫਾਈ ਕਰਨ ਦੀ ਦੌੜ ਤੋਂ ਬਾਹਰ ਹੋ ਗਈ। ਵਨ ਡੇਅ ਵਿਸ਼ਵ ਕੱਪ ਕੁਆਲੀਫਾਇੰਗ ਮੈਚ ਦੇ ਸੁਪਰ ਸਿਕਸ ਗੇੜ 'ਚ ਸਕਾਟਲੈਂਡ ਤੋਂ ਸੱਤ ਵਿਕਟਾਂ ਦੀ ਹਾਰ ਤੋਂ ਬਾਅਦ ਵੈਸਟ ਇੰਡੀਜ਼ ਭਾਰਤ 'ਚ ਹੋਣ ਵਾਲੇ ਟੂਰਨਾਮੈਂਟ 'ਚ ਹਿੱਸਾ ਨਹੀਂ ਲੈ ਸਕੇਗੀ। ਟੂਰਨਾਮੈਂਟ ਦੇ 48 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਵੈਸਟ ਇੰਡੀਜ਼ ਸੀਮਤ ਓਵਰਾਂ ਦੀ ਕ੍ਰਿਕਟ ਵਿਚ ਚੋਟੀ ਦੀਆਂ 10 ਟੀਮਾਂ ਵਿਚ ਸ਼ਾਮਲ ਨਹੀਂ ਹੋਵੇਗੀ। 1975 ਅਤੇ 1979 ਦੀ ਚੈਂਪੀਅਨ ਇਸ ਵਾਰ ਟੂਰਨਾਮੈਂਟ ਦਾ ਇਕ ਵੀ ਮੁਕਾਬਲਾ ਨਹੀਂ ਖੇਡ ਸਕੇਗੀ।

ਸ਼ਨੀਵਾਰ ਨੂੰ ਸਕਾਟਲੈਂਡ ਖ਼ਿਲਾਫ਼ ਵੈਸਟ ਇੰਡੀਜ਼ ਦੀ ਬੱਲੇਬਾਜ਼ੀ ਕੰਮ ਨਹੀਂ ਆਈ। ਪੂਰੀ ਟੀਮ 43.5 ਓਵਰਾਂ ਵਿਚ 181 ਦੌੜਾਂ ਬਣਾ ਕੇ ਆਊਟ ਹੋ ਗਈ। ਸਕਾਟਲੈਂਡ ਨੇ 6.3 ਓਵਰ ਬਾਕੀ ਰਹਿੰਦਿਆਂ 3 ਵਿਕਟਾਂ ਦੇ ਨੁਕਸਾਨ 'ਤੇ ਟੀਚਾ ਹਾਸਲ ਕਰ ਲਿਆ। ਸਕਾਟਲੈਂਡ ਦੀ ਵੈਸਟ ਇੰਡੀਜ਼ ਖ਼ਿਲਾਫ਼ ਚਾਰ ਮੈਚਾਂ ਵਿਚ ਇਹ ਪਹਿਲੀ ਜਿੱਤ ਹੈ। ਟੀਚੇ ਦਾ ਪਿੱਛਾ ਕਰਦੇ ਹੋਏ ਮੈਟ ਕਰਾਸ (107 ਗੇਂਦਾਂ 'ਤੇ ਨਾਬਾਦ 74 ਦੌੜਾਂ) ਅਤੇ ਬ੍ਰੈਂਡਨ ਮੈਕਮੁਲਨ (106 ਗੇਂਦਾਂ 'ਤੇ 69 ਦੌੜਾਂ) ਨੇ ਦੂਜੀ ਵਿਕਟ ਲਈ 125 ਦੌੜਾਂ ਦੀ ਸਾਂਝੇਦਾਰੀ ਕਰ ਕੇ ਟੀਮ ਦੀ ਜਿੱਤ ਦੀ ਨੀਂਹ ਰੱਖੀ। ਵੈਸਟ ਇੰਡੀਜ਼ ਨੂੰ ਇਸ ਤੋਂ ਪਹਿਲਾਂ ਗਰੁੱਪ ਗੇੜ 'ਚ ਸੁਪਰ ਓਵਰ ਦੇ ਮੈਚ 'ਚ ਨੀਦਰਲੈਂਡ ਨੇ ਹਰਾਇਆ ਸੀ। ਇਸ ਤੋਂ ਬਾਅਦ ਟੀਮ ਜ਼ਿੰਬਾਬਵੇ ਖ਼ਿਲਾਫ਼ ਵੀ ਹਾਰ ਗਈ ਸੀ। ਜ਼ਿੰਬਾਬਵੇ ਅਤੇ ਨੀਦਰਲੈਂਡਜ਼ ਦੇ ਸੁਪਰ ਸਿਕਸ 'ਚ ਕੁਆਲੀਫਾਈ ਕਰਨ ਦੇ ਨਾਲ, ਵੈਸਟ ਇੰਡੀਜ਼ ਬਿਨਾਂ ਕਿਸੇ ਅੰਕ ਅਤੇ ਖਰਾਬ ਨੈੱਟ ਰਨ ਰੇਟ ਦੇ ਨਾਲ ਟੂਰਨਾਮੈਂਟ ਤੋਂ ਬਾਹਰ ਹੋ ਗਿਆ।

# ਵਿਨੇਸ਼ ਤੇ ਬਜਰੰਗ ਨੂੰ ਵਿਦੇਸ਼ 'ਚ ਟਰੇਨਿੰਗ ਲਈ ਮਨਜ਼ੂਰੀ

**ਨਵੀਂ ਦਿੱਲੀ, (ਪੰਜਾਬ ਮੇਲ)**- ਖੇਡ ਮੰਤਰਾਲੇ ਨੇ ਪਹਿਲਵਾਨ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ, ਜਿਨ੍ਹਾਂ ਨੇ ਏਸ਼ਿਆਈ ਖੇਡਾਂ ਅਤੇ ਵਿਸ਼ਵ ਚੈਂਪੀਅਨਸ਼ਿਪ ਵਾਸਤੇ ਟਰਾਇਲ ਲਈ 10 ਅਗਸਤ ਤੱਕ ਦਾ ਸਮਾਂ ਮੰਗਿਆ ਸੀ, ਨੂੰ ਕ੍ਰਮਵਾਰ ਕਿਰਗਿਜ਼ਸਤਾਨ ਅਤੇ ਹੰਗਰੀ 'ਚ ਟਰੇਨਿੰਗ ਲੈਣ ਲਈ ਮਨਜ਼ੂਰੀ ਦੇ ਦਿੱਤੀ ਹੈ। ਦੋਵੇਂ ਪਹਿਲਵਾਨ ਕਥਿਤ ਜਿਨਸੀ ਸੋਸ਼ਣ ਮਾਮਲੇ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਿੰਘ ਖ਼ਿਲਾਫ਼ ਅੰਦੋਲਨ ਦੀ ਅਗਵਾਈ ਕਰ ਰਹੇ ਸਨ ਅਤੇ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਵਿਦੇਸ਼ 'ਚ ਟਰੇਨਿੰਗ ਲਈ ਆਪਣੀ ਤਜਵੀਜ਼ ਭੇਜੀ ਸੀ। ਇਹ ਦੋਨੋਂ ਜੁਲਾਈ ਦੇ ਪਹਿਲੇ ਹਫਤੇ ਰਵਾਨਾ ਹੋਣਗੇ। ਮੰਤਰਾਲੇ ਵੱਲੋਂ ਕਿਹਾ ਗਿਆ ਕਿ ਬਜਰੰਗ ਪੂਨੀਆ ਕਿਰਗਿਜ਼ਸਤਾਨ ਵਿਚ 36 ਦਿਨਾਂ ਦੇ ਟਰੇਨਿੰਗ ਕੈਂਪ ਵਿਚ ਹਿੱਸਾ ਲਵੇਗਾ, ਜਦਕਿ ਵਿਨੇਸ਼ ਫੋਗਾਟ ਬਿਸ਼ਕੇਕ (ਕਿਰਗਿਜ਼ਸਤਾਨ) 'ਚ ਇੱਕ ਹਫ਼ਤੇ ਦੇ ਅਭਿਆਸ ਮਗਰੋਂ ਹੰਗਰੀ ਵਿਚ 18 ਦਿਨਾਂ ਟਰੇਨਿੰਗ ਕੈਂਪ 'ਚ ਹਿੱਸਾ ਲਵੇਗੀ।

ਸਫਾ 1 ਦਾ ਬਾਕੀ

## ਭਾਰਤ ਵੱਲੋਂ ਆਪਣੇ ਡਿਪਲੋਮੈਟਾਂ ਨੂੰ ਖ਼ਾਲਿਸਤਾਨੀ ਸਮਰਥਕਾਂ...

ਅਤੇ ਉਨ੍ਹਾਂ 'ਤੇ ਜੂਨ ਵਿਚ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭੂਮਿਕਾ ਨਿਭਾਉਣ ਦਾ ਦੋਸ਼ ਲਗਾਇਆ ਗਿਆ ਹੈ। ਇਹ ਰੈਲੀ 18 ਜੂਨ ਨੂੰ ਕੈਨੇਡਾ ਦੇ ਸਰੀ 'ਚ ਗੋਲੀਬਾਰੀ 'ਚ ਮਾਰੇ ਗਏ ਹਰਜੀਤ ਸਿੰਘ ਨਿੱਝਰ ਉਰਫ਼ ਹਰਦੀਪ ਸਿੰਘ ਨਿੱਝਰ ਦੇ ਨਾਂਅ 'ਤੇ ਕੀਤੀ ਜਾ ਰਹੀ ਹੈ। ਇਸ ਦੌਰਾਨ ਕੈਨੇਡਾ ਨੇ ਭਾਰਤ ਨੂੰ ਉਸ ਦੇ ਸਫੀਰਾਂ ਦੀ ਸੁਰੱਖਿਆ ਲਈ ਭਰੋਸਾ ਦਿੱਤਾ ਹੈ।

ਸਫਾ 1 ਦਾ ਬਾਕੀ

## ਅਮਰੀਕੀ ਯੂਨੀਵਰਸਿਟੀਆਂ 'ਚ ਦਾਖਲਿਆਂ ਨੂੰ ਲੈ ਕੇ...

ਕੀਤਾ ਜਾਣਾ ਚਾਹੀਦਾ ਹੈ, ਨਸਲ ਦੇ ਆਧਾਰ 'ਤੇ ਨਹੀਂ। ਯੂਨੀਵਰਸਿਟੀ ਕਿਸੇ ਬਿਨੈਕਾਰ ਦੇ ਨਿੱਜੀ ਤਜ਼ਰਬੇ 'ਤੇ ਵਿਚਾਰ ਕਰਨ ਲਈ ਆਜ਼ਾਦ ਹੈ। ਉਦਾਹਰਨ ਲਈ, ਹੋ ਸਕਦਾ ਹੈ ਕਿ ਉਹ ਨਸਲਵਾਦ ਦਾ ਅਨੁਭਵ ਕਰਦੇ ਹੋਏ ਵੱਡੇ ਹੋਏ ਹੋਣ, ਪਰ ਮੁੱਖ ਤੌਰ 'ਤੇ ਇਸ ਆਧਾਰ 'ਤੇ ਫੈਸਲਾ ਲੈਣਾ ਕਿ ਬਿਨੈਕਾਰ ਗੈਰ ਗੋਰਾ ਹੈ, ਆਪਣੇ ਆਪ ਵਿਚ ਨਸਲੀ ਵਿਤਕਰਾ ਹੈ। ਜੇਕਰ ਯੂਨੀਵਰਸਿਟੀ ਵਿਚ ਦਾਖਲਾ ਲੈਣ ਦਾ ਫਾਇਦਾ ਕੁਝ ਵਰਗ ਦੇ ਲੋਕਾਂ ਨੂੰ ਦਿੱਤਾ ਜਾਂਦਾ ਹੈ, ਤਾਂ ਇਹ ਬਾਕੀਆਂ ਨਾਲ ਵਿਤਕਰਾ ਹੋਵੇਗਾ, ਜੋ ਉਨ੍ਹਾਂ ਦੇ ਅਧਿਕਾਰਾਂ ਦੇ ਖਿਲਾਫ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਸੰਵਿਧਾਨਕ ਇਤਿਹਾਸ ਉਸ ਵਿਕਲਪ ਨੂੰ ਬਰਦਾਸ਼ਤ ਨਹੀਂ ਕਰਦਾ।"

ਅਦਾਲਤ ਨੇ ਇਹ ਫੈਸਲਾ ਐਕਟੀਵਿਸਟ ਗਰੁੱਪ ਸਟੂਡੈਂਟਸ ਫਾਰ ਫੇਅਰ ਐਡਮਿਸ਼ਨ ਦੀ ਪਟੀਸ਼ਨ 'ਤੇ ਦਿੱਤਾ ਹੈ। ਇਸ ਗਰੁੱਪ ਨੇ ਉੱਚ ਸਿੱਖਿਆ ਦੇ ਸਭ ਤੋਂ ਪੁਰਾਣੇ ਨਿੱਜੀ ਅਤੇ ਸਰਕਾਰੀ ਅਦਾਰਿਆਂ, ਖਾਸ ਕਰਕੇ ਹਾਰਵਰਡ ਯੂਨੀਵਰਸਿਟੀ ਅਤੇ ਉੱਤਰੀ ਕੈਰੋਲੀਨਾ ਯੂਨੀਵਰਸਿਟੀ (ਯੂ.ਐੱਨ.ਸੀ.) ਵਿਰੁੱਧ ਉਨ੍ਹਾਂ ਦੀਆਂ ਦਾਖ਼ਲਾ ਨੀਤੀਆਂ ਨੂੰ ਲੈ ਕੇ ਕੇਸ ਦਾਇਰ ਕੀਤਾ ਸੀ। ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਸੀ ਕਿ ਨਸਲ-ਪ੍ਰੇਰਿਤ ਦਾਖਲੇ ਬਰਾਬਰ ਜਾਂ ਵੱਧ ਯੋਗ ਏਸ਼ੀਆਈ-ਅਮਰੀਕਨਾਂ ਨਾਲ ਵਿਤਕਰਾ ਕਰਦੇ ਹਨ।

ਸਫਾ 1 ਦਾ ਬਾਕੀ

## ਪਾਸਪੋਰਟ ਬਣਵਾਉਣ ਲਈ ਅਮਰੀਕਾ 'ਚ ਹਰ ਹਫ਼ਤੇ...

ਸਰਕਾਰ ਨੇ ਇਸ ਕੰਮ ਨਾਲ ਜੁੜੀਆਂ ਕੰਪਨੀਆਂ ਨਾਲ ਸਮਝੌਤੇ ਖ਼ਤਮ ਕਰ ਦਿੱਤੇ, ਵੱਡੀ ਗਿਣਤੀ 'ਚ ਸਟਾਫ ਨੂੰ ਹੋਰ ਕੰਮਾਂ 'ਚ ਤਾਇਨਾਤ ਕਰ ਦਿੱਤਾ। ਪਾਸਪੋਰਟ ਨਵਿਆਉਣ ਲਈ ਸਰਕਾਰ ਦੀ ਆਨਲਾਈਨ ਪ੍ਰਣਾਲੀ ਨੂੰ ਸੁਧਾਰਨ ਲਈ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਸੀ। ਬਲਿੰਕਨ ਅਨੁਸਾਰ, ਹੁਣ ਜਦੋਂ ਕਿ ਸੈਰ-ਸਪਾਟਾ ਅਤੇ ਯਾਤਰਾ ਮੁੜ ਤੋਂ ਵੱਧ ਰਹੀ ਹੈ, ਪਾਸਪੋਰਟ ਅਰਜ਼ੀਆਂ ਅਸਮਾਨੀ ਚੜ੍ਹ ਗਈਆਂ ਹਨ। ਸਥਿਤੀ ਨੂੰ ਸੁਧਾਰਨ ਲਈ ਮੁਲਾਜ਼ਮਾਂ ਦੀ ਭਰਤੀ ਕੀਤੀ ਜਾ ਰਹੀ ਹੈ।

ਪਾਸਪੋਰਟ ਬਣਾਉਣ 'ਚ ਦੇਰੀ ਤੋਂ ਪਰੇਸ਼ਾਨ ਅਮਰੀਕੀ ਸੋਸ਼ਲ ਮੀਡੀਆ 'ਤੇ ਆਪਣਾ ਗੁੱਸਾ ਕੱਢ ਰਹੇ ਹਨ ਅਤੇ ਆਪਣੇ ਸੰਸਦ ਮੈਂਬਰਾਂ ਤੋਂ ਜਵਾਬ ਮੰਗ ਰਹੇ ਹਨ। ਸੈਨੇਟ ਅਤੇ ਪ੍ਰਤੀਨਿਧੀ ਸਭਾ ਦੇ ਕਈ ਮੈਂਬਰਾਂ ਨੂੰ ਇਸ ਸਾਲ ਸਭ ਤੋਂ ਵੱਧ ਸ਼ਿਕਾਇਤਾਂ ਸਮੇਂ ਸਿਰ ਪਾਸਪੋਰਟ ਨਾ ਬਣਾਏ ਜਾਣ ਦੀਆਂ ਪ੍ਰਾਪਤ ਹੋਈਆਂ ਹਨ।

ਸਟਾਫ ਦੀ ਕਟੌਤੀ ਕਈ ਦੇਸ਼ਾਂ 'ਚ ਅਮਰੀਕੀ ਦੂਤਘਰਾਂ ਵਿਚ ਵੀਜ਼ਾ ਅਰਜ਼ੀ ਪ੍ਰਕਿਰਿਆ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਜੂਨ ਵਿਚ ਦਿੱਲੀ ਵਿਚ ਲੋਕਾਂ ਨੂੰ ਵੀਜ਼ਾ ਇੰਟਰਵਿਊ ਲਈ 451 ਦਿਨ ਉਡੀਕ ਕਰਨ ਲਈ ਕਿਹਾ ਜਾ ਰਿਹਾ ਸੀ। ਇਹ ਸਮਾਂ ਸਾਓ ਪੌਲੋ ਵਿਚ 600 ਦਿਨ, ਮੈਕਸੀਕੋ ਸਿਟੀ ਵਿਚ 750 ਦਿਨ, ਬੋਗੋਟਾ, ਕੋਲੰਬੀਆ ਵਿਚ 801 ਦਿਨ ਰਿਹਾ ਹੈ। ਇਜ਼ਰਾਈਲ ਵਿਚ ਇਹ ਮਿਆਦ 8 ਜੂਨ ਨੂੰ 360 ਦਿਨ ਸੀ, ਜੋ 2 ਜੁਲਾਈ ਨੂੰ ਘੱਟ ਕੇ 90 ਦਿਨ ਰਹਿ ਗਈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com




Designed By Punjab Mail USA

# ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਰਾਜਨੀਤੀ ਵਿਚ ਦਾਖਲੇ ਲਈ ਸਾਂਝਾ ਰਾਜਨੀਤਿਕ ਟੈਸਟ ਅਤੇ ਭਾਰਤੀ ਰਾਜਨੀਤਿਕ ਸੇਵਾ ਵਰਗੀ ਪ੍ਰੀਖਿਆ ਹੋਣੀ ਚਾਹੀਦੀ ਹੈ






-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)


ਰਾਜਨੀਤੀ ਦਾ ਅਪਰਾਧੀਕਰਨ ਇੱਕ ਅਜਿਹੀ ਸਥਿਤੀ ਹੈ, ਜਿੱਥੇ ਅਪਰਾਧੀਆਂ ਦੀ ਰਾਜਨੀਤੀ ਵਿਚ ਹੀ ਮਹੱਤਵਪੂਰਨ ਮੌਜੂਦਗੀ ਹੁੰਦੀ ਹੈ। ਰਾਜਨੀਤੀ ਦੇ ਅਪਰਾਧੀਕਰਨ ਕਾਰਨ ਵੱਡੀ ਗਿਣਤੀ 'ਚ ਅਪਰਾਧੀ ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਲੜ ਰਹੇ ਹਨ ਅਤੇ ਲੜ ਰਹੇ ਹਨ। ਜਦੋਂ ਅਪਰਾਧੀ ਚੁਣੇ ਹੋਏ ਨੁਮਾਇੰਦੇ ਅਤੇ ਕਾਨੂੰਨ ਨਿਰਮਾਤਾ ਬਣ ਜਾਂਦੇ ਹਨ, ਤਾਂ ਉਹ ਲੋਕਤੰਤਰੀ ਪ੍ਰਣਾਲੀ ਦੇ ਕੰਮਕਾਜ ਲਈ ਗੰਭੀਰ ਖਤਰਾ ਪੈਦਾ ਕਰਦੇ ਹਨ। ਏ.ਡੀ.ਆਰ. ਦੇ ਅੰਕੜਿਆਂ ਅਨੁਸਾਰ, ਭਾਰਤ ਵਿਚ ਸੰਸਦ ਲਈ ਚੁਣੇ ਗਏ ਅਪਰਾਧਿਕ ਦੋਸ਼ਾਂ ਵਾਲੇ ਉਮੀਦਵਾਰਾਂ ਦੀ ਗਿਣਤੀ 2004 ਤੋਂ ਵੱਧ ਰਹੀ ਹੈ। 2004 ਵਿਚ, 24% ਸੰਸਦ ਮੈਂਬਰਾਂ ਕੋਲ ਅਪਰਾਧਿਕ ਕੇਸ ਲੰਬਿਤ ਸਨ, ਜੋ 2019 ਵਿਚ ਵੱਧ ਕੇ 43% ਹੋ ਗਏ। ਲੋਕ ਸਭਾ ਚੋਣਾਂ 'ਚ 159 ਸੰਸਦ ਮੈਂਬਰਾਂ ਨੇ ਆਪਣੇ ਖਿਲਾਫ ਬਲਾਤਕਾਰ, ਕਤਲ, ਕਤਲ ਦੀ ਕੋਸ਼ਿਸ਼, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧਾਂ ਸਮੇਤ ਗੰਭੀਰ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਸੀ।

ਸਿਆਸਤਦਾਨਾਂ ਨੂੰ ਵਿਸ਼ੇਸ਼ ਅਧਿਕਾਰ ਕਿਉਂ ਦਿੱਤੇ ਜਾਣ? ਕੀ ਚਾਰਜਸ਼ੀਟ ਵਾਲਾ ਵਿਅਕਤੀ ਆਈ.ਏ.ਐੱਸ. ਅਫਸਰ ਬਣ ਸਕਦਾ ਹੈ? ਕੀ ਉਹ ਕੋਈ ਸਿਵਲ ਸੇਵਾ ਅਹੁਦਾ ਸੰਭਾਲ ਸਕਦਾ ਹੈ? ਫਿਰ ਸਿਆਸਤਦਾਨਾਂ ਨੂੰ ਇਹ ਬੇਲੋੜਾ ਵਿਸ਼ੇਸ਼ ਅਧਿਕਾਰ ਕਿਉਂ ਦਿੱਤਾ ਜਾਵੇ, ਜੋ ਸਾਡੇ ਲੋਕਤੰਤਰ ਦੀ ਭਾਵਨਾ ਦੇ ਵਿਰੁੱਧ ਹੈ? ਇਸ ਮਾਮਲੇ ਵਿਚ ਬਦਲਾਅ ਸਿਰਫ਼ ਸੰਸਦ ਹੀ ਲਿਆ ਸਕਦੀ ਹੈ। ਚੋਣ ਕਮਿਸ਼ਨ ਇੱਕ ਦੰਦ-ਰਹਿਤ ਸੰਸਥਾ ਵਿਚ ਤਬਦੀਲ ਹੋ ਗਿਆ ਹੈ। ਸਿਰਫ ਸਿਆਸੀ ਇੱਛਾ ਹੀ ਬਦਲਾਅ ਲਿਆ ਸਕਦੀ ਹੈ।" ਹਾਲ ਹੀ ਵਿਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਕਾਂਗਰਸ, ਬੀ.ਜੇ.ਪੀ. ਅਤੇ ਜੇ.ਡੀ. (ਐੱਸ) ਦੇ ਲਗਭਗ 45 ਪ੍ਰਤੀਸ਼ਤ ਉਮੀਦਵਾਰਾਂ ਜਿਨ੍ਹਾਂ ਨੇ ਹਾਲ ਹੀ ਵਿਚ ਹੋਈਆਂ ਕਰਨਾਟਕ ਚੋਣਾਂ ਵਿਚ ਹਿੱਸਾ ਲਿਆ ਸੀ, ਉਨ੍ਹਾਂ ਦੇ ਖਿਲਾਫ ਅਪਰਾਧਿਕ ਮਾਮਲੇ ਸਨ। ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ 30 ਫੀਸਦੀ ਉਮੀਦਵਾਰਾਂ 'ਤੇ ਬਲਾਤਕਾਰ ਅਤੇ ਕਤਲ ਸਮੇਤ ਗੰਭੀਰ ਅਪਰਾਧਾਂ ਦੇ ਦੋਸ਼ ਹਨ। ਭਾਰਤ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇੱਕ ਹੈ, ਜਿੱਥੇ ਅਪਰਾਧੀਆਂ ਨੂੰ ਚੋਣਾਂ ਵਿਚ ਖੁੱਲ੍ਹ ਕੇ ਹਿੱਸਾ ਲੈਣ ਅਤੇ ਜੇਤੂ ਬਣ ਕੇ ਉਭਰਨ ਦੀ ਇਜਾਜ਼ਤ ਹੈ।

ਆਓ ਸੰਯੁਕਤ ਰਾਜ ਅਮਰੀਕਾ ਦੀ ਉਦਾਹਰਣ ਲਈਏ। ਜੇਕਰ ਕਿਸੇ 'ਤੇ ਕਤਲ ਜਾਂ ਬਲਾਤਕਾਰ ਦਾ ਮਾਮਲਾ ਹੈ, ਤਾਂ ਉਸ ਨੂੰ ਕਦੇ ਵੀ ਸਿਆਸੀ ਟਿਕਟ ਲਈ ਵਿਚਾਰਿਆ ਨਹੀਂ ਜਾਵੇਗਾ। ਅਜਿਹੇ ਵਿਅਕਤੀਆਂ ਨੂੰ ਚੋਣ ਲੜਨ ਤੋਂ ਰੋਕਿਆ ਜਾਵੇਗਾ। ਹਾਲਾਂਕਿ ਭਾਰਤ ਵਿਚ ਅਜਿਹਾ ਨਹੀਂ ਹੈ। ਇਹ ਸਾਡੀ ਜਮਹੂਰੀ ਪ੍ਰਕਿਰਿਆ ਲਈ ਗੰਭੀਰ ਖਤਰਾ ਹੈ। ਅਪਰਾਧੀਆਂ ਵਾਲਾ ਲੋਕਤੰਤਰ ਸਿਹਤਮੰਦ ਲੋਕਤੰਤਰ ਨਹੀਂ ਹੈ। ਰਾਜਨੀਤੀ ਦੇ ਅਪਰਾਧੀਕਰਨ ਦੇ ਮੁੱਦੇ ਬਾਰੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਜੇਕਰ ਉਹ ਅਜਿਹੇ ਵਿਅਕਤੀਆਂ ਨੂੰ ਵੋਟ ਪਾਉਂਦੇ ਹਨ, ਤਾਂ ਉਹ ਦੇਸ਼ ਦਾ ਹੀ ਨਹੀਂ, ਸਗੋਂ ਆਪਣਾ ਵੀ ਨੁਕਸਾਨ ਕਰ ਰਹੇ ਹਨ। ਉਦਾਹਰਨ ਲਈ, ਜੇਕਰ ਤੁਸੀਂ ਆਰਥਿਕ ਤੌਰ 'ਤੇ ਪਛੜੇ ਪਿਛੋਕੜ ਵਾਲੇ ਵਿਅਕਤੀ ਹੋ ਅਤੇ ਤੁਸੀਂ ਅਜਿਹੇ ਉਮੀਦਵਾਰਾਂ ਨੂੰ ਵੋਟ ਦਿੰਦੇ ਹੋ, ਤਾਂ ਤੁਹਾਡੇ ਬੱਚਿਆਂ ਦੀ ਸਿੱਖਿਆ ਪ੍ਰਭਾਵਿਤ ਹੋਵੇਗੀ ਕਿਉਂਕਿ ਸਕੂਲ ਸਹੀ ਢੰਗ ਨਾਲ ਕੰਮ ਨਹੀਂ ਕਰਨਗੇ। ਇਸੇ ਤਰ੍ਹਾਂ, ਜਦੋਂ ਤੁਹਾਨੂੰ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ, ਤਾਂ ਇਨ੍ਹਾਂ ਅਪਰਾਧੀਆਂ ਦੁਆਰਾ ਕੀਤੇ ਗਏ ਭ੍ਰਿਸ਼ਟਾਚਾਰ ਦੇ ਕਾਰਨ ਹਸਪਤਾਲ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰਨਗੇ। ਤੁਸੀਂ ਬੁਨਿਆਦੀ ਸਹੂਲਤਾਂ ਅਤੇ ਸੇਵਾਵਾਂ ਤੋਂ ਵਾਂਝੇ ਹੋ ਜਾਵੋਗੇ।

ਭਾਰਤ ਦੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਦੇ ਅਨੁਸਾਰ, ਬਹੁਤ ਸਾਰੇ ਰਾਜਨੇਤਾ ਕਾਨੂੰਨ ਨਿਰਮਾਤਾਵਾਂ ਦੇ ਰੂਪ ਵਿਚ ਉਨ੍ਹਾਂ ਦੀ ਮਹੱਤਵਪੂਰਣ ਸ਼ਕਤੀ ਅਤੇ ਪ੍ਰਭਾਵ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਹਨਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀਆਂ ਪਦਵੀਆਂ ਉਨ੍ਹਾਂ ਨੂੰ ਨਾ ਸਿਰਫ਼ ਉਨ੍ਹਾਂ ਕਾਨੂੰਨਾਂ ਨੂੰ ਰੋਕਣ ਦੀ ਸਮਰੱਥਾ ਦਿੰਦੀਆਂ ਹਨ, ਜੋ ਉਨ੍ਹਾਂ ਨੂੰ ਜਵਾਬਦੇਹ ਬਣਾ ਸਕਦੇ ਹਨ, ਸਗੋਂ ਸਰਕਾਰੀ ਅਧਿਕਾਰੀਆਂ ਉੱਤੇ ਪ੍ਰਭਾਵ ਪਾਉਣ ਦੀ ਵੀ ਸਮਰੱਥਾ ਦਿੰਦੇ ਹਨ, ਇਹ ਯਕੀਨੀ ਬਣਾਉਂਦੇ ਹਨ ਕਿ ਉਨ੍ਹਾਂ ਦੇ ਖਿਲਾਫ ਕੇਸ ਦਾਇਰ ਨਾ ਕੀਤੇ ਜਾਣ ਅਤੇ ਉਹ ਸੁਰੱਖਿਅਤ ਹਨ। ਡਰ ਅਤੇ ਹਿੰਸਾ ਦੀ ਵਰਤੋਂ ਕਰਕੇ ਵੋਟਰਾਂ ਨੂੰ ਡਰਾਉਣ ਲਈ ਅਪਰਾਧੀਆਂ ਅਤੇ ਸਿਆਸਤਦਾਨਾਂ ਵਿਚਕਾਰ ਗਠਜੋੜ ਵਧ ਰਿਹਾ ਹੈ। ਅਪਰਾਧੀ ਵੋਟਾਂ ਖਰੀਦਣ ਅਤੇ ਮੁਫਤ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਨਾਜਾਇਜ਼ ਖਰਚੇ ਦਾ ਸਹਾਰਾ ਲੈਂਦੇ ਹਨ। ਅਪਰਾਧੀ ਸਿਆਸਤਦਾਨ ਨੌਕਰਸ਼ਾਹਾਂ ਦੀ ਤਾਇਨਾਤੀ ਅਤੇ ਤਬਾਦਲੇ ਵਿਚ ਆਪਣੇ ਪ੍ਰਭਾਵ ਦੀ ਵਰਤੋਂ ਕਰਦੇ ਹਨ ਅਤੇ ਇਸ ਤਰ੍ਹਾਂ ਰਾਜ ਦੇ ਸ਼ਾਸਨ ਨੂੰ ਪ੍ਰਭਾਵਿਤ ਕਰਦੇ ਹਨ। ਉਹ ਜਾਤ, ਵਰਗ ਅਤੇ ਧਰਮ ਦੇ ਅਧਾਰ 'ਤੇ ਸਮਾਜ ਵਿੱਚ ਵੰਡੀਆਂ ਦਾ ਸ਼ੋਸ਼ਣ ਕਰਦੇ ਹਨ ਅਤੇ ਆਪਣੇ ਆਪ ਨੂੰ ਆਪਣੇ ਭਾਈਚਾਰਿਆਂ ਦੇ ਰੱਖਿਅਕ ਵਜੋਂ ਪੇਸ਼ ਕਰਦੇ ਹਨ। ਇਸ ਤਰ੍ਹਾਂ ਉਹ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਸਿਆਸਤਦਾਨਾਂ ਵਜੋਂ ਅਪਰਾਧੀ ਸਿੱਖਿਅਤ ਸੰਸਦ ਮੈਂਬਰ ਨਹੀਂ ਹੁੰਦੇ ਹਨ ਅਤੇ ਅਕਸਰ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿਚ ਵਿਘਨ ਪੈਦਾ ਕਰਨ ਲਈ ਗੈਰ-ਸੰਸਦੀ ਅਭਿਆਸਾਂ ਦਾ ਸਹਾਰਾ ਲੈਂਦੇ ਹਨ, ਜੋ ਪ੍ਰਤੀਨਿਧੀ ਸੰਸਥਾ ਦੇ ਕੰਮਕਾਜ ਨੂੰ ਪ੍ਰਭਾਵਤ ਕਰਦੇ ਹਨ। ਜਿਵੇਂ ਕਿ ਅਪਰਾਧਿਕ ਪਿਛੋਕੜ ਵਾਲੇ ਸਿਆਸਤਦਾਨ ਮੰਤਰੀ ਅਤੇ ਕਾਨੂੰਨ ਨਿਰਮਾਤਾ ਬਣ ਜਾਂਦੇ ਹਨ, ਰਾਜ ਦੀਆਂ ਏਜੰਸੀਆਂ ਲਈ ਉਨ੍ਹਾਂ 'ਤੇ ਮੁਕੱਦਮਾ ਚਲਾਉਣਾ ਮੁਸ਼ਕਲ ਹੋ ਜਾਂਦਾ ਹੈ, ਜਿਸ ਨਾਲ ਨਿਆਂਪਾਲਿਕਾ ਵਿਚ ਅਪਰਾਧਿਕ ਮਾਮਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਸ ਨਾਲ ਪੈਸੇ ਅਤੇ ਮਾਸਪੇਸ਼ੀ ਦੀ ਤਾਕਤ 'ਤੇ ਰੋਕ ਲੱਗੇਗੀ ਅਤੇ ਗੰਭੀਰ ਉਮੀਦਵਾਰਾਂ ਨੂੰ ਚੋਣਾਂ ਲੜਨ 'ਚ ਮਦਦ ਮਿਲੇਗੀ। ਹੁਣ ਸਮਾਂ ਆ ਗਿਆ ਹੈ ਕਿ ਚੋਣ ਪ੍ਰਕਿਰਿਆ ਨੂੰ ਨਿਯਮਤ ਕਰਨ ਵਿਚ ਚੋਣ ਕਮਿਸ਼ਨ ਦੀ ਭੂਮਿਕਾ ਨੂੰ ਮਜ਼ਬੂਤ ਕੀਤਾ ਜਾਵੇ ਅਤੇ ਅਪਰਾਧਿਕ ਰਿਕਾਰਡ ਵਾਲੇ ਉਮੀਦਵਾਰਾਂ ਨੂੰ ਅਯੋਗ ਠਹਿਰਾਉਣ ਲਈ ਇੱਕ ਢਾਂਚਾ ਸਥਾਪਤ ਕੀਤਾ ਜਾਵੇ। ਸੰਸਦ ਨੂੰ ਇੱਕ ਮਜ਼ਬੂਤ ਕਾਨੂੰਨੀ ਢਾਂਚਾ ਤਿਆਰ ਕਰਨਾ ਚਾਹੀਦਾ ਹੈ, ਜੋ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਜਿਹੇ ਵਿਅਕਤੀਆਂ ਦੀ ਮੈਂਬਰਸ਼ਿਪ ਰੱਦ ਕਰਨ ਲਈ ਮਜਬੂਰ ਕਰੇ, ਜਿਨ੍ਹਾਂ ਵਿਰੁੱਧ ਘਿਨਾਉਣੇ ਅਤੇ ਗੰਭੀਰ ਅਪਰਾਧਾਂ ਵਿਚ ਦੋਸ਼ ਲਗਾਏ ਗਏ ਹਨ ਅਤੇ ਅਜਿਹੇ ਵਿਅਕਤੀਆਂ ਨੂੰ ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਮੈਦਾਨ ਵਿਚ ਨਾ ਉਤਾਰਨਾ ਚਾਹੀਦਾ ਹੈ। ਵੋਟਰਾਂ ਨੂੰ ਚੋਣਾਂ ਵਿਚ ਪੈਸੇ ਅਤੇ ਤਾਕਤ ਦੀ ਦੁਰਵਰਤੋਂ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਤੋਹਫ਼ੇ, ਪ੍ਰੇਰਣਾ ਅਤੇ ਮੁਫਤ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਉਮੀਦਵਾਰ ਵਿਰੁੱਧ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਲਈ NOTA ਦੇ ਵਿਕਲਪ ਦੀ ਵਰਤੋਂ ਕਰਨੀ ਚਾਹੀਦੀ ਹੈ।

ਰਾਜਨੀਤੀ ਦੇ ਅਪਰਾਧੀਕਰਨ ਦਾ ਮੁਕਾਬਲਾ ਕਰਨ ਲਈ ਲੋਕਤਾਂਤਰਿਕ ਪ੍ਰਣਾਲੀਆਂ ਦੀ ਅਖੰਡਤਾ ਦੀ ਰੱਖਿਆ ਕਰਨ ਅਤੇ ਨੈਤਿਕ ਅਤੇ ਜ਼ਿੰਮੇਵਾਰ ਸਿਆਸੀ ਲੀਡਰਸ਼ਿਪ ਨੂੰ ਅੱਗੇ ਵਧਾਉਣ ਲਈ ਕਾਨੂੰਨੀ, ਸੰਸਥਾਗਤ ਅਤੇ ਸਮਾਜਿਕ ਉਪਾਵਾਂ ਨੂੰ ਸ਼ਾਮਲ ਕਰਨ ਵਾਲੀ ਬਹੁ-ਪੱਖੀ ਰਣਨੀਤੀ ਦੀ ਲੋੜ ਹੁੰਦੀ ਹੈ। ਕਿਉਂ ਨਾ ਦੇਸ਼ ਵਿਚ ਹਰ ਤਰ੍ਹਾਂ ਦੀਆਂ ਚੋਣਾਂ ਲੜਨ ਲਈ ਇੱਕ ਇਮਤਿਹਾਨ ਦਾ ਆਯੋਜਨ ਕੀਤਾ ਜਾਵੇ ਅਤੇ ਸਰਕਾਰੀ ਨੌਕਰੀ ਵਾਂਗ ਰਾਜਨੀਤੀ ਵਿਚ ਦਾਖਲ ਹੋਣ ਲਈ ਉਨ੍ਹਾਂ ਦੇ ਚਰਿੱਤਰ ਦੀ ਸਹੀ ਜਾਂਚ ਕੀਤੀ ਜਾਵੇ? ਛੋਟੇ ਪੈਮਾਨੇ 'ਤੇ ਇੱਕ ਸਾਂਝਾ ਰਾਜਨੀਤਿਕ ਇਮਤਿਹਾਨ ਅਤੇ ਸੰਸਦ ਮੈਂਬਰਾਂ ਲਈ ਭਾਰਤੀ ਰਾਜਨੀਤਿਕ ਸੇਵਾ ਪ੍ਰੀਖਿਆ ਕਰਵਾਉਣ ਵਿੱਚ ਕੀ ਨੁਕਸਾਨ ਹੈ? ਆਖ਼ਰ ਸਰਕਾਰੀ ਨੌਕਰੀ 'ਤੇ ਸਿਆਸਤ ਹੋਵੇ ਤਾਂ ਸਿਰਫ਼ ਦੇਸ਼ ਸੇਵਾ? ਤਾਂ ਹੀ ਰਾਜਨੀਤੀ ਦਾ ਵਧਦਾ ਅਪਰਾਧੀਕਰਨ ਰੁਕ ਸਕਦਾ ਹੈ।







# ਸੁਨੀਲ ਜਾਖੜ: ਪੰਜਾਬ ਭਾਜਪਾ ਦਾ ਨਵਾਂ ਪ੍ਰਧਾਨ

## ਪਾਰਟੀ ਨੂੰ ਕੀ ਨਫ਼ਾ ਤੇ ਨੁਕਸਾਨ




ਭਾਰਤੀ ਜਨਤਾ ਪਾਰਟੀ ਨੇ ਸਾਬਕਾ ਕਾਂਗਰਸੀ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਸੁਨੀਲ ਜਾਖੜ ਨੂੰ ਪੰਜਾਬ ਇਕਾਈ ਦਾ ਨਵਾਂ ਪ੍ਰਧਾਨ ਐਲਾਨ ਦਿੱਤਾ ਹੈ।

ਸੁਨੀਲ ਜਾਖੜ, ਲੋਕ ਸਭਾ ਸਪੀਕਰ ਅਤੇ ਟਕਸਾਲੀ ਕਾਂਗਰਸੀ ਆਗੂ ਬਲਰਾਮ ਜਾਖੜ ਦੇ ਪੁੱਤਰ ਹਨ। ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸੂਬੇ ਦੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਆਗੂ ਵੀ ਰਹੇ ਹਨ।

ਪਰ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਹੋਈ ਹਾਰ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਸਨ।

ਆਓ ਜਾਣੀਏ ਕਿ ਸੁਨੀਲ ਜਾਖੜ ਕੌਣ ਹਨ, ਉਨ੍ਹਾਂ ਦਾ ਸਫ਼ਰ, ਬਤੌਰ ਭਾਜਪਾ ਪ੍ਰਧਾਨ ਹੁਣ ਚੁਣੌਤੀਆਂ ਕੀ ਹਨ ਅਤੇ ਹੋਰ ਕਈ ਪਹਿਲੂ।

ਹਿੰਦੂ ਜਾਟ ਪਰਿਵਾਰ ਨਾਲ ਸਬੰਧਤ ਸੁਨੀਲ ਜਾਖੜ ਨੇ ਆਪਣੀ ਜ਼ਿੰਦਗੀ ਦੀ ਪਹਿਲੀ ਚੋਣ 1996 ਵਿਚ ਫ਼ਿਰੋਜ਼ਪੁਰ ਵਿਧਾਨ ਸਭਾ ਹਲਕੇ ਤੋਂ ਲੜੀ ਸੀ ਅਤੇ ਹਾਰ ਗਏ ਸਨ।

6 ਸਾਲਾਂ ਦੇ ਵਕਫ਼ੇ ਤੋਂ ਬਾਅਦ ਉਨ੍ਹਾਂ 2002 ਵਿਚ ਚੋਣ ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਹਲਕੇ ਤੋਂ ਲੜੀ ਸੀ। ਉਹ ਲਗਾਤਾਰ 2002 ਤੋਂ 2012 ਤੱਕ ਅਬੋਹਰ ਦੇ ਤਿੰਨ ਵਾਰ ਵਿਧਾਇਕ ਰਹੇ।

ਜਾਖੜ ਪੰਜਾਬ ਵਿਧਾਨ ਸਭਾ ਵਿਚ 2012 ਤੋਂ 2015 ਤੱਕ ਵਿਰੋਧੀ ਧਿਰ ਦੇ ਨੇਤਾ ਰਹੇ ਅਤੇ ਬਾਅਦ ਵਿਚ ਕਾਂਗਰਸ ਪਾਰਟੀ ਨੇ ਚਮਕੌਰ ਸਾਹਿਬ ਤੋਂ ਉਸ ਸਮੇਂ ਦੇ ਵਿਧਾਇਕ ਚਰਨਜੀਤ ਸਿੰਘ ਚੰਨੀ ਨੂੰ ਵਿਰੋਧੀ ਧਿਰ ਦਾ ਨੇਤਾ ਨਿਯੁਕਤ ਕਰ ਦਿੱਤਾ ਸੀ।

2017 ਵਿਚ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ ਪਰ ਸੁਨੀਲ ਜਾਖੜ ਅਬੋਹਰ ਤੋਂ ਆਪਣੀ ਚੌਥੀ ਵਿਧਾਨ ਸਭਾ ਚੋਣ ਹਾਰ ਗਏ ਸਨ।

ਉਨ੍ਹਾਂ ਨੂੰ ਭਾਜਪਾ ਆਗੂ ਅਰੁਣ ਨਾਰੰਗ ਨੇ ਹਰਾਇਆ ਸੀ।

ਕਾਂਗਰਸ ਪਾਰਟੀ ਨੇ ਸੁਨੀਲ ਜਾਖੜ ਨੂੰ 2017 ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਕਰ ਦਿੱਤਾ ਸੀ ਤੇ ਉਹ 2021 ਤੱਕ ਇਸ ਅਹੁਦੇ 'ਤੇ ਰਹੇ ਸਨ। ਬਾਅਦ ਵਿਚ ਸਾਬਕਾ ਵਿਧਾਇਕ ਅਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਵਿਚ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ ਸੀ।

ਅੱਗੇ ਚੱਲ ਕੇ ਜਾਖੜ ਨੇ 2017 ਵਿਚ ਭਾਜਪਾ ਦੇ ਸੰਸਦ ਮੈਂਬਰ ਅਤੇ ਅਦਾਕਾਰ ਵਿਨੋਦ ਖੰਨਾ ਦੀ ਮੌਤ ਤੋਂ ਬਾਅਦ ਗੁਰਦਾਸਪੁਰ ਸੰਸਦੀ ਉਪ ਚੋਣ ਲੜੀ ਅਤੇ ਉਹ ਲੋਕ ਸਭਾ ਮੈਂਬਰ ਬਣ ਗਏ ਸਨ।

2019 ਵਿਚ ਜਾਖੜ ਨੂੰ ਗੁਰਦਾਸਪੁਰ ਸੰਸਦੀ ਸੀਟ ਤੋਂ ਭਾਜਪਾ ਉਮੀਦਵਾਰ ਅਤੇ ਅਦਾਕਾਰ ਸੰਨੀ ਦਿਓਲ ਨੇ ਹਰਾ ਦਿੱਤਾ ਸੀ। 2019 ਦੇ ਚੋਣ ਪ੍ਰਚਾਰ ਦੌਰਾਨ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਜਾਖੜ ਨੂੰ ਭਵਿੱਖ ਦਾ ਮੁੱਖ ਮੰਤਰੀ ਕਰਾਰ ਦਿੱਤਾ ਸੀ।

ਜਾਖੜ ਨੇ ਸਾਲ 2022 'ਚ ਵਿਧਾਨ ਸਭਾ ਚੋਣ ਨਹੀਂ ਲੜੀ ਸੀ, ਜਦਕਿ ਉਨ੍ਹਾਂ ਦੇ ਭਤੀਜੇ ਸੰਦੀਪ ਜਾਖੜ ਅਬੋਹਰ ਹਲਕੇ ਤੋਂ ਵਿਧਾਇਕ ਬਣੇ ਸੀ। ਮਈ 2022 ਵਿਚ ਜਾਖੜ ਕਾਂਗਰਸ ਛੱਡਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ।

ਸੁਨੀਲ ਜਾਖੜ ਇਹੋ ਜਿਹੇ ਕਾਂਗਰਸੀ ਆਗੂ ਸਨ, ਜੋ ਸਾਲ 2015 ਵਿਚ ਫਰੀਦਕੋਟ ਜ਼ਿਲ੍ਹੇ ਦੇ ਕਸਬੇ ਬਰਗਾੜੀ ਵਿਖੇ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਇਨਸਾਫ਼ ਲਈ ਲਗਾਤਾਰ ਬੋਲਦੇ ਰਹੇ ਸਨ।

ਜਾਖੜ ਉਨ੍ਹਾਂ ਪਹਿਲੇ ਸਿਆਸੀ ਆਗੂਆਂ ਵਿਚੋਂ ਵੀ ਸਨ, ਜਿਨ੍ਹਾਂ ਨੇ ਸਾਲ 2020 ਵਿਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਆਰਡੀਨੈਂਸਾਂ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਈ।

ਬਾਅਦ ਵਿਚ ਇਹ ਆਰਡੀਨੈਂਸ ਬਿੱਲ ਦੇ ਰੂਪ ਵਿਚ ਸੰਸਦ ਵਿਚ ਪਾਸ ਹੋਏ ਸਨ ਤੇ ਕਿਸਾਨਾਂ ਵੱਲੋਂ ਲਗਾਤਾਰ ਦਿੱਲੀ ਦੀਆਂ ਸਰਹੱਦਾਂ 'ਤੇ ਧਾਰਨਾ ਦੇਣ ਤੋਂ ਬਾਅਦ ਭਾਜਪਾ ਸਰਕਾਰ ਨੇ ਇਹ ਬਿੱਲ ਵਾਪਸ ਲਏ ਸਨ।

# ਕੀ ਕੰਟਰੈਕਟ ਖੇਤੀ ਬਦਲ ਸਕਦੀ ਹੈ ਕਿਸਾਨਾਂ ਦੀ ਕਿਸਮਤ?



**ਡਾ. ਅਮਨਪ੍ਰੀਤ ਸਿੰਘ ਬਰਾੜ**
96537-90000
(Punjab Mail USA)



ਆਮ ਤੌਰ 'ਤੇ ਤਰਕ ਆਉਂਦਾ ਹੈ ਕਿ ਜੇ ਪੈਦਾਵਾਰ ਆਪਣੇ ਦੇਸ਼ ਵਿਚ ਮਹਿੰਗੀ ਹੈ, ਤਾਂ ਉਹ ਹੋਰ ਦੇਸ਼ ਤੋਂ ਲੈ ਲਵੇ, ਜਿਥੇ ਸਸਤੀ ਹੈ। ਇਸ ਵਿਚ ਇਹ ਗੱਲ ਨਹੀਂ ਕੋਈ ਸੋਚਦਾ ਕਿ ਉਹ ਸਸਤੀ ਤਾਂ ਦੇ ਰਹੇ ਹਨ ਕਿ ਤੁਹਾਡੀ ਆਪਣੀ ਪੈਦਾਵਾਰ ਨੂੰ ਸੱਟ ਮਾਰੀ ਜਾ ਸਕੇ। ਜਿਸ ਦਿਨ ਤੁਹਾਡੀ ਆਪਣੀ ਪੈਦਾਵਾਰ ਖ਼ਤਮ ਹੋ ਗਈ, ਉਸ ਦਿਨ ਸਸਤੀ ਮਹਿੰਗੀ ਦਾ ਪਤਾ ਲੱਗਦਾ ਹੈ। ਅੱਜ ਵੀ ਬਹੁਤੇ ਖੇਤੀ ਅਰਥਸ਼ਾਸਤਰੀ ਖੇਤੀ ਨੂੰ ਪ੍ਰਫੁਲਿਤ ਕਰਨ ਲਈ ਇਕੋ ਰਾਗ ਅਲਾਪਦੇ ਹਨ ਕਿ ਅਰਥਸ਼ਾਸਤਰ ਦਾ ਸਿਧਾਂਤ ਹੈ ਕਿ ਕੰਪੀਟੀਟਿਵ ਮਾਰਕਿਟ ਹੋਣ ਦਿਓ। ਇਸ ਪਿੱਛੇ ਇਹ ਤਰਕ ਦਿੱਤਾ ਜਾਂਦਾ ਹੈ ਕਿ ਮੰਗ ਅਤੇ ਸਪਲਾਈ ਆਪਣੇ ਆਪ ਭਾਅ ਦਿਵਾਓ। ਕਹਿਣ ਦਾ ਭਾਵ ਜਿਨ੍ਹਾਂ ਚੀਜ਼ਾਂ ਦੀ ਖਪਤ ਜ਼ਿਆਦਾ ਹੈ ਅਤੇ ਪੈਦਾਵਾਰ ਘੱਟ ਹੈ, ਉਨ੍ਹਾਂ ਦੀ ਕੀਮਤ ਜ਼ਿਆਦਾ ਹੋਊਗੀ, ਦੂਜੀ ਦੀ ਘੱਟ। ਇਹ ਸਿਧਾਂਤ ਖੇਤੀ ਵਿਚ ਕਦੇ ਲੱਗਦਾ ਨਜ਼ਰ ਨਹੀਂ ਆਉਂਦਾ ਹੈ। ਹਾਲ ਦੀ ਘੜੀ ਵਿਚ ਹੀ ਦੇਖ ਲਈਏ, ਜਦੋਂ ਕਣਕ ਆਈ ਤਾਂ ਪ੍ਰਾਈਵੇਟ ਵਪਾਰੀਆਂ ਨੇ ਉਥੋਂ ਖਰੀਦੀ ਜਿਥੇ ਸਰਕਾਰੀ ਖਰੀਦ ਨਹੀਂ ਸੀ ਅਤੇ ਸਰਕਾਰੀ ਕੀਮਤ ਤੋਂ ਘੱਟ 'ਤੇ ਖਰੀਦੀ। ਪੰਜਾਬ ਵਿਚ ਮਾਰਕਿਟ ਵਿਚੋਂ ਬਾਹਰ ਰਹੇ ਅਤੇ ਸਰਕਾਰੀ ਖਰੀਦ ਹੋਣ ਕਰਕੇ ਚੱਕੀ ਗਈ। ਉਧਰ ਸਰਕਾਰ ਦੇ ਭੰਡਾਰ ਵੀ ਖਾਲੀ ਸਨ ਅਤੇ 2030 ਤੱਕ ਵਿਸ਼ਵ ਭਰ ਵਿਚ ਫੂਡ ਗ੍ਰੇਨ ਦੀ ਥੁੜ ਰਹਿਣੀ ਹੈ। 31 ਮਈ, 2023 ਨੂੰ ਸਰਕਾਰੀ ਖਰੀਦ ਖਤਮ ਹੋਈ ਹੈ ਅਤੇ ਅੱਧ ਜੂਨ 2023 ਨੂੰ ਕਣਕ ਦੇ ਭਾਅ 2500 ਤੋਂ 2600 ਰੁਪਏ ਕੁਇੰਟਲ ਨੂੰ ਪਹੁੰਚ ਗਏ। ਉਧਰ ਪਿਛਲੇ ਸਾਲ ਸਰਕਾਰ ਨੇ ਮੱਕੀ, ਮੂੰਗੀ, ਸਰੋਂ ਅਤੇ ਸੂਰਜਮੁਖੀ ਨੂੰ ਉਤਸ਼ਾਹਿਤ ਕੀਤਾ ਸੀ। ਇਸ ਸਾਲ ਕਿਸਾਨਾਂ ਨੇ ਇਨ੍ਹਾਂ ਫਸਲਾਂ ਦਾ ਰਕਬਾ ਵਧਾ ਦਿੱਤਾ। ਜਦੋਂ ਖਰੀਦ ਦੀ ਵਾਰੀ ਆਈ, ਤਾਂ ਭਾਅ ਹੇਠਾਂ ਡਿੱਗ ਪਿਆ, ਨਿੱਜੀ ਵਪਾਰੀ ਨੇ ਸਰ੍ਹੋਂ 4200 ਰੁਪਏ, ਸੂਰਜਮੁਖੀ 4000 ਤੋਂ 4800 ਰੁਪਏ ਕੁਇੰਟਲ, ਮੱਕੀ 1000-1200 ਰੁਪਏ ਅਤੇ ਮੂੰਗੀ 6800 ਰੁਪਏ ਖਰੀਦ ਕਰ ਰਹੇ ਹਨ, ਯਾਨੀ ਐੱਮ.ਐੱਸ.ਪੀ. ਤੋਂ 15 ਤੋਂ 45 ਪ੍ਰਤੀਸ਼ਤ ਹੇਠਾਂ। ਇਸ ਵੇਲੇ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਕਿਸਾਨ ਆਪਣੀ ਫਸਲ ਸਟੋਰ ਕਰ ਸਕਦੇ ਹਨ, ਭਾਅ ਵਧਣ ਦੀ ਉਡੀਕ ਵਿਚ। ਜਦਕਿ ਸਰਕਾਰਾਂ ਦੇ ਸਟੋਰ ਤਾਂ ਨਿੱਜੀ ਵਪਾਰੀਆਂ ਕੋਲ ਕਿਰਾਏ 'ਤੇ ਹਨ, ਉਹ ਕਿੱਥੇ ਰੱਖਣ ਦੇਣਗੇ ਕਿਸਾਨ ਨੂੰ ਫਸਲ। ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ ਫਿਰੋਜ਼ਪੁਰ ਦੇ ਕਿਸਾਨਾਂ ਵੱਲੋਂ ਲਾਲ ਮਿਰਚਾਂ ਦਾ ਵਪਾਰ। ਇਸ ਵੇਲੇ ਸੋਚਣ ਦੀ ਗੱਲ ਤਾਂ ਇਹ ਹੈ ਕਿ ਅੱਜ ਸਾਡਾ ਇਹ ਹਾਲ ਹੈ ਕਿ ਜਦੋਂ ਅਸੀਂ ਤਕਰੀਬਨ 70 ਫੀਸਦੀ ਖਾਣ ਵਾਲਾ ਤੇਲ (ਦਰਾਮਦ) ਕਰਦੇ ਹਾਂ। ਇਸ ਵਿਚ ਤਰਕ ਆਉਂਦਾ ਹੈ ਕਿ ਦਰਾਮਦ ਸਸਤਾ ਪੈਂਦਾ ਹੈ, ਉਸ ਦੀ ਖਰੀਦ ਲਈ ਡਾਲਰ ਦੇਣੇ ਪੈਂਦੇ ਹਨ, ਸਾਡਾ ਵਪਾਰ ਪਹਿਲਾਂ ਹੀ ਘਾਟੇ ਵਿਚ ਚਲਦਾ ਹੈ। ਇਸੇ ਤਰ੍ਹਾਂ ਦੇਸ਼ ਵਿਚ ਦਾਲਾਂ ਦੀ ਕਮੀ ਹੈ ਪਰ ਫਿਰ ਵੀ ਕਿਸਾਨਾਂ ਤੋਂ ਦਾਲਾਂ ਐੱਮ.ਐੱਸ.ਪੀ. ਤੋਂ ਹੇਠਾਂ ਖਰੀਦੀਆਂ ਜਾਂਦੀਆਂ ਹਨ।

ਇਸ ਵਿਚ ਕਈ ਬੁੱਧੀਜੀਵੀ ਸਲਾਹ ਦਿੰਦੇ ਹਨ ਕਿ ਕਿਸਾਨਾਂ ਦੀ ਆਮਦਨ ਨੂੰ ਸਥਿਰ ਬਣਾਉਣ ਅਤੇ ਫਸਲੀ ਵਭਿੰਨਤਾ ਲਿਆ ਕਿ ਦੇਸ਼ ਨੂੰ ਸਵੈ-ਨਿਰਭਰ ਬਣਾਉਣ ਲਈ ਕੰਟਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਗੱਲਾਂ ਜਦੋਂ ਤੱਕ ਕਾਗਜ਼ਾਂ ਅਤੇ ਏ.ਸੀ. ਕਮਰਿਆਂ ਵਿਚ ਬੈਠ ਕੇ ਹੁੰਦੀਆਂ ਹਨ, ਤਾਂ ਬੜੀਆਂ ਵਧੀਆ ਅੰਕੜੇ ਦਿਖਾਉਂਦੀਆਂ ਹਨ। ਇਸ ਨਾਲ ਕੋਈ ਵੀ ਇਨਸਾਨ ਸੁਪਨਿਆਂ ਦੀ ਦੁਨੀਆਂ ਵਿਚ ਪਹੁੰਚ ਜਾਂਦਾ ਹੈ। ਅਸਲ ਵਿਚ ਇਸ ਵੇਲੇ ਇਸ ਵਿਚ ਆ ਰਹੀਆਂ ਦਿੱਕਤਾਂ ਨੂੰ ਕਿਸੇ ਵੀ ਨੀਤੀ ਅਤੇ ਐਕਟ ਵਿਚ ਸੋਧਿਆ ਨਹੀਂ ਜਾ ਰਿਹਾ। ਗੱਲ ਹੈ ਕਿ ਜਦੋਂ ਫਸਲ ਦੀ ਗੱਲ ਕਰਦੇ ਹਾਂ, ਤਾਂ ਇਹ ਸੇਲ ਆਫ ਗੁਡਸ ਐਕਟ 1930 ਦੇ ਅਧੀਨ ਸੈਕਸ਼ਨ 6 ਦੇ ਵਿਚ ਇਸ ਨੂੰ ਦਰਸਾਇਆ ਗਿਆ ਹੈ। ਜਿਸ ਵਿਚ ਇਸ ਨੂੰ ਕੰਨਟੀਨਜੇਂਟ ਗੁਡ (ਚੀਜ਼) ਦਾ ਨਾਮ ਦਿੱਤਾ ਗਿਆ। ਕੰਨਟੀਨਜੈਂਟ ਗੁਡ (ਚੀਜ਼) ਯਾਨੀ ਜੋ ਆਉਣ ਵਾਲੇ ਸਮੇਂ ਦੀ ਗੁਡ ਅਤੇ ਇਸ ਦਾ ਹੋਣਾ ਨਾ ਹੋਣਾ ਕੁਦਰਤ 'ਤੇ ਨਿਰਭਰ ਕਰਦਾ ਹੈ। ਇਥੋਂ ਸ਼ੁਰੂ ਹੁੰਦੀ ਹੈ ਸਮੱਸਿਆ।

ਆਪਾਂ ਉਦਾਹਰਣ ਦੇ ਤੌਰ 'ਤੇ ਲਈਏ ਕਿ ਸੋਸ (sauce) ਬਣਾਉਣ ਵਾਲੀ ਕੰਪਨੀ ਨੇ ਰੈਸਟੋਰੈਂਟ ਦੀ ਕਿਸੇ ਚੈਨ ਨਾਲ ਕੰਟਰੈਟਕ ਕਰ ਲਿਆ ਕਿ ਉਹ ਇਕ ਖਾਸ ਕਿਸਮ ਦੇ ਟਮਾਟਰਾਂ ਦੇ ਬੀਜ ਨਾਲ ਤਿਆਰ ਕੀਤੇ ਟਮਾਟਰਾਂ ਤੋਂ ਸੋਸ ਬਣਾ ਕੇ ਦੇਣਗੇ। ਇਸ ਲਈ ਉਨ੍ਹਾਂ ਨੇ ਕਿਸਾਨਾਂ ਨਾਲ ਵੀ ਕੰਟਰੈਕਟ ਕਰਨਾ ਸ਼ੁਰੂ ਕਰ ਦਿੱਤਾ। ਇਸ ਕੰਟਰੈਕਟ ਵਿਚ ਸ਼ਰਤਾਂ ਹੁੰਦੀਆਂ ਹਨ, ਜਿਹੜਾ ਬੀਜ ਹੈ, ਉਹ ਕੰਪਨੀ ਮੁਹੱਈਆ ਕਰਵਾਏਗੀ, ਫਿਰ ਕਿਸਾਨ ਨੂੰ ਸਮੇਂ-ਸਮੇਂ 'ਤੇ ਸਲਾਹ ਦਿੱਤੀ ਜਾਏਗੀ, ਜੋ ਖਾਦਾਂ ਜਾਂ ਕੀਟਨਾਸ਼ਕ ਪਾਉਂਦੇ ਹਨ, ਉਹ ਵੀ ਕੰਪਨੀ ਦੇਵੇਗੀ। ਇਸ ਤੋਂ ਇਲਾਵਾ ਕੰਪਨੀ ਦੇ ਮਾਹਿਰਾਂ ਦੀ ਟੀਮ ਆ ਕੇ ਸਰਵੇਖਣ ਕਰਕੇ ਰਿਪੋਰਟ ਦੇਵੇਗੀ ਕਿ ਟਮਾਟਰ ਉਸ ਕਵਾਲਟੀ ਦੇ ਹੈ ਕਿ ਨਹੀਂ। ਜ਼ਾਹਿਰ ਹੈ ਕੰਪਨੀ ਉਹ ਫਸਲ ਲੋੜ ਤੋਂ ਵੱਧ ਰਕਬੇ ਵਿਚ ਬਿਜਾਵੇਗੀ, ਮੌਸਮ ਦਾ ਰਿਸਕ ਕਵਰ ਕਰਨ ਲਈ। ਇਸ ਵਿਚ ਭਾਅ ਪਹਿਲਾਂ ਨਿਰਧਾਰਤ ਹੁੰਦਾ ਹੈ, ਕਿਸ ਭਾਅ 'ਤੇ ਟਮਾਟਰ ਚੁੱਕੇ ਜਾਣਗੇ। ਇਸ ਵਿਚ ਜੇ ਕੋਈ ਕੰਟਰੈਕਟ ਤੋੜਦਾ ਹੈ, ਤਾਂ ਦੂਜੀ ਧਿਰ ਕਚਹਿਰੀ ਦਾ ਦਰਵਾਜ਼ਾ ਖੜਕਾ ਸਕਦੀ ਹੈ। ਇਥੋਂ ਤੱਕ ਗੱਲ ਬੜੀ ਵਧੀਆ ਅਤੇ ਲੁਭਾਵਣੀ ਲੱਗਦੀ ਹੈ। ਇਸ ਵਿਚ ਅਸਲ ਸਮੱਸਿਆਵਾਂ ਇਨ੍ਹਾਂ ਸ਼ਰਤਾਂ ਵਿਚ ਹੀ ਹਨ। ਬੀਜ, ਖਾਦਾਂ, ਕੀਟਨਾਸ਼ਕ ਅਤੇ ਸਲਾਹ ਦੇ ਨਾਮ 'ਤੇ ਮੋਟਾ ਖਰਚਾ ਕਿਸਾਨ ਨੂੰ ਪਾਉਣਾ, ਫਿਰ ਮੌਸਮ ਅਨੁਸਾਰ ਹੋਈ ਪੈਦਾਵਾਰ ਤੇ ਕੁਆਲਟੀ ਕੱਟ ਲਗਾਉਣੇ।

ਅਸਲ ਗੱਲ ਇਹ ਹੈ ਜੇ ਮੰਡੀ ਵਿਚ ਫਸਲ ਜ਼ਿਆਦਾ ਹੈ ਅਤੇ ਭਾਅ ਕੰਟਰੈਕਟ ਤੋਂ ਘੱਟ ਹੈ, ਤਾਂ ਰਿਜੈਕਸ਼ਨ ਜ਼ਿਆਦਾ, ਜੇ ਫਸਲ ਘੱਟ ਹੋਈ, ਤਾਂ ਰਿਜੈਕਸ਼ਨ ਵੀ ਘੱਟ। ਇਸ ਵਿਚ ਸੋਚਣ ਵਾਲੀ ਗੱਲ ਹੈ ਕਿ ਅਸੀਂ ਕੋਈ ਚੀਜ਼ ਮਸ਼ੀਨੀ ਅਤੇ ਕਾਰਖਾਨੇ ਅੰਦਰ ਨਹੀਂ ਬਣਾਉਣੀ। ਬਲਕਿ ਇਹ ਬੀਜ ਦੇ ਗੁਣਾਂ ਅਤੇ ਵਾਤਾਵਰਨ 'ਤੇ ਆਧਾਰਿਤ ਹੈ ਅਤੇ ਇਸ 'ਤੇ ਮੌਸਮ ਦਾ ਵੀ ਸਿੱਧਾ ਅਸਰ ਪੈਂਦਾ ਹੈ। ਜੀਵਤ ਚੀਜ਼ਾਂ ਕਦੇ ਵੀ ਸਾਰੀਆਂ ਇਕਸਾਰ ਨਹੀਂ ਹੁੰਦੀਆਂ। ਉਨ੍ਹਾਂ ਦੀ ਗਰੇਡਿੰਗ ਕਰਨੀ ਪੈਂਦੀ ਹੈ। ਗਰੇਡਿੰਗ ਵਿਚ ਕਿਹੜੇ ਗ੍ਰੇਡ ਦੀ ਕਿੰਨੀ ਫਸਲ ਨਿਕਲਦੀ ਹੈ, ਇਹ ਮੌਸਮ ਤੇ ਖੇਤੀ ਦੇ ਢੰਗ ਤਰੀਕੇ 'ਤੇ ਨਿਰਭਰ ਕਰਦਾ ਹੈ। ਕੁਦਰਤ ਦੀ ਮਾਰ ਦਾ ਅਸਰ ਕੋਈ ਰੋਕ ਨਹੀਂ ਸਕਦਾ। ਯਾਨੀ ਕਿ ਸਿੱਧਾ-ਸਿੱਧਾ ਮੌਕਾ ਕੰਟਰੈਕਟ ਵਿਚ ਕਵਾਲਿਟੀ ਦਾ ਮੁੱਦਾ ਖੜ੍ਹਾ ਕਰਕੇ ਰੇਟ ਘਟਾਉਣ ਦਾ ਜਾਂ ਖਹਿੜਾ ਛਡਾਉਣ ਦਾ ਕਿਉਂ ਕਿ ਜਦੋਂ ਮੰਡੀ ਵਿਚ ਫਸਲ ਆਉਂਦੀ ਹੈ, ਤਾਂ ਉਹ ਸਸਤੀ ਹੁੰਦੀ ਹੈ। ਕੰਟਰੈਕਟ ਵਿਚ ਜ਼ਿਆਦਾ ਲਿਖਿਆ ਹੋ ਸਕਦਾ ਹੈ।

ਗੱਲ ਹੁਣ ਆਈ ਕਿ ਜੇ ਕੋਈ ਕੰਟਰੈਕਟ ਤੋਂ ਭੱਜਦਾ ਹੈ, ਤਾਂ ਦੂਜੀ ਧਿਰ ਕੋਲ ਕੋਰਟ ਜਾਣ ਦੀ ਖੁੱਲ੍ਹ ਹੈ। ਗੱਲ ਹੈ ਕਿ ਕੰਟਰੈਕਟ ਬਰਾਬਰ ਵਾਲਿਆਂ ਵਿਚ ਹੀ ਸ਼ੋਭਦਾ ਹੈ, ਇਕ ਪਾਸੇ 2-3 ਏਕੜ ਵਾਲਾ ਕਿਸਾਨ ਜਿਸ ਦੀ ਆਮਦਨ ਸਾਲਾਨਾ 1.5 ਲੱਖ ਦੀ ਹੈ। ਦੂਜੇ ਪਾਸੇ ਕਰੋੜਾਂ ਦੀ ਟਰਨਓਵਰ ਵਾਲੀ ਕੰਪਨੀ ਜਿਨ੍ਹਾਂ ਅੱਗੇ ਸਿਆਸਤਦਾਨ ਅਤੇ ਹੋਰ ਸਰਕਾਰੀ ਅਧਿਕਾਰੀ ਸਿਰ ਝੁਕਾਉਂਦੇ ਹਨ। ਇਨ੍ਹਾਂ ਕੰਪਨੀਆਂ ਵਾਲਿਆਂ ਕੋਲ ਤਾਂ ਪੱਕੇ ਵਕੀਲ ਹਨ, ਜੋ ਮੋਟੇ ਪੈਸੇ ਲੈਂਦੇ ਹਨ, ਇਨ੍ਹਾਂ ਨੂੰ ਬਚਾਉਣ ਲਈ। ਉਧਰ ਕਿਸਾਨ ਛੋਟੀ ਕਚਿਹਰੀ ਵਿਚ ਹਜ਼ਾਰਾਂ ਦਾ ਖਰਚਾ ਕਰੂਗਾ, ਫਿਰ ਅੱਗੇ ਜੇ ਹਾਈਕੋਰਟ ਗਏ, ਤਾਂ ਉਥੋਂ ਦੇ ਵਕੀਲ ਸਾਹਿਬ ਦੀ ਫੀਸ ਲੱਖਾਂ ਵਿਚ ਹੁੰਦੀ ਹੈ ਅਤੇ ਸੁਪਰੀਮ ਕੋਰਟ ਦੀ ਇਕ ਪੇਸ਼ੀ ਦਾ ਚੰਗੇ ਵਕੀਲ ਸਾਹਿਬ 11-12 ਲੱਖ ਲੈ ਲੈਂਦੇ ਹਨ। ਕੀ ਕਚਹਿਰੀ ਜਾਣਾ ਆਮ ਕਿਸਾਨ ਦੇ ਵੱਸ ਦੀ ਗੱਲ ਹੈ। ਜੇ ਹੁੰਦੀ ਤਾਂ 2012 ਦੇ ਵਿਚ ਜਦੋਂ ਕਿੰਨੂ ਵਾਲਿਆਂ ਨਾਲ ਪੈਪਸੀਕੋ ਨੇ ਕੰਟਰੈਕਟ ਕੀਤੇ, ਉਨ੍ਹਾਂ ਦਾ ਕੀ ਬਣਿਆ। ਦੂਜਾ ਖੇਤੀ ਕਾਨੂੰਨ ਲਾਗੂ ਰਹਿੰਦੇ, ਤਾਂ ਕਚਹਿਰੀ ਜਾਣ ਦਾ ਹੱਕ ਵੀ ਕਿਸਾਨਾਂ ਤੋਂ ਖੋਹ ਲਿਆ ਗਿਆ ਸੀ। ਉਹ ਵੱਧ ਤੋਂ ਵੱਧ ਡੀ.ਸੀ. ਤੱਕ ਪਹੁੰਚ ਕਰ ਸਕਦੇ ਸੀ। ਇਸਨੂੰ ਦੱਸਿਆ ਜਾਂਦਾ ਹੈ ਕਿ ਇਹ ਕਿਸਾਨ ਹਿੱਤ ਵਿਚ ਸੀ ਕਿਉਂਕਿ ਕਚਹਿਰੀ ਦਾ ਖਰਚਾ ਕਿਸਾਨ ਕੋਲ ਨਹੀਂ ਸੀ। ਪਰ ਸ਼ਾਇਦ ਇਹ ਭੁੱਲ ਗਏ ਕਿ ਅਫਸਰਸ਼ਾਹੀ ਕਿਸ ਦੇ ਇਸ਼ਾਰੇ 'ਤੇ ਚੱਲਦੀ ਹੈ।

ਠੇਕੇ ਦੀ ਖੇਤੀ ਤਾਂ ਅਮੀਰ ਆਦਮੀ ਜਿਹੜੇ ਸਿਆਸਤ ਵਿਚ ਹਨ, ਉੱਚ ਕੋਟੀ ਦੇ ਵਕੀਲ ਜਾਂ ਵੱਡੇ ਸਰਕਾਰੀ ਅਹੁਦੇ 'ਤੇ ਬੈਠੇ ਜਾਂ ਰਿਟਾਇਰ ਲੋਕਾਂ ਨੂੰ ਹੀ ਰਾਸ ਆਈ ਹੈ। ਜਿਨ੍ਹਾਂ ਲਈ ਖੇਤੀ ਮੁੱਖ ਧੰਦਾ ਨਹੀਂ, ਬਲਕਿ ਸ਼ੌਂਕ ਜੋ ਲੋਕਾਂ ਨੂੰ ਸਮਾਜ ਸੇਵਾ ਕਹਿ ਕਿ ਵੇਚਣਾ ਹੈ। ਇਸ ਵੇਲੇ ਕਿਸਾਨਾਂ ਨੂੰ ਭਾਅ ਤਾਂ ਮਿਲੇਗਾ, ਜੇ ਫਸਲ ਮੰਗ ਦੇ ਹਿਸਾਬ ਨਾਲ ਪੈਦਾ ਕੀਤੀ ਜਾਵੇ। ਇਸ ਦਾ ਹੱਲ ਹੈ ਕਿ ਕਿਸਾਨ ਯੂਨੀਅਨਾਂ ਰਲਕੇ ਇੱਕ ਮਾਰਕਿਟ ਇੰਟੈਲੀਜੈਂਸ ਸੈੱਲ ਬਣਾਉਣ, ਜੋ ਸਲਾਹ ਦੇਵੇ ਕਿ ਕਿਹੜੀ ਫਸਲ ਕਿੰਨੀ ਪੈਦਾ ਕੀਤੀ ਜਾਵੇ।

# ਅਲਵਿਦਾ ! ਰੌਸ਼ਨ ਦਿਮਾਗ ਵਿਦਵਾਨ ਸਿਆਸਤਦਾਨ ਬੀਰ ਦਵਿੰਦਰ ਸਿੰਘ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਸ. ਬੀਰ ਦਵਿੰਦਰ ਸਿੰਘ ਕਿਸੇ ਸਿਆਸੀ ਨੇਤਾ ਦੇ ਘਨੇੜੇ ਚੜ੍ਹਕੇ ਸਿਆਸਤ ਵਿਚ ਨਹੀਂ ਆਇਆ ਸੀ, ਸਗੋਂ ਉਹ ਤਾਂ ਆਪਣੀ ਕਾਬਲੀਅਤ ਦੇ ਸਿਰ 'ਤੇ ਸਿਆਸਤ ਵਿਚ ਆਇਆ ਸੀ। ਉਸ ਦੇ ਪਿਤਾ ਸ. ਪ੍ਰਿਤਪਾਲ ਸਿੰਘ ਪੁਲਿਸ ਵਿਭਾਗ ਵਿਚ ਨੌਕਰੀ ਕਰਦੇ ਸਨ। ਨੌਕਰੀ ਦੌਰਾਨ ਉਨ੍ਹਾਂ ਦਾ ਕਤਲ ਹੋ ਗਿਆ ਸੀ। ਸ. ਬੀਰ ਦਵਿੰਦਰ ਸਿੰਘ ਨੂੰ ਵੱਡਾ ਲੜਕਾ ਹੋਣ ਕਰਕੇ ਪੁਲਿਸ ਵਿਭਾਗ ਵਿਚ ਨੌਕਰੀ ਦੀ ਆਫ਼ਰ ਹੋਈ ਸੀ ਪ੍ਰੰਤੂ ਉਨ੍ਹਾਂ ਨੌਕਰੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦੇ ਮਨ ਵਿਚ ਸਮਾਜ ਦੀ ਬਿਹਤਰੀ ਲਈ ਕੁਝ ਵਿਲੱਖਣ ਕਰਨ ਦੀ ਪ੍ਰਵਿਰਤੀ ਸੀ। ਫਿਰ ਉਨ੍ਹਾਂ ਦੇ ਛੋਟੇ ਭਰਾ ਨੂੰ ਪੁਲਿਸ ਵਿਚ ਨੌਕਰੀ ਦਿੱਤੀ ਗਈ ਸੀ। ਇਹ ਜਾਣਕਰੀ ਮੈਨੂੰ ਸ. ਬੇਅੰਤ ਸਿੰਘ ਨੇ ਦਿੱਤੀ ਸੀ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਜਦੋਂ ਸ. ਬੀਰ ਦਵਿੰਦਰ ਸਿੰਘ ਕਾਂਗਰਸ ਵਿਚ ਸ਼ਾਮਲ ਹੋਏ ਸੀ, ਤਾਂ ਉਹ ਅਤੇ ਓਮ ਪ੍ਰਕਾਸ਼ ਬੈਕਟਰ ਬੀਰ ਦਵਿੰਦਰ ਸਿੰਘ ਨੂੰ ਉਨ੍ਹਾਂ ਦੇ ਪਿੰਡ ਕੋਟਲਾ ਭਾਈਕਾ ਜਾ ਕੇ ਸਵਾਗਤ ਦੇ ਰੂਪ ਵਿਚ ਸ਼ਗਨ ਦੇ ਕੇ ਆਏ ਸਨ ਕਿਉਂਕਿ ਬੀਰ ਦਵਿੰਦਰ ਸਿੰਘ ਦੇ ਨਾਨਕੇ ਉਨ੍ਹਾਂ ਦੇ ਗੁਆਂਢੀ ਪਿੰਡ ਜੈਪੁਰੇ ਸਨ। ਇਸ ਗੱਲ ਦੀ ਤਸਦੀਕ ਓਮ ਪ੍ਰਕਾਸ਼ ਬੈਕਟਰ ਦੀ ਪੋਤਰੀ ਅਦਿੱਤੀ ਬੈਕਟਰ ਨੇ ਕੀਤੀ ਹੈ। ਸ. ਬੀਰ ਦਵਿੰਦਰ ਸਿੰਘ ਨੂੰ ਸਿਆਸਤ ਵਿਚ ਆਪਣੀ ਵਿਦਵਤਾ ਅਤੇ ਕਾਬਲੀਅਤ ਦਾ ਇਵਜ਼ਾਨਾ ਭੁਗਤਣਾ ਪਿਆ ਕਿਉਂਕਿ ਕਿਸੇ ਵੀ ਸੀਨੀਅਰ ਸਿਆਸਤਦਾਨ ਨੇ ਬੀਰ ਦਵਿੰਦਰ ਸਿੰਘ ਦੇ ਮਿਕਨਾਤੀਸੀ ਵਿਅਕਤੀਤਵ ਤੋਂ ਡਰਦਿਆਂ ਮਾਰਿਆਂ ਅੱਗੇ ਵੱਧਣ ਨਹੀਂ ਦਿੱਤਾ। ਸਗੋਂ ਉਸ ਦੇ ਰਾਹ ਵਿਚ ਅੜਿੱਕੇ ਪਾਏ। ਇਸ ਕਰਕੇ ਹੀ ਉਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਥੋਂ ਤੱਕ ਕਿ ਇਕ ਪਾਸੇ ਉਸ ਨੂੰ 2002 ਤੋਂ 2007 ਦੇ ਸਮੇਂ ਦੀ ਸੰਸਦੀ ਕਾਰਗੁਜ਼ਾਰੀ ਕਰਕੇ 'ਸਰਵੋਤਮ ਸੰਸਦ' ਦਾ ਖਿਤਾਬ ਦਿੱਤਾ ਗਿਆ ਪ੍ਰੰਤੂ ਦੂਜੇ ਪਾਸ 2007 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਨੇ ਉਸ ਦਾ ਟਿਕਟ ਕੱਟ ਦਿੱਤਾ। 2002 ਵਿਚ ਵੀ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਉਸ ਨੂੰ ਟਿਕਟ ਨਹੀਂ ਦੇਣਾ ਚਾਹੁੰਦੀ ਸੀ ਪ੍ਰੰਤੂ ਉਹ ਸਿੱਧਾ ਸੋਨੀਆਂ ਗਾਂਧੀ ਦੀ ਦਖ਼ਲਅੰਦਾਜ਼ੀ ਨਾਲ ਟਿਕਟ ਲੈ ਕੇ ਆਇਆ ਸੀ। 20 ਦਿਨਾਂ ਵਿਚ ਹੀ ਚੋਣ ਪ੍ਰਚਾਰ ਕਰਕੇ ਚੋਣ ਜਿੱਤ ਗਿਆ ਸੀ। 2016 ਵਿਚ ਉਸ ਨੂੰ ਕਾਂਗਰਸ ਪਾਰਟੀ ਵੀ ਛੱਡਣੀ ਪਈ, ਜਿਸ ਕਰਕੇ ਉਸ ਨੂੰ ਕਈ ਪਾਰਟੀਆਂ ਵਿਚ ਮਜਬੂਰੀ ਵਸ ਜਾਣਾ ਪਿਆ। ਸਿਆਸਤ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਟਕਸਾਲ ਦੇ ਵਿਦਿਆਰਥੀ, ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਗੁੜ੍ਹਤੀ ਲੈ ਕੇ ਸਿਆਸਤ ਵਿਚ ਧਾਂਕ ਜਮਾਉਣ ਵਾਲੇ ਵਿਦਵਾਨ ਬੁਲਾਰੇ ਸ. ਬੀਰ ਦਵਿੰਦਰ ਸਿੰਘ 30 ਜੂਨ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ 74 ਸਾਲ ਦੀ ਉਮਰ ਵਿਚ ਸਵਰਗ ਸਿਧਾਰ ਗਏ। ਉਹ ਫੂਡ ਪਾਈਪ ਦੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਤੋਂ ਪ੍ਰਭਾਵਤ ਸਨ। ਕੈਂਸਰ ਅਜੇ ਪਹਿਲੀ ਸਟੇਜ ਵਿਚ ਹੀ ਸੀ ਪ੍ਰੰਤੂ ਕੀਮੋ ਕਰਨ ਤੋਂ ਬਾਅਦ ਉਹ ਕਮਜ਼ੋਰ ਹੁੰਦੇ ਗਏ ਤੇ ਅਖ਼ੀਰ ਸਵਰਗ ਸਿਧਾਰ ਗਏ। ਉਨ੍ਹਾਂ ਦਾ ਦੋ ਸਾਲ ਪਹਿਲਾਂ ਦਿਲ ਦਾ ਆਪ੍ਰੇਸ਼ਨ ਹੋਇਆ ਸੀ। ਉਸ ਤੋਂ ਬਾਅਦ ਤਾਂ ਉਹ ਨਾਰਮਲ ਜ਼ਿੰਦਗੀ ਜੀਅ ਰਹੇ ਸਨ। ਕੁਝ ਸਮਾਂ ਪਹਿਲਾਂ ਹੀ ਨਾਮੁਰਾਦ ਬਿਮਾਰੀ ਨੇ ਦਲੇਰ ਸਿਆਸਤਦਾਨ ਨੂੰ ਲਪੇਟ ਲਿਆ। ਉਹ ਸਮਾਜ ਵਿਚ ਬਿਲਕੁਲ ਆਮ ਦੀ ਤਰ੍ਹਾਂ ਵਿਚਰਦੇ ਸਨ ਪ੍ਰੰਤੂ ਸਿਆਸਤ ਵਿਚੋਂ ਸੇਵਾਮੁਕਤੀ ਲੈ ਲਈ ਸੀ। ਉਨ੍ਹਾਂ ਨੇ ਆਪਣਾ ਸਿਆਸੀ ਕੈਰੀਅਰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਸ਼ੁਰੂ ਕੀਤਾ ਸੀ। ਉਥੋਂ ਸਿੱਖਿਆ ਲੈ ਕੇ ਪੰਥ ਦੀ ਮਾਇਆ ਨਾਜ਼ ਹਸਤੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਪ੍ਰੰਤੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸਲਾਹ ਨਾਲ ਹੀ ਉਹ ਅਕਾਲੀ ਦਲ ਨੂੰ ਅਲਵਿਦਾ ਕਹਿਕੇ ਕਾਂਗਰਸ ਪਾਰਟੀ ਵਿਚ ਚਲੇ ਗਏ ਸਨ ਕਿਉਂਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨੇੜੇ ਉਸ ਸਮੇਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਨ। ਉਹ ਪ੍ਰੇਮ ਸਿੰਘ ਚੰਦੂਮਾਜਰਾ ਦੀ ਥਾਂ ਬੀਰ ਦਵਿੰਦਰ ਸਿੰਘ ਨੂੰ ਸਰਹੰਦ ਵਿਧਾਨ ਸਭਾ ਹਲਕੇ ਵਿਚ ਮੋਹਰੀ ਨਹੀਂ ਬਣਾਉਣਾ ਚਾਹੁੰਦੇ ਸਨ। ਸ. ਬੀਰ ਦਵਿੰਦਰ ਸਿੰਘ 1971 ਤੋਂ 1977 ਤੱਕ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਰਹੇ ਸਨ। ਇਸ ਦੌਰਾਨ ਉਨ੍ਹਾਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕਾਂ ਕੈਂਪ ਆਯੋਜਿਤ ਕਰਕੇ ਨੌਜਵਾਨਾਂ ਨੂੰ ਸਿੱਖੀ ਦੀ ਪਿਉਂਦ ਦਿੱਤੀ। ਸਿੱਖ ਸਟੂਡੈਂਟ ਫੈਡਰੇਸ਼ਨ ਦੀ ਸਿੱਖਿਆ ਨੇ ਸ. ਬੀਰ ਦਵਿੰਦਰ ਸਿੰਘ ਦੇ ਵਿਅਕਤੀਤਵ ਵਿਚ ਨਿਖਾਰ ਅਜਿਹਾ ਲਿਆਂਦਾ ਕਿ ਉਹ ਸਿਆਸੀ ਖੇਤਰ ਵਿਚ ਧਰੂ ਤਾਰੇ ਦੀ ਤਰ੍ਹਾਂ ਰੌਸ਼ਨੀ ਦੇਣ ਲੱਗ ਪਏ। ਦੂਜੀ ਗੱਲ ਉਸ ਦਾ ਸਿੱਖ ਇਤਿਹਾਸ ਨੂੰ ਪੜ੍ਹਨਾ ਅਤੇ ਨਾਲ ਹੀ ਦੁਨੀਆਂ ਦੇ ਸਾਰੇ ਧਰਮਾ ਦਾ ਅਧਿਐਨ ਕਰਨਾ ਬੀਰ ਦਵਿੰਦਰ ਲਈ ਵਰਦਾਨ ਸਾਬਤ ਹੋਇਆ। ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ ਅਤੇ ਬੀਰ ਦਵਿੰਦਰ ਸਿੰਘ ਆਪਣੇ ਭਾਸ਼ਣਾਂ ਵਿਚ ਸਿੱਖ ਇਤਿਹਾਸ ਦੀਆਂ ਉਦਾਹਰਨਾਂ ਅਤੇ ਸ਼ਬਦਾਵਲੀ ਵਰਤਦੇ ਸਨ, ਜਿਹੜੀ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਸੀ। ਅਸਲ ਕਾਰਨ ਅਕਾਲੀ ਲੀਡਰਸ਼ਿਪ ਵੀ ਉਸ ਦੀ ਸਿਆਸੀ ਵਿਦਵਤਾ ਤੋਂ ਡਰਦੀ ਸੀ। 1977 ਤੱਕ ਉਹ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੀ ਅਗਵਾਈ ਸਰਗਰਮੀ ਨਾਲ ਕਰਦੇ ਰਹੇ ਸਨ। ਅਕਾਲੀ ਦਲ ਦੀ ਲੀਡਰਸ਼ਿਪ ਉਨ੍ਹਾਂ ਨੂੰ ਸਿਆਸਤ ਵਿਚ ਉਭਰਨ ਤੋਂ ਰੋਕਦੀ ਸੀ, ਇਸ ਲਈ ਉਸ ਨੇ 1978 ਵਿਚ ਕਾਂਗਰਸ ਪਾਰਟੀ ਦਾ ਪੱਲਾ ਫੜ੍ਹ ਲਿਆ। 1980 ਵਿਚ ਉਹ ਸਰਹੰਦ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ। ਉਹ ਉਸ ਸਮੇਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਕਾਫ਼ੀ ਨਜ਼ਦੀਕੀਆਂ ਵਿਚੋਂ ਇਕ ਸਨ ਪ੍ਰੰਤੂ ਦਰਬਾਰਾ ਸਿੰਘ ਨੇ ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਦਿੱਤਾ, ਸਿਰਫ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਪਾਰਟੀ ਦੇ ਚੀਫ਼ ਵਿਪ ਬਣਾ ਦਿੱਤਾ, ਜਿਹੜਾ ਕੋਈ ਸੰਵਿਧਾਨਿਕ ਅਹੁਦਾ ਨਹੀਂ ਸੀ। ਕਾਂਗਰਸੀ ਲੀਡਰ ਸਿਰਫ ਉਨ੍ਹਾਂ ਵਰਤਦੇ ਅਤੇ ਲੌਲੀ ਪੌਪ ਦਿੰਦੇ ਰਹੇ। ਕਈ ਵਾਰ ਉਨ੍ਹਾਂ ਨੇ ਸਹੁੰ ਚੁਕਣ ਲਈ ਜੈਕਟਾਂ ਅਤੇ ਅਚਕਨਾਂ ਸਿਲਾਈਆਂ ਪ੍ਰੰਤੂ ਉਨ੍ਹਾਂ ਨੂੰ ਮੰਤਰੀ ਨਹੀਂ ਬਣਾਇਆ ਗਿਆ। 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਖਰੜ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ। ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕਣ 'ਤੇ ਕਾਂਗਰਸ ਪਾਰਟੀ ਨੇ ਬੀਰ ਦਵਿੰਦਰ ਸਿੰਘ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਸੀ, ਫਿਰ ਉਹ 2010 ਵਿਚ ਉਹ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਵਿਚ ਸ਼ਾਮਲ ਹੋ ਗਏ ਅਤੇ 2012 ਤੱਕ ਇਸ ਪਾਰਟੀ ਨਾਲ ਜੁੜੇ ਰਹੇ। 2019 ਵਿਚ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਵਿਚ ਸ਼ਾਮਲ ਹੋ ਗਏ। ਜੁਲਾਈ 2020 ਵਿਚ ਸੁਖਦੇਵ ਸਿੰਘ ਢੀਂਡਸਾ ਵਾਲੇ ਸੰਯੁਕਤ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਸੰਯੁਕਤ ਅਕਾਲੀ ਦਲ ਦਾ ਉਪ ਪ੍ਰਧਾਨ ਬਣਾਇਆ ਗਿਆ। ਉਥੇ ਵੀ ਬਹੁਤੀ ਦੇਰ ਚਲ ਨਹੀਂ ਸਕੇ, ਫਿਰ ਉਹ ਅਸਤੀਫਾ ਦੇ ਕੇ ਸਿਆਸਤ ਤੋਂ ਕਿਨਾਰਾ ਕਰ ਗਏ। ਸਿਆਸਤ ਵਿਚ ਪੁਸਤਕ ਸੱਭਿਆਚਾਰ ਨਾਲ ਜੁੜਨ ਵਾਲੇ ਗਿਣਵੇਂ-ਚੁਣਵੇਂ ਨੇਤਾਵਾਂ ਵਿਚੋਂ ਬੀਰ ਦਵਿੰਦਰ ਸਿੰਘ ਇਕ ਸਨ।

ਬੀਰਦਵਿੰਦਰ ਸਿੰਘ ਸਰਾਓ ਦੇ ਇਸ ਫਾਨੀ ਸੰਸਾਰ ਤੋਂ ਅਲਵਿਦਾ ਕਹਿਣ ਤੋਂ ਬਾਅਦ ਪੰਜਾਬ ਇੱਕ ਬੁੱਧੀਜੀਵੀ, ਵਿਦਵਾਨ, ਚਿੰਤਕ, ਸਰਵੋਤਮ ਬੁਲਾਰੇ ਅਤੇ ਹੰਢੇ-ਵਰਤੇ ਸੂਝਵਾਨ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ। ਬੀਰਦਵਿੰਦਰ ਸਿੰਘ ਸਿਆਸੀ ਖੇਤਰ ਵਿਚ ਭਾਵੇਂ ਵੱਡੀਆਂ ਪੁਲਾਂਘਾਂ ਪੁੱਟ ਨਹੀਂ ਸਕਿਆ ਪ੍ਰੰਤੂ ਆਪਣੇ ਬਿਆਨਾਂ, ਲੇਖਾਂ ਅਤੇ ਮੀਡੀਆ ਵਿਚ ਦਿੱਤੀਆਂ ਇੰਟਰਵਿਊ ਨਾਲ ਸਿਆਸਤਦਾਨਾਂ ਨੂੰ ਵਕਤ ਪਾ ਕੇ ਰੱਖਦੇ ਸਨ। ਸਰਕਾਰਾਂ ਦੀਆਂ ਕਮਜ਼ੋਰੀਆਂ ਦਾ ਪਰਦਾਫਾਸ਼ ਕਰਨ ਵਿਚ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਉਹ ਕਿਸੇ ਇਕ ਪਾਰਟੀ ਨਾਲ ਟਿਕ ਕੇ ਚੱਲ ਵੀ ਨਹੀਂ ਸਕਿਆ ਪ੍ਰੰਤੂ ਬੀਰਦਵਿੰਦਰ ਸਿੰਘ ਦੀ ਵਿਦਵਤਾ ਉਸਦੀ ਲੇਖਣੀ ਅਤੇ ਬੁਲਾਰੇ ਦੇ ਤੌਰ 'ਤੇ ਇਕ ਵੱਖਰੀ ਪਛਾਣ ਬਣਾਈ ਹੋਈ ਸੀ। ਉਸ ਦੀ ਕਿਸੇ ਮੁੱਖ ਮੰਤਰੀ ਨਾਲ ਵੀ ਬਹੁਤੀ ਬਣ ਨਹੀਂ ਸਕੀ ਕਿਉਂਕਿ ਉਸ ਵਿਚ ਸਰਵੋਤਮ ਨੇਤਾ ਬਣਨ ਦੀ ਸਮਰੱਥਾ ਸੀ, ਇਸ ਲਈ ਸਿਆਸੀ ਨੇਤਾ ਉਸ ਤੋਂ

ਡਾ. ਸੁਰਿੰਦਰ ਮੰਡ
ਤਲਵਾੜਾ (ਹੁਸ਼ਿਆਰਪੁਰ)
94173-24543
(Punjab Mail USA)



ਤਿਬਕਦੇ ਸਨ। ਬੀਰਦਵਿੰਦਰ ਸਿੰਘ ਦੀ ਕਾਬਲੀਅਤ ਵਰਣਨਯੋਗ ਹੈ। ਉਸ ਦੀ ਹਰ ਖੇਤਰ ਦੀ ਜਾਣਕਾਰੀ ਵਿਸ਼ਾਲ ਸੀ, ਜਿਵੇਂ ਇਤਿਹਾਸ, ਸਾਹਿਤ, ਵਿਰਾਸਤ ਅਤੇ ਸਾਰੇ ਧਰਮਾਂ ਦੀ ਡੂੰਘਾਈ ਤੱਕ ਜਾਣਕਾਰੀ ਸੀ। ਉਨ੍ਹਾਂ ਦਾ ਪਿੰਡ ਕੋਟਲਾ ਭਾਈਕਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੀ ਪਵਿੱਤਰ ਧਰਤੀ ਫਤਿਹਗੜ੍ਹ ਸਾਹਿਬ ਦੇ ਨਜ਼ਦੀਕ ਹੋਣ ਕਰਕੇ, ਉਨ੍ਹਾਂ ਨੂੰ ਰੂਹਾਨੀ ਤਾਕਤ ਮਿਲਦੀ ਰਹੀ। ਉਹ ਅੰਗਰੇਜ਼ੀ ਭਾਸ਼ਾ ਦੇ ਵੀ ਗਿਆਤਾ ਸਨ। ਜਦੋਂ ਉਹ ਉਦਾਹਰਣਾਂ ਦੇਣ ਲੱਗਦੇ ਸਨ, ਤਾਂ ਕਈ ਵਾਰ ਇਉਂ ਲੱਗਦਾ ਸੀ ਕਿ ਜਿਵੇਂ ਬਹੁਤ ਹੀ ਗੁਣੀ ਗਿਆਨੀ ਹੋਣ। ਉਨ੍ਹਾਂ ਦੀ ਜਾਣਕਾਰੀ ਦਾ ਖ਼ਜ਼ਾਨਾ ਅਥਾਹ ਭਰਪੂਰ ਹੋਵੇ। ਧਾਰਮਿਕ ਉਦਾਹਰਣਾਂ ਦੇਣ ਸਮੇਂ ਉਹ ਅਧਿਆਤਮਿਕ ਰੂਹਾਨੀ ਵਿਦਵਾਨ ਲੱਗਦੇ ਹਨ। ਉਹ ਆਪਣੀ ਭਾਸ਼ਣ ਕਲਾ ਨਾਲ ਸਰੋਤਿਆਂ ਨੂੰ ਅਜਿਹੇ ਢੰਗ ਨਾਲ ਕੀਲ ਲੈਂਦੇ ਸਨ ਕਿ ਸਰੋਤੇ ਉਨ੍ਹਾਂ ਦੇ ਸ਼ਬਦਾਂ ਦੇ ਵਹਿਣ ਵਿਚ ਦਰਿਆ ਦੇ ਵਹਿਣ ਦੀ ਤਰ੍ਹਾਂ ਵਹਿ ਤੁਰਦੇ ਹਨ। ਉਦਾਹਰਣਾਂ, ਲੁਕੋਕਤੀਆਂ, ਵਿਸ਼ੇਸ਼ਣ, ਕੁਟੇਸ਼ਨਾਂ, ਧਾਰਮਿਕ ਅਤੇ ਸਾਹਿਤਕ ਤੁਕਾਂ ਉਨ੍ਹਾਂ ਦੇ ਭਾਸ਼ਣ ਨੂੰ ਰਸਦਾਇਕ ਬਣਾ ਦਿੰਦੀਆਂ ਹਨ। ਉਹ ਸ਼ਬਦਾਂ ਦੇ ਜਾਦੂਗਰ ਸਨ। ਉਹ ਦਬੰਗ ਸਿਆਸਤਦਾਨ ਸਨ ਪਰੰਤੂ ਉਨ੍ਹਾਂ ਦਾ ਰਾਹ ਸਿਆਸਤਦਾਨ ਰੋਕਦੇ ਰਹੇ ਸਨ, ਤਾਂ ਜੋ ਕਿਤੇ ਉਨ੍ਹਾਂ ਨੂੰ ਮਾਤ ਨਾ ਪਾ ਜਾਣ। ਉਹ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਸਰਕਾਰ ਸਮੇਂ 2003 ਤੋਂ 2004 ਤੱਕ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਨ। ਉਹ ਬਹੁਤੀ ਦੇਰ ਇਸ ਅਹੁਦੇ 'ਤੇ ਵੀ ਟਿਕ ਨਹੀਂ ਸਕੇ ਅਤੇ ਡਿਪਟੀ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੂੰ ਸਰਵੋਤਮ ਪਾਰਲੀਮੈਂਟੇਰੀਅਨ ਦਾ ਖਿਤਾਬ ਵੀ ਦਿੱਤਾ ਗਿਆ ਸੀ। 6 ਮਹੀਨੇ ਪਹਿਲਾਂ ਮੈਂ ਅਤੇ ਪ੍ਰੋ. ਕ੍ਰਿਪਾਲ ਕਾਜਾਕ ਉਨ੍ਹਾਂ ਨੂੰ ਮਿਲਕੇ ਆਏ ਸੀ। ਉਨ੍ਹਾਂ ਸਿਆਸੀ ਸ਼ਤਰੰਜ ਦੀਆਂ ਬਹੁਤ ਸਾਰੀਆਂ ਘਿਨੌਣੀਆਂ ਹਰਕਤਾਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ ਸੀ। ਉਨ੍ਹਾਂ ਦਾ ਜਨਮ ਪਿਤਾ ਪ੍ਰਿਤਪਾਲ ਸਿੰਘ ਅਤੇ ਮਾਤਾ ਰਣਧੀਰ ਕੌਰ ਦੇ ਘਰ ਪਿੰਡ ਕੋਟਲਾ ਭਾਈਕਾ ਵਿਖੇ ਹੋਇਆ। ਉਨ੍ਹਾਂ ਦੀਆਂ ਤਿੰਨ ਲੜਕੀਆਂ ਅਤੇ ਇਕ ਲੜਕਾ ਹੈ। ਸ. ਬੀਰ ਦਵਿੰਦਰ ਸਿੰਘ ਦਾ ਸਸਕਾਰ ਪਟਿਆਲਾ ਵਿਖੇ 3 ਜੁਲਾਈ ਨੂੰ ਬਡੂੰਗਰ ਸ਼ਮਸ਼ਾਨ ਘਾਟ ਵਿਚ ਕਰ ਦਿੱਤਾ ਗਿਆ।

# ਅਲਵਿਦਾ ! ਆਧੁਨਿਕ ਖੇਤੀ ਦੇ ਨਿਰਮਾਤਾ: ਮਹਿੰਦਰ ਸਿੰਘ ਮੁੰਡੀ

ਪਿੰਡ ਕੱਦੋਂ ਵਿਚ ਆਧੁਨਿਕ ਖੇਤੀ ਅਤੇ ਸਹਾਇਕ ਧੰਦਿਆਂ ਦੇ ਨਿਰਮਾਤਾ ਮਹਿੰਦਰ ਸਿੰਘ ਮੁੰਡੀ ਕੈਨੇਡਾ ਦੇ ਐਡਮਿੰਟਨ ਸ਼ਹਿਰ ਵਿਖੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਵਿਚ ਫੁੱਲਾਂ ਵਾਲੇ ਮਾਸਟਰ ਦੇ ਨਾਮ ਨਾਲ ਜਾਣੇ ਜਾਂਦੇ ਸਨ। ਕਿੱਤੇ ਦੇ ਤੌਰ 'ਤੇ ਉਹ ਇਕ ਸਫਲ ਅਧਿਆਪਕ ਸਨ, ਪਰੰਤੂ ਉਨ੍ਹਾਂ ਦਾ ਸ਼ੌਕ ਪਿਤਾ-ਪੁਰਖੀ ਖੇਤਬਾੜੀ ਦੇ ਕਿੱਤੇ ਨੂੰ ਆਧੁਨਿਕ ਤਕਨੀਕ ਅਪਣਾਉਂਦੇ ਹੋਏ ਨਵੇਂ ਬੀਜਾਂ ਵਾਲੀਆਂ ਫ਼ਸਲਾਂ ਬੀਜਣਾ ਅਤੇ ਲਾਹੇਵੰਦ ਖੇਤੀ ਕਰਨਾ ਸੀ, ਜਿਸ ਕਰਕੇ ਉਨ੍ਹਾਂ ਨੇ ਰਵਾਇਤੀ ਫ਼ਸਲਾਂ ਦੇ ਨਾਲ ਬਦਲਵੀਂਆਂ ਫਸਲਾਂ ਉਗਾਉਣ ਦਾ ਮਨ ਬਣਾ ਲਿਆ। ਇਸ ਕਰਕੇ ਉਨ੍ਹਾਂ ਨੂੰ ਫੁੱਲਾਂ ਵਾਲੇ ਮਾਸਟਰ ਕਿਹਾ ਜਾਂਦਾ ਸੀ। ਉਨ੍ਹਾਂ ਆਪਣੇ ਕਿੱਤੇ ਦੇ ਨਾਲ ਹੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਜਾ ਕੇ ਖੇਤੀਬਾੜੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਸ਼ੁਰੂ ਕਰ ਦਿੱਤਾ। 1961 ਵਿਚ ਗੁਰਦਾਸਪੁਰ ਤੋਂ ਪੋਲਟਰੀ ਫਾਰਮਿੰਗ ਦਾ ਕੋਰਸ ਕੀਤਾ। ਫਿਰ 50 ਮੁਰਗੀਆਂ ਨਾਲ ਪਿੰਡ ਵਿਚ ਹੀ ਪੋਲਟਰੀ ਫਾਰਮ ਸਥਾਪਿਤ ਕੀਤਾ। 1975 ਵਿਚ ਮਹਿੰਦਰ ਸਿੰਘ ਮੁੰਡੀ ਨੇ ਖੁੰਬਾਂ ਦੀ ਕਾਸ਼ਤ ਕਰਨ ਦੀ ਸਿਖਲਾਈ ਖੇਤੀਬਾੜੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਇਸ ਮੰਤਵ ਲਈ ਸ਼ੈਡਾਂ ਦੀ ਉਸਾਰੀ ਕੀਤੀ ਗਈ। 21-22 ਫਰਵਰੀ, 1978 ਨੂੰ ਦਿੱਲੀ ਵਿਖੇ ਖੁੰਬਾਂ ਦੀ ਖੇਤੀ ਕਰਨ ਵਾਲੇ ਕਿਸਾਨਾਂ ਦਾ ਸੈਮੀਨਾਰ ਹੋਇਆ। ਮਹਿੰਦਰ ਸਿੰਘ ਮੁੰਡੀ ਨੇ ਉਸ ਸੈਮੀਨਾਰ ਵਿਚ ਹਿੱਸਾ ਲਿਆ। ਉਸ ਸਮੇਂ ਕੈਪਟਨ ਅਮਰਿੰਦਰ ਸਿੰਘ 'ਮਸ਼ਰੂਮ ਗ੍ਰੋਅਰਜ਼ ਐਸੋਸੀਏਸ਼ਨ' ਦੇ ਪ੍ਰਧਾਨ ਸਨ। ਇਸ ਸੈਮੀਨਾਰ ਦਾ ਉਦਘਾਟਨ ਉਦੋਂ ਦੇ ਪ੍ਰਧਾਨ ਮੰਤਰੀ ਮੋਰਾਰਜੀ ਡਿਸਾਈ ਨੇ ਕੀਤਾ, ਦੂਜੇ ਦਿਨ ਤਤਕਾਲੀ ਕੇਂਦਰੀ ਖੇਤੀਬਾੜੀ ਮੰਤਰੀ ਸੁਰਜੀਤ ਸਿੰਘ ਬਰਨਾਲਾ ਵੀ ਸ਼ਾਮਲ ਹੋਏ ਸਨ। ਇਸੇ ਤਰ੍ਹਾਂ ਮਹਿੰਦਰ ਸਿੰਘ ਮੁੰਡੀ ਨੇ 1978 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਸ਼ਹਿਦ ਦੀਆਂ ਮੱਖੀਆਂ ਨੂੰ ਪਾਲਣ ਦਾ ਕੋਰਸ ਕੀਤਾ। ਸ਼ਹਿਦ ਦੀਆਂ ਮੱਖੀਆਂ ਨੂੰ ਪਾਲਣ ਦੀ ਸਿੱਖਿਆ ਮਹਿੰਦਰ ਸਿੰਘ ਨੇ ਲੁਧਿਆਣਾ ਜ਼ਿਲ੍ਹੇ ਦੇ ਹੋਰ ਕਿਸਾਨਾਂ ਨੂੰ ਵੀ ਦਿੱਤੀ। ਇਸ ਕੰਮ ਵਿਚ ਵੀ ਉਹ ਸਫਲ ਹੋਏ। ਸ਼ਹਿਦ ਦੀਆਂ ਮੱਖੀਆਂ ਦੇ ਨਾਲ ਹੀ ਫੁੱਲਾਂ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਰਕੇ ਮਹਿੰਦਰ ਸਿੰਘ ਦਾ ਇਲਾਕੇ ਵਿਚ ਨਾਮ ਹੋ ਗਿਆ ਅਤੇ ਫੁੱਲਾਂ ਵਾਲਾ ਮਾਸਟਰ ਮਹਿੰਦਰ ਸਿੰਘ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਮਹਿੰਦਰ ਸਿੰਘ ਮੁੰਡੀ ਦੇ ਫਾਰਮ ਅਤੇ ਸਹਾਇਕ ਕਿੱਤਿਆਂ ਦੇ ਕੰਮ ਨੂੰ ਵੇਖਣ ਲਈ ਦੇਸ਼-ਵਿਦੇਸ਼ ਦੇ ਵੱਖ-ਵੱਖ ਸਿਆਸਤਦਾਨ, ਵਿਗਿਆਨੀ ਅਤੇ ਖੇਤੀਬਾੜੀ ਮਾਹਿਰ ਆਉਂਦੇ ਰਹੇ ਹਨ, ਜਿਨ੍ਹਾਂ ਵਿਚ ਰੂਸ ਦੇ ਤਤਕਾਲੀ ਡਿਪਟੀ ਖੇਤੀਬਾੜੀ ਮੰਤਰੀ, ਨੋਬਲ ਇਨਾਮ ਜੇਤੂ ਡਾ. ਨਾਰਮਨ ਬੁਰਲਾਗ, ਕੇਂਦਰੀ ਰਾਜ ਮੰਤਰੀ ਏ.ਪੀ.ਸ਼ਿੰਦੇ, ਪੰਜਾਬ ਦੇ ਖੇਤੀਬਾੜੀ ਮੰਤਰੀ ਮਾਸਟਰ ਗੁਰਬੰਤਾ ਸਿੰਘ, ਬੇਅੰਤ ਸਿੰਘ ਵਿਧਾਨਕਾਰ, ਆਈ.ਏ.ਐੱਸ. ਅਧਿਕਾਰੀ ਫਾਈਨੈਂਸ਼ੀਅਲ ਕਮਿਸ਼ਨਰ ਭਾਰਤ ਸਰਕਾਰ ਐੱਸ.ਐੱਸ. ਗਰੇਵਾਲ, ਪੰਜਾਬ ਦੇ ਖੇਤੀਬਾੜੀ ਡਾਇਰੈਕਟਰ ਪ੍ਰੀਤਮ ਸਿੰਘ ਅਤੇ ਅਮਰੀਕਨ ਵਿਗਿਆਨੀ ਸ਼ਾਮਲ ਸਨ। ਪੰਜਾਬ ਦੇ ਲਗਭਗ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਵੀ ਆਉਂਦੇ ਰਹੇ।

ਉਨ੍ਹਾਂ ਫ਼ਸਲਾਂ ਦੀਆਂ ਨਵੀਂਆਂ ਕਿਸਮਾਂ ਦੇ ਬੀਜ ਬੀਜਣ ਨੂੰ ਅਪਣਾ ਲਿਆ। ਖੇਤੀਬਾੜੀ ਦੀ ਕਾਸ਼ਤ ਵਿਚ ਆਧੁਨਿਕ ਤਕਨੀਕ, ਹਾਈਬਰਿਡ ਫਸਲਾਂ ਦੇ ਨਵੇਂ ਬੀਜਾਂ ਅਤੇ ਸਹਾਇਕ ਧੰਦਿਆਂ ਨੂੰ ਪਿੰਡ ਵਿਚ ਸ਼ੁਰੂ ਕਰਨ ਦਾ ਮਾਣ ਪੋਲ੍ਹੋਂ ਕਿਆਂ ਦੇ ਮਹਿੰਦਰ ਸਿੰਘ ਨੂੰ ਜਾਂਦਾ ਹੈ। ਮਹਿੰਦਰ ਸਿੰਘ ਮੁੰਡੀ ਦਾ ਜਨਮ ਕਿਸਾਨੀ ਪਰਿਵਾਰ ਵਿਚ ਹੋਇਆ। ਜਦੋਂ 1966 ਤੋਂ ਪਹਿਲਾਂ



ਮਹਿੰਦਰ ਸਿੰਘ ਮੁੰਡੀ

ਪੰਜਾਬ ਵਿਚ ਹਰਾ ਇਨਕਲਾਬ ਲਿਆਉਣ ਦੀ ਗੱਲ ਚੱਲੀ, ਤਾਂ ਪੰਜਾਬ ਸਰਕਾਰ ਅਨਾਜ ਦੀ ਉਪਜ ਵਧਾਉਣ ਲਈ ਰਾਜ ਦੇ ਸਾਰੇ ਬਲਾਕਾਂ ਵਿਚੋਂ ਪ੍ਰੋਗਰੈਸਿਵ ਕਿਸਾਨਾਂ ਦੇ ਫਾਰਮਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਪਾਇਲਟ ਪ੍ਰੋਜੈਕਟ ਸਕੀਮ ਅਧੀਨ ਆਧੁਨਿਕ ਹਾਈਬਰਿਡ ਬੀਜਾਂ ਵਾਲੀਆਂ ਫ਼ਸਲਾਂ ਬੀਜਣ ਲਈ ਕਿਹਾ ਸੀ। ਪਿੰਡ ਨੂੰ ਮਾਣ ਜਾਂਦਾ ਹੈ ਕਿ ਦੋਰਾਹਾ ਬਲਾਕ ਵਿਚੋਂ ਪੋਲ੍ਹੋਂ ਕਿਆਂ ਦੇ ਮਹਿੰਦਰ ਸਿੰਘ ਮੁੰਡੀ ਦੇ 'ਵੀਰ ਖੇਤੀਬਾੜੀ ਫਾਰਮ' ਪਿੰਡ ਕੱਦੋਂ ਦੀ ਚੋਣ ਕੀਤੀ ਗਈ। ਇਨ੍ਹਾਂ ਫਾਰਮਾਂ ਵਿਚ ਨਵੀਂਆਂ ਕਿਸਮਾਂ ਦੇ ਬੀਜ ਬੀਜਣ ਲਈ ਸਰਕਾਰ ਦਿੰਦੀ ਸੀ। ਲੋਕ ਨਵੀਂਆਂ ਫਸਲਾਂ ਬੀਜਣ ਤੋਂ ਝਿਜਕਦੇ ਸਨ। ਅਮਰੀਕਾ ਤੋਂ ਲਿਆਂਦੀ ਮੈਕਸੀਕਨ ਕਣਕ ਦੀ ਬਿਜਾਈ ਮਹਿੰਦਰ ਸਿੰਘ ਨੇ ਆਪਣੇ 'ਵੀਰ ਫਾਰਮ' ਵਿਚ ਸਭ ਤੋਂ ਪਹਿਲਾਂ ਸ਼ੁਰੂ ਕੀਤੀ ਸੀ, ਜਿਸ ਦਾ ਪ੍ਰਤੀ ਏਕੜ ਝਾੜ 30 ਕੁਵਿੰਟਲ ਨਿਕਲਿਆ, ਪਰੰਤੂ ਫ਼ਸਲ ਦਾ ਮਧਰਾ ਕੱਦ ਹੋਣ ਕਰਕੇ ਤੂੜੀ ਘੱਟ ਬਣਦੀ ਸੀ। ਇਸ ਤੋਂ ਬਾਅਦ ਉਨ੍ਹਾਂ 1967 ਵਿਚ ਕਣਕ ਦਾ ਪੀ.ਵੀ. -18 ਬੀਜ ਬੀਜਿਆ, ਜਿਸ ਵਿਚੋਂ ਵੀ 25-30 ਕੁਵਿੰਟਲ ਝਾੜ ਨਿਕਲਿਆ। ਇਸ ਫਸਲ ਦਾ ਲਾਭ ਇਹ ਸੀ ਕਿ ਇਸ ਦੇ ਬੂਟਿਆਂ ਦੀ ਲੰਬਾਈ ਜ਼ਿਆਦਾ ਹੋਣ ਕਰਕੇ ਪਸ਼ੂਆਂ ਲਈ ਤੂੜੀ ਵਧੇਰੇ ਬਣਦੀ ਸੀ। ਉਸ ਤੋਂ ਬਾਅਦ ਹਾਈਬਰਿਡ ਮੱਕੀ ਦੀ ਫ਼ਸਲ ਦੀ ਬਿਜਾਈ ਕੀਤੀ। ਉਨ੍ਹਾਂ ਖੇਤੀਬਾੜੀ ਦੇ ਨਾਲ ਸਹਾਇਕ ਧੰਦੇ ਕਰਨੇ ਵੀ ਸ਼ੁਰੂ ਕੀਤੇ। ਮਹਿੰਦਰ ਸਿੰਘ ਦਾ ਜਨਮ 21 ਜੂਨ, 1940 ਨੂੰ ਮਾਤਾ ਜਗੀਰ ਕੌਰ ਅਤੇ ਪਿਤਾ ਈਸ਼ਰ ਸਿੰਘ ਦੇ ਘਰ ਹੋਇਆ। ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਦੋਰਾਹਾ ਤੋਂ ਪ੍ਰਾਪਤ ਕੀਤੀ। ਐੱਫ.ਐੱਸ.ਸੀ. ਨਾਨ-ਮੈਡੀਕਲ ਆਰੀਆ ਕਾਲਜ ਲੁਧਿਆਣਾ ਤੋਂ ਪਾਸ ਕੀਤੀ। ਆਰਥਿਕ ਮਜਬੂਰੀਆਂ ਕਰਕੇ ਅੱਗੇ ਉੱਚ ਪੜ੍ਹਾਈ ਨਹੀਂ ਕਰ ਸਕੇ। 1962 ਵਿਚ ਸਰਕਾਰੀ ਹਾਈ ਸਕੂਲ ਦੋਰਾਹਾ ਵਿਚ ਜੇ.ਬੀ.ਟੀ. ਦੀਆਂ ਕਲਾਸਾਂ ਸ਼ੁਰੂ ਹੋ ਗਈਆਂ, ਤਾਂ ਉਨ੍ਹਾਂ ਉਥੇ ਦਾਖਲਾ ਲੈ ਲਿਆ। 1964 ਵਿਚ ਜੇ.ਬੀ.ਟੀ. ਦਾ ਕੋਰਸ ਮੁਕੰਮਲ ਕਰ ਲਿਆ। ਤੁਰੰਤ ਆਰਜ਼ੀ ਅਧਿਆਪਕ ਦੀ ਨੌਕਰੀ ਮਿਲ ਗਈ ਅਤੇ ਕਈ ਸਕੂਲਾਂ ਵਿਚ ਪੜ੍ਹਾਉਣ ਤੋਂ ਬਾਅਦ 16 ਅਗਸਤ 1966 ਨੂੰ ਸਰਕਾਰੀ ਹਾਈ ਸਕੂਲ ਰਾਮਪੁਰ ਵਿਚ ਪੱਕੀ ਨੌਕਰੀ ਮਿਲ ਗਈ। ਇਥੇ ਮੈਥ ਅਤੇ ਖੇਤੀਬਾੜੀ ਦਾ ਵਿਸ਼ਾ ਪੜ੍ਹਾਉਂਦਾ ਰਿਹਾ। 1978 ਵਿਚ ਪਿੰਡ ਕੱਦੋਂ ਦੀ ਬਦਲੀ ਹੋ ਗਈ। ਖੇਤੀਬਾੜੀ ਦਾ ਵਿਸ਼ਾ ਪੜ੍ਹਾਉਣ ਕਰਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਵਿਦਿਆਰਥੀਆਂ ਨੂੰ ਲੈ ਕੇ ਜਾਣ ਦਾ ਮੌਕਾ ਮਿਲਿਆ, ਜਿਥੋਂ ਸਹਾਇਕ ਕਿੱਤਿਆਂ ਖੁੰਬਾਂ, ਸ਼ਹਿਦ ਦੀਆਂ ਮੱਖੀਆਂ ਅਤੇ ਫੁੱਲਾਂ ਦੀ ਕਾਸ਼ਤ ਕਰਨ ਦੀ ਜਾਗ ਲੱਗ ਗਈ। 31 ਸਾਲ ਨੌਕਰੀ ਕਰਨ ਤੋਂ ਬਾਅਦ 1997 ਵਿਚ ਸੇਵਾਮੁਕਤ ਹੋ ਗਏ। ਇਕ ਮਹੀਨਾ ਪਹਿਲਾਂ ਹੀ ਪਿੰਡ ਕੱਦੋਂ ਵਿਖੇ ਮੈਂ ਉਨ੍ਹਾਂ ਨੂੰ ਮਿਲਕੇ ਆਇਆ ਸੀ। ਉਨ੍ਹਾਂ ਪੁਰਾਣੇ ਦੋਸਤਾਂ ਨਾਲ ਮਿਲ ਬੈਠਣ ਦਾ ਪ੍ਰੋਗਰਾਮ ਬਣਾਇਆ ਸੀ ਪ੍ਰੰਤੂ ਜਿਸ ਦਿਨ ਮੀਟਿੰਗ ਸੀ, ਉਸ ਦਿਨ ਉਨ੍ਹਾਂ ਨੇ ਦਿਲ ਦੀ ਤਕਲੀਫ ਮਹਿਸੂਸ ਕੀਤੀ ਤੇ ਪ੍ਰੋਗਰਾਮ ਅੱਗੇ ਪਾ ਕੇ ਲੁਧਿਆਣਾ ਵਿਖੇ ਚੈੱਕਅਪ ਕਰਵਾਉਣ ਚਲੇ ਗਏ ਸਨ। ਡਾਕਟਰਾਂ ਦੀ ਸਲਾਹ ਅਨੁਸਾਰ ਉਹ ਵਾਪਸ ਇਲਾਜ ਲਈ ਕੈਨੇਡਾ ਚਲੇ ਗਏ। ਅੱਜਕੱਲ੍ਹ ਆਪਣੇ ਪਰਿਵਾਰ ਨਾਲ ਕੈਨੇਡਾ ਵਿਚ ਰਹਿ ਰਹੇ ਸਨ। 27 ਜੂਨ ਨੂੰ 83 ਸਾਲ 6 ਦਿਨ ਦੀ ਉਮਰ ਭੋਗ ਕੇ ਸਵਰਗ ਸਿਧਾਰ ਗਏ। ਉਹ ਆਪਣੇ ਪਿੱਛੇ ਪਤਨੀ ਬਲਜੀਤ ਕੌਰ, ਸਪੁੱਤਰੀ ਪਰਮਜੀਤ ਕੌਰ, ਸਪੁੱਤਰ ਬਲਦੇਵ ਸਿੰਘ, ਬਲਵੀਰ ਸਿੰਘ ਅਤੇ ਕੁਲਵੀਰ ਸਿੰਘ ਛੱਡ ਗਏ ਹਨ।

ਮਹਿੰਦਰ ਸਿੰਘ ਮੁੰਡੀ ਦਾ ਸਸਕਾਰ 1 ਜੁਲਾਈ 2023 ਨੂੰ ਸ਼ਮਸ਼ਾਨ ਘਾਟ ਤੇ ਫਨਰਲ ਹੋਮ 6403 ਰੋਪਰ ਐੱਨ.ਡਬਲਯੂ. ਐਡਮਿੰਟਨ ਵਿਖੇ ਦੁਪਹਿਰ 1-00 ਵਜੇ ਅਤੇ ਭੋਗ, ਕੀਰਤਨ ਤੇ ਅੰਤਮ ਅਰਦਾਸ ਉਸੇ ਦਿਨ ਗੁਰਦੁਆਰਾ ਮਿਲਵੁੱਡਜ਼ 2606 ਮਿਲ ਵੁਡਜ਼ ਰੋਡ-ਈ, ਐਡਮਿੰਟਨ ਵਿਖੇ ਕਰ ਦਿੱਤਾ ਗਿਆ।

-ਉਜਾਗਰ ਸਿੰਘ
ਸਾਬਕਾ ਲੋਕ ਸੰਪਰਕ ਅਧਿਕਾਰੀ
ਮੋਬਾਈਲ : 94178-13072
ujagarsingh48@yahoo.com

# ਲੋਕ ਸੇਵਾ ਵਾਲੇ ਨੇਤਾ ਕਿਥੇ ਗੁਆਚ ਗਏ ਹਨ ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭਾਰਤ ਦੀ ਸੁਪਰੀਮ ਕੋਰਟ 'ਚ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਦਿੱਲੀ ਦੀ ਕੇਜਰੀਵਾਲ ਸਰਕਾਰ ਤੋਂ ਤਿੰਨ ਸਾਲਾਂ 'ਚ ਇਸ਼ਤਿਹਾਰਾਂ ਲਈ ਕੀਤੇ ਖ਼ਰਚ ਦਾ ਸਾਰਾ ਵੇਰਵਾ ਮੰਗ ਲਿਆ ਗਿਆ ਹੈ। ਸੁਪਰੀਮ ਕੋਰਟ ਨੇ ਕਿਹਾ "ਇਸ਼ਤਿਹਾਰਾਂ ਲਈ ਰੱਖਿਆ ਸਾਰਾ ਫੰਡ ਪ੍ਰਾਜੈਕਟ ਵਿਚ ਲਾਇਆ ਜਾਣਾ ਚਾਹੀਦਾ ਹੈ, ਕੀ ਤੁਸੀਂ ਸਾਡੇ ਕੋਲੋ ਇਸ ਤਰ੍ਹਾਂ ਦਾ ਆਦੇਸ਼ ਚਾਹੁੰਦੇ ਹੋ ?"

ਅਸਲ 'ਚ ਕੇਜਰੀਵਾਲ ਸਰਕਾਰ ਨੇ ਆਰ.ਆਰ.ਟੀ.ਐੱਸ. ਪ੍ਰਾਜੈਕਟ ਦੀ ਉਸਾਰੀ ਲਈ ਸੂਬਾ ਸਰਕਾਰ ਦਾ ਹਿੱਸਾ ਦੇਣ ਤੋਂ ਅਸਮਰਥਤਾ ਵਿਖਾਈ ਸੀ। ਇਸ ਪ੍ਰਾਜੈਕਟ ਤਹਿਤ ਰਾਜਧਾਨੀ ਦਿੱਲੀ ਦਾ ਰਾਜਸਥਾਨ ਤੇ ਹਰਿਆਣਾ ਨਾਲ ਸੜਕ ਮਾਰਗ ਤੋਂ ਸੰਪਰਕ ਸੌਖਾ ਹੋ ਜਾਣਾ ਹੈ।

ਇਕੱਲੀ ਦਿੱਲੀ ਦੀ ਕੇਜਰੀਵਾਲ ਸਰਕਾਰ ਹੀ ਨਹੀਂ, ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਅਤੇ ਹੁਣ ਦੀ ਸਰਕਾਰ ਵੀ, ਅਤੇ ਉਹ ਸਰਕਾਰਾਂ ਜਿਥੇ ਚੋਣਾਂ ਹੋਣ ਵਾਲੀਆਂ ਹਨ, ਇਸ਼ਤਿਹਾਰਾਂ ਉਤੇ ਕਥਿਤ ਵਾਹੋ-ਵਾਹੀ ਲਈ ਆਪਣੇ ਸੂਬਿਆਂ ਤੋਂ ਬਿਨ੍ਹਾਂ ਹੋਰ ਸੂਬਿਆਂ 'ਚ ਵੀ ਆਪਣੀ ਭੱਲ ਬਨਾਉਣ ਲਈ ਅੰਨ੍ਹੇਵਾਹ ਪੈਸਾ ਖ਼ਰਚ ਰਹੀਆਂ ਹਨ ਅਤੇ ਲੋਕ ਭਲਾਈ ਦੇ ਕਾਰਜਾਂ ਤੋਂ ਪਾਸਾ ਵੱਟ ਰਹੀਆਂ ਹਨ। ਮੋਦੀ ਸਰਕਾਰ ਦਾ ਹਾਲ ਵੀ ਇਨ੍ਹਾਂ ਤੋਂ ਵੱਖਰਾ ਨਹੀਂ, ਜਿਸਨੇ ਦੇਸ਼ ਦੇ ਵੱਡੇ ਮੀਡੀਆ ਹਾਊਸਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਆਪਣੀ ਗੋਦ ਵਿਚ ਲਿਆ ਹੋਇਆ ਹੈ ਅਤੇ ਮੋਦੀ ਸਰਕਾਰ ਬਿਨ੍ਹਾਂ ਰੋਕ-ਟੋਕ, ਬੇਤਹਾਸ਼ਾ "ਗੋਦੀ ਮੀਡੀਆ" ਦੀ ਵਰਤੋਂ ਆਪਣੇ ਪ੍ਰਚਾਰ ਹਿੱਤ ਕਰ ਰਹੀ ਹੈ।

ਇਸ਼ਤਿਹਾਰਾਂ ਦੀ ਇਹ ਦੌੜ ਨਿੱਤ ਪ੍ਰਤੀ ਹੋਰ ਤੇਜ਼, ਲੰਮੇਰੀ, ਵੱਡੀ ਹੁੰਦੀ ਜਾ ਰਹੀ ਹੈ, ਕਿਉਂਕਿ ਦੇਸ਼ 'ਚ ਲੋਕ ਸਭਾ ਦੀਆਂ ਚੋਣਾਂ 2024 'ਚ ਹੋਣ ਵਾਲੀਆਂ ਹਨ ਅਤੇ ਉਸ ਤੋਂ ਪਹਿਲਾਂ ਸੈਮੀ ਫਾਇਨਲ ਵਜੋਂ ਕੁਝ ਰਾਜਾਂ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਵਿਚ ਰਾਜਸਥਾਨ, ਛੱਤੀਸਗੜ੍ਹ, ਤਿਲੰਗਾਣਾ ਅਤੇ ਮੀਜ਼ੋਰਮ ਸੂਬੇ ਸ਼ਾਮਲ ਹਨ। ਇਸੇ ਕਿਸਮ ਦੀ ਦੌੜ ਵੋਟਰਾਂ ਨੂੰ ਭਰਮਾਉਣ ਲਈ ਮੁਫ਼ਤ ਰਾਸ਼ਨ, ਸਬਸਿਡੀਆਂ ਅਤੇ ਹੋਰ ਰਿਆਇਤਾਂ ਦੇਣ ਦੀ ਲੱਗੀ ਹੋਈ ਹੈ।

ਦੇਸ਼ 'ਚ ਇਸ ਵੇਲੇ ਜਿਵੇਂ ਦੀ ਉਥਲ-ਪੁਥਲ ਹੋ ਰਹੀ ਹੈ, ਉਹ ਕਿਸੇ ਵੀ ਹਾਲਤ ਵਿਚ ਸੁਖਾਵੀਂ ਨਹੀਂ ਜਾਪਦੀ। ਸੂਬਾ ਮਨੀਪੁਰ ਜਲ ਰਿਹਾ ਹੈ। ਨਿੱਤ ਦਿਹਾੜੇ ਉਥੇ ਫਿਰਕੂ ਘਟਨਾਵਾਂ ਹੋ ਰਹੀਆਂ ਹਨ। ਪ੍ਰਧਾਨ ਮੰਤਰੀ ਇਸ ਮਾਮਲੇ 'ਚ ਚੁੱਪੀ ਵੱਟੀ ਬੈਠੇ ਹਨ।

ਮਹਾਰਾਸ਼ਟਰ 'ਚ ਸਿਆਸੀ ਖਿੱਚੋਤਾਣ ਜਾਰੀ ਹੈ। ਭਾਜਪਾ ਵਿਰੋਧੀ ਪ੍ਰਮੁੱਖ ਨੇਤਾ ਸ਼ਰਦ ਪਵਾਰ ਦੀ ਪਾਰਟੀ ਐੱਨ.ਸੀ.ਪੀ. 'ਚ ਤੋੜ-ਭੰਨ ਕਰਕੇ ਕੇਂਦਰ ਸਰਕਾਰ ਨੇ ਸ਼ਰਦ ਪਵਾਰ ਦੇ ਉਸ ਭਤੀਜੇ ਅਜੀਤ ਪਵਾਰ ਨੂੰ ਸ਼ਕਤੀਸ਼ਾਲੀ ਸੂਬੇ ਮਹਾਰਾਸ਼ਟਰ ਦਾ ਉਪ ਮੁੱਖ ਮੰਤਰੀ ਬਣਾ ਦਿੱਤਾ ਹੈ, ਜਿਸ ਉਤੇ ਕੇਂਦਰ ਸਰਕਾਰ ਤੇ ਭਾਜਪਾ ਦੋਸ਼ ਲਗਾਉਂਦੀ ਸੀ ਕਿ ਇਸ ਨੇਤਾ ਨੇ ਵੱਡੇ ਘਪਲੇ ਕੀਤੇ ਹਨ।

ਭਾਜਪਾ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਕੇ ਅਪੋਜੀਸ਼ਨ ਪਾਰਟੀਆਂ ਦੇ ਨੇਤਾਵਾਂ ਨੂੰ ਸਬਕ ਸਿਖਾਉਣ ਅਤੇ ਸਬਕ ਨਾ ਸਿੱਖਣ ਦੀ ਹਾਲਤ ਵਿਚ ਉਨ੍ਹਾਂ ਵਿਰੁੱਧ ਈ.ਡੀ., ਸੀ.ਬੀ.ਆਈ. ਰਾਹੀਂ ਕਾਰਵਾਈ ਕਰਨ ਦੀ ਮੁਹਿੰਮ ਹੋਰ ਤੇਜ਼ ਇਸ ਕਰਕੇ ਕਰ ਦਿੱਤੀ ਹੈ, ਕਿਉਂਕਿ ਮੁੱਖ ਵਿਰੋਧੀ ਧਿਰਾਂ ਇਹ ਕਹਿਕੇ ਇਕੱਠੀਆਂ ਹੋ ਰਹੀਆਂ ਹਨ, "ਅਸੀਂ ਫਾਸ਼ੀਵਾਦੀ ਤੇ ਗੈਰ-ਲੋਕਤੰਤਰਿਕ ਤਾਕਤਾਂ ਨੂੰ ਹਰਾਉਣ ਦੇ ਆਪਣੇ ਦ੍ਰਿੜ੍ਹ ਇਰਾਦੇ 'ਤੇ ਤੇਜ਼ੀ ਨਾਲ ਅੱਗੇ ਵੱਧ ਰਹੇ ਹਾਂ।"



ਇਸੇ ਡਰ ਵਜੋਂ ਕੇਂਦਰ ਸਰਕਾਰ ਨੇ ਲਾਲੂ ਪ੍ਰਸ਼ਾਦ ਯਾਦਵ ਵਿਰੁੱਧ ਸੀ.ਬੀ.ਆਈ. ਰਾਹੀਂ ਦਰਜ਼ ਇੱਕ ਹੋਰ ਕੇਸ "ਜ਼ਮੀਨ ਬਦਲੇ ਨੌਕਰੀ ਘੁਟਾਲਾ" 'ਤੇ ਕਾਰਵਾਈ ਤੇਜ਼ ਕਰ ਦਿੱਤੀ ਹੈ। ਇਹ ਵੀ ਮੋਦੀ ਸਰਕਾਰ ਦਾ ਡਰ ਹੀ ਹੈ ਕਿ ਉਸ ਵਲੋਂ ਹੁਣ ਕੌਮੀ ਪੱਧਰ 'ਤੇ ਵਿਰੋਧੀਆਂ ਦੇ ਏਕੇ ਤੋਂ ਚਿੰਤਤ ਹੋ ਕੇ ਆਪਣੇ ਪੁਰਾਣੇ ਸਿਆਸੀ ਭਾਈਵਾਲਾਂ ਨੂੰ ਬੁੱਕਲ 'ਚ ਲੈਣ ਲਈ ਯਤਨ ਤੇਜ਼ ਕਰ ਦਿੱਤੇ ਗਏ ਹਨ। ਪੰਜਾਬ ਚ ਮੁੜ ਅਕਾਲੀਆਂ ਦੀ ਤੱਕੜੀ ਦਾ ਪਾਸਕੂ ਕਮਲ ਦਾ ਫੁੱਲ ਬਣ ਸਕਦਾ ਹੈ। ਭਾਜਪਾ ਯਤਨ ਕਰਨ ਲੱਗ ਪਈ ਹੈ ਕਿ ਕੌਮੀ ਜ਼ਮਹੂਰੀ ਗੱਠਜੋੜ ਐੱਨ.ਡੀ.ਏ. 'ਚ ਸਿਆਸੀ ਭਾਈਵਾਲਾਂ ਨੂੰ ਮੰਤਰੀ ਮੰਡਲ 'ਚ ਸ਼ਾਮਲ ਕਰ ਲਿਆ ਜਾਵੇ, ਤਾਂ ਕਿ ਉਹ 2024 'ਚ ਚੋਣਾਂ ਸਮੇਂ ਉਨ੍ਹਾਂ ਨਾਲ ਜੁੜੇ ਰਹਿਣ ਅਤੇ ਵਿਰੋਧੀ ਧਿਰਾਂ 'ਚ ਸ਼ਾਮਲ ਹੋ ਕੇ ਉਸ ਨੂੰ ਨੁਕਸਾਨ ਨਾ ਪਹੁੰਚਾਉਣ।

ਇਸੇ ਕੜੀ 'ਚ ਭਾਜਪਾ ਵਲੋਂ ਦੇਸ਼ ਵਿਚ ਇੱਕ ਹੋਰ ਦੁਫੇੜ ਪਾਉਂਦਿਆਂ ਦੇਸ਼ 'ਚ ਇਕਸਾਰਤਾ ਕਾਨੂੰਨ (ਸਾਂਝਾ ਸਿਵਲ ਕੋਡ) ਲਾਗੂ ਕਰਨ ਦੀ ਗੱਲ ਕਰਕੇ ਬਹੁ ਗਿਣਤੀ ਅਤੇ ਘੱਟ ਗਿਣਤੀ 'ਚ ਇੱਕ ਪਾੜਾ ਵਧਾਉਣ ਦਾ ਯਤਨ ਕੀਤਾ। ਇਸ ਨਾਲ ਦੇਸ਼ ਦੀ ਰਾਜਨੀਤੀ 'ਚ ਇੱਕ ਵੱਡਾ ਉਬਾਲ ਪੈਦਾ ਹੋ ਗਿਆ ਹੈ। ਭਾਜਪਾ ਵਲੋਂ ਛੱਡੇ ਇਸ ਤੀਰ ਨੇ ਘੱਟ ਗਿਣਤੀਆਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਹੈਰਾਨੀ ਦੀ ਗੱਲ ਨਹੀਂ ਕਿ ਬਾਵਜੂਦ ਇਸ ਗੱਲ ਦਾ ਦੋਸ਼ ਲਾਉਂਦਿਆਂ ਕਿ ਭਾਜਪਾ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਇੱਕ ਨੋਟੀਫੀਕੇਸ਼ਨ ਜਾਰੀ ਕਰਕੇ, ਸਾਰੀਆਂ ਤਾਕਤਾਂ ਉਥੇ ਦੇ ਲੈਫਟੀਨੈਂਟ ਗਵਰਨਰ ਨੂੰ ਦੇ ਕੇ, ਪ੍ਰੇਸ਼ਾਨ ਕਰ ਰਹੀ ਹੈ, ਕੇਜਰੀਵਾਲ ਵਲੋਂ ਭਾਜਪਾ ਦੇ ਇਕਸਾਰਤਾ ਕਾਨੂੰਨ ਦੀ ਹਿਮਾਇਤ ਕਰ ਦਿੱਤੀ ਹੈ, ਜਿਸ ਨਾਲ "ਆਪ" ਵਿਰੋਧੀ ਧਿਰਾਂ, ਜਿਨ੍ਹਾਂ ਦੀ ਹਿਮਾਇਤ ਲੈਣ ਲਈ ਉਹ ਵਿਰੋਧੀ ਨੁਮਾਇੰਦਿਆਂ ਨੂੰ ਮਿਲੇ, ਤੋਂ ਵੱਖਰੇ ਹੋ ਕੇ ਬੈਠ ਗਏ ਹਨ।

ਦੇਸ਼ 'ਚ ਵੱਡੀਆਂ ਸਿਆਸੀ ਘਟਨਾਵਾਂ ਵਾਪਰ ਰਹੀਆਂ ਹਨ। ਲੋਕ ਸਭਾ ਚੋਣਾਂ 'ਚ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਅਤੇ ਸਾਰੀਆਂ ਪਾਰਟੀਆਂ ਆਪੋ-ਆਪਣੇ ਸਿਆਸੀ ਦਾਅ ਖੇਡਣ 'ਤੇ ਹੁਣੇ ਤੋਂ ਹੀ ਸਰਗਰਮ ਹੋ ਚੁੱਕੀਆਂ ਹਨ। ਇੰਜ ਨੇਤਾਵਾਂ ਦੇ ਕਿਰਦਾਰ ਅਤੇ ਅਸੂਲ ਛਿੱਕੇ-ਟੰਗੇ ਦਿੱਸਦੇ ਹਨ। ਪਰ ਇਸ ਸਾਰੀ ਸਰਗਰਮੀ ਵਿਚ ਲੋਕ-ਹਿੱਤ ਕਿੱਥੇ ਹਨ? ਲੋਕਾਂ ਦੇ ਮਸਲੇ ਕਿੱਥੇ ਹੈ? ਪੀੜਤ ਲੋਕਾਂ ਲਈ ਸੋਚਣ ਲਈ ਨੇਤਾ ਕਿੱਥੇ ਹਨ? ਲੋਕ ਸੇਵਾ ਵਾਲੇ ਨੇਤਾ ਕਿੱਥੇ ਗੁਆਚ ਗਏ ਹਨ? ਰਾਜਨੀਤੀ ਦਾ ਉਦੇਸ਼ ਸੱਤਾ ਪ੍ਰਾਪਤੀ ਹੀ ਕਿਉਂ ਰਹਿ ਗਿਆ ਹੈ? ਨੇਤਾ ਲੋਕ "ਇਸ਼ਤਿਹਾਰਾਂ ਰਾਹੀਂ" ਆਪਣਾ ਅਕਸ ਸੁਧਾਰਨ ਵਾਲੇ ਕਿਉਂ ਬਣ ਗਏ ਹਨ? ਟਵਿੱਟਰ, ਫੇਸਬੁੱਕੀ ਨੇਤਾ ਆਪਣਾ ਅਕਸ ਸੁਧਾਰਨ ਲਈ ਦੂਜਿਆਂ ਨੂੰ ਦਾਗੀ ਕਰਨ ਦੇ ਰਾਹ ਆਖ਼ਰ ਕਿਉਂ ਪੈ ਗਏ ਹਨ? ਇਹ ਵਰਤਾਰਾ ਦੇਸ਼ ਨੂੰ ਕਿੱਥੇ ਲੈ ਜਾਏਗਾ?

ਉਦਾਹਰਨ ਪੰਜਾਬ ਦੀ ਲੈਂਦੇ ਹਾਂ। ਜਿਸ ਢੰਗ ਦੀ ਸ਼ਰੀਕੇਬਾਜ਼ੀ, ਦੂਸ਼ਨਬਾਜ਼ੀ ਪੰਜਾਬ 'ਚ ਨੇਤਾ ਲੋਕ, ਚਾਹੇ ਹਾਕਮ ਧਿਰ ਹੈ ਜਾਂ ਵਿਰੋਧੀ ਧਿਰ ਆਪਸ ਵਿਚ ਕਰ ਰਹੇ ਹਨ, ਉਸਦਾ ਆਖ਼ਰ ਅੰਤ ਕੀ ਹੈ?

ਇੱਕ ਦੂਸ਼ਣ ਲਾਉਂਦਾ ਹੈ, ਦੂਜਾ ਉਸਦਾ ਠੋਕਵਾਂ ਜਵਾਬ ਦਿੰਦਾ ਹੈ। ਇਹ ਸਭ ਕੁਝ ਸੋਸ਼ਲ ਮੀਡੀਆ 'ਤੇ ਹੋ ਰਿਹਾ ਹੈ। ਆਖ਼ਰ ਇਹ ਕਿਸ ਲਈ ਹੋ ਰਿਹਾ ਹੈ? ਕੀ ਇਹ ਆਮ ਲੋਕਾਂ ਦਾ ਕੁਝ ਸੁਆਰ ਸਕੇਗਾ? ਕੀ ਇਸ ਨਾਲ ਪੰਜਾਬ ਦੇ ਮੁੱਦੇ ਹੱਲ ਹੋਣਗੇ? ਵੇਖੋ ਕਿੱਡੀਆਂ ਘਟਨਾਵਾਂ ਵਾਪਰਨ ਲੱਗੀਆਂ ਹਨ ਪੰਜਾਬ 'ਚ, ਪਹਿਲਾਂ ਨਸ਼ੱਈ ਵਾਧੂ ਡੋਜ਼ ਲੈ ਕੇ ਮਰੇ ਸਨ, ਹੁਣ ਨਸ਼ੇ ਦੀ ਖ਼ਾਤਰ ਮਾਵਾਂ, ਪਿਓ, ਭਰਾਵਾਂ ਨੂੰ ਮਾਰ ਰਹੇ ਹਨ। ਪਿਛਲੇ ਦਿਨੀਂ ਇੱਕ ਨਸ਼ੱਈ ਨੇ ਆਪਣੀ ਮਾਂ ਤੇ ਮਤਰੇਏ ਭਰਾ ਦਾ ਨਸ਼ੇ ਲਈ ਪੈਸੇ ਲੈਣ ਦੀ ਖ਼ਾਤਰ ਕਤਲ ਕਰ ਦਿੱਤਾ। ਪੰਜਾਬ ਦਾ ਕੋਈ ਨੇਤਾ ਬੋਲਿਆ? ਕਿਸੇ ਨੇ ਪੰਜਾਬ ਦੇ ਇਸ ਦਰਦ 'ਚ ਹਾਅ ਭਰੀ।

ਆਹ, ਵੇਖੋ ਯੂ.ਪੀ. ਦੇ ਗੈਂਗਸਟਰ ਮੁਖਤਾਰ ਅੰਸਾਰੀ ਦਾ ਕੇਸ ਲੜਨ ਲਈ ਖ਼ਰਚੇ 55 ਲੱਖ ਰੁਪਏ ਦੀ ਖ਼ਾਤਰ ਮੁੱਖ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਕਿਵੇਂ ਮੇਹਣੋ-ਮੇਹਣੀ ਹੋ ਰਹੇ ਹਨ। ਇੱਕ ਆਖ ਰਿਹਾ ਹੈ ਸਰਕਾਰ ਚਲਾਉਣ ਤੇ ਜੋਕਰ ਬਣਨ 'ਚ ਕੀ ਫ਼ਰਕ ਹੈ।' ਕੀ ਇਹ ਸਾਰਾ ਕੁਝ ਪੰਜਾਬ ਦੇ ਹਿੱਤ 'ਚ ਹੈ? ਬਿਆਨ ਦਰ ਬਿਆਨ ਪੰਜਾਬ ਦਾ ਪਹਿਲੋਂ ਹੀ ਖ਼ਰਾਬ ਹੋ ਚੁੱਕੇ ਮਾਹੌਲ ਨੂੰ ਹੋਰ ਖ਼ਰਾਬ ਕਰ ਰਹੇ ਹਨ। ਕਿਉਂ ਨਹੀਂ ਨੇਤਾ ਲੋਕ ਪੰਜਾਬ ਦੇ ਹਮਦਰਦੀ, ਮੁਦੱਈ ਬਣਕੇ ਇੱਕ ਪਲੇਟਫਾਰਮ 'ਤੇ ਖੜਕੇ ਸਿਰਫ਼ ਤੇ ਸਿਰਫ਼ ਪੰਜਾਬ ਦੀ ਗੱਲ ਕਰਦੇ? ਕਿਉਂ ਉਹ ਸਿਰਫ਼ ਆਪਣੀ ਤੇ ਸਿਰਫ ਆਪਣੀ ਹੀ ਗੱਲ ਕਰਦੇ ਹਨ। ਹਾਲਤ ਪੰਜਾਬ ਦੇ ਹੀ ਇਹੋ ਜਿਹੇ ਨਹੀਂ, ਦਿੱਲੀ 'ਚ ਵੀ ਇਹੋ ਹਨ, ਮੁੰਬਈ 'ਚ ਵੀ ਹਨ, ਜੈਪੁਰ 'ਚ ਵੀ ਹਨ ਅਤੇ ਹੋਰ ਥਾਈਂ ਵੀ ਇਹੋ ਜਿਹੇ ਹਨ ਜਾਂ ਬਣਦੇ ਜਾ ਰਹੇ ਹਨ।

ਫਿਰਕੂ ਪਾੜਾ ਵਧ ਰਿਹਾ ਹੈ। ਦੇਸ਼ 'ਚ ਭੁੱਖਮਰੀ ਨੇ ਤਾਂ ਨਿੱਜੀਕਰਨ ਦੇ ਦੌਰ 'ਚ ਵਧਣਾ ਹੀ ਹੋਇਆ। ਬੇਰੁਜ਼ਗਾਰੀ ਨੇ ਤਾਂ ਫੰਨ ਫੈਲਾਉਣੇ ਹੀ ਹੋਏ। ਜਦੋਂ ਦੇਸ਼ ਦੇ ਕੁਦਰਤੀ ਅਸਾਸੇ 'ਹਾਕਮਾਂ' ਵਲੋਂ ਧੰਨ ਕੁਬੇਰਾਂ ਕੋਲ ਗਹਿਣੇ ਹੀ ਕਰ ਦਿੱਤੇ ਗਏ ਹਨ ਜਾਂ ਕੀਤੇ ਜਾ ਰਹੇ ਹਨ ਤਾਂ ਫਿਰ ਆਮ ਲੋਕਾਂ ਲਈ ਤਾਂ ਬਸ ਦੋ ਡੰਗ ਦੀ ਰੋਟੀ ਤੋਂ ਇਲਾਵਾ ਕੁਝ ਬਚੇਗਾ ਹੀ ਨਹੀਂ।

ਕੀ ਨੇਤਾ ਨਹੀਂ ਜਾਣਦੇ ਕਿ ਦੇਸ਼ ਦੇ ਨਾਗਰਿਕ ਵੱਡੀ ਗਿਣਤੀ 'ਚ ਦੇਸ਼ ਛੱਡ ਰਹੇ ਹਨ, ਪ੍ਰਵਾਸ ਹੰਢਾ ਰਹੇ ਹਨ, ਪਰ ਇਸ ਗੱਲ ਦੀ ਫ਼ਿਕਰ ਕਿਸ ਨੂੰ ਹੈ? ਦੇਸ਼ ਚੋਂ ਮਨੀ-ਬਰੇਨ-ਡਰੇਨ ਹੋ ਰਿਹਾ ਹੈ, ਇਸਦਾ ਫ਼ਿਕਰ ਨਾ ਦੇਸ਼ ਦੇ ਵੱਡੇ ਰਾਜੇ ਨੂੰ ਹੈ, ਤਾਂ ਨਾ ਹੀ ਸੂਬਿਆਂ ਦੇ ਸੂਬੇਦਾਰਾਂ ਨੂੰ। ਉਨ੍ਹਾਂ ਦਾ ਫ਼ਿਕਰ ਤਾਂ ਚਾਰ ਟੰਗੀ ਕੁਰਸੀ ਹੈ, ਜੋ ਕਿਸੇ ਵੀ ਹਾਲਤ ਵਿਚ ਹਿੱਲਣੀ ਨਹੀਂ ਚਾਹੀਦੀ। ਦੇਸ਼ ਪ੍ਰਦੂਸ਼ਿਤ ਹੋ ਰਿਹਾ ਹੈ। ਦੇਸ਼ ਦੁਨੀਆਂ ਦੀ ਸਭ ਤੋਂ ਵੱਡੀ ਆਬਾਦੀ ਬਣ ਚੁੱਕਾ ਹੈ। ਦੇਸ਼ ਬੀਮਾਰੀਆਂ ਦੀ ਪੰਡ ਬਣ ਚੁੱਕਾ ਹੈ। ਦੇਸ਼ ਸਿਹਤ ਸਿੱਖਿਆ ਸਹੂਲਤਾਂ ਦੀ ਭੈੜੀ ਮਾਰ ਹੇਠ ਹੈ।

ਮਸਲੇ ਤਾਂ ਦੇਸ਼ 'ਚ ਹੋਰ ਵੀ ਬਥੇਰੇ ਹਨ, ਪਰ ਇਨ੍ਹਾਂ ਨੂੰ ਹੱਲ ਕਰਨ ਦੀ ਤਾਂ ਗੱਲ ਹੀ ਛੱਡੋ, ਮਸਲੇ ਸੁਣਨ ਵਾਲੇ ਨੇਤਾਵਾਂ ਦੀ ਘਾਟ ਰੜਕਣ ਲੱਗੀ ਹੈ।

## ਸੰਪਾਦਕੀ ਡਾਕ

# ਸ਼ਲਾਘਾਯੋਗ ਕਦਮ

ਪੰਜਾਬ ਸਰਕਾਰ ਦੁਆਰਾ ਲੜਕੀਆਂ ਦੀ ਜਨਮ ਦਰ ਵਧਾਉਣ ਅਤੇ ਲੜਕੀਆਂ ਦੇ ਅਨੁਪਾਤ ਵਿਚ ਸੁਧਾਰ ਲਿਆਉਣ ਲਈ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ, ਜਿਸ ਵਿਚ ਪਹਿਲੀ ਲੜਕੀ ਦੇ ਜਨਮ 'ਤੇ ਮਾਤਾ ਨੂੰ ਪੰਜ ਹਜ਼ਾਰ ਅਤੇ ਦੂਜੀ ਲੜਕੀ ਦੇ ਜਨਮ ਤੇ ਛੇ ਹਜ਼ਾਰ ਰੁਪਏ ਦਿੱਤੇ ਜਾਣਗੇ। ਪੰਜਾਬ ਸਰਕਾਰ ਦੁਆਰਾ ਚੁੱਕੇ ਇਸ ਉਦਮ ਨਾਲ ਜਿਥੇ ਸਮਾਜ ਦੀ ਲੜਕੀਆਂ ਪ੍ਰਤੀ ਬਣੀ ਹੋਈ ਪੁਰਾਤਨ ਰੂੜੀਵਾਦੀ ਸੋਚ ਵਿਚ ਬਦਲਾਅ ਦਾ ਰਾਹ ਪੱਧਰਾ ਹੋਵੇਗਾ, ਉਥੇ ਜਨੇਪੇ ਵਿਚ ਮਾਤਾ ਨੂੰ ਵੀ ਪੈਸਿਆਂ ਨਾਲ ਸਹਾਰਾ ਮਿਲੇਗਾ। ਸਰਕਾਰ ਨੂੰ ਲੜਕੀਆਂ ਦੇ ਜਨਮ ਤੋਂ ਬਾਅਦ ਉਨ੍ਹਾਂ ਦੀ ਪੜ੍ਹਾਈ ਅਤੇ ਸੁਰੱਖਿਆ ਲਈ ਵੀ ਕਦਮ ਚੁੱਕਣ ਦੀ ਲੋੜ ਹੈ ਕਿਉਂਕਿ ਸਿੱਖਿਆ ਹੀ ਇੱਕ ਅਜਿਹਾ ਹਥਿਆਰ ਹੈ, ਜਿਸ ਦੀ ਵਰਤੋਂ ਨਾਲ ਔਰਤਾਂ ਦੀ ਸਥਿਤੀ ਵਿਚ ਬਦਲਾਅ ਅਤੇ ਸਸ਼ਕਤੀਕਰਨ ਵਿਚ ਵਾਧਾ ਹੋ ਸਕਦਾ ਹੈ। ਸਰਕਾਰ ਦੇ ਨਾਲ-ਨਾਲ ਜਿਥੇ ਸਮਾਜਿਕ ਕਾਰਕੁੰਨਾਂ ਨੂੰ ਵੀ ਔਰਤਾਂ ਦੀ ਸਥਿਤੀ ਸੁਧਾਰਨ ਲਈ ਲਾਮਬੰਦ ਹੋਣਾ ਹੋਵੇਗਾ, ਉਥੇ ਔਰਤਾਂ ਨੂੰ ਵੀ ਆਪਣੀ ਆਵਾਜ਼ ਬੁਲੰਦ ਕਰਨੀ ਹੋਵੇਗੀ।

**ਰਜਵਿੰਦਰ ਪਾਲ ਸ਼ਰਮਾ, ਬਠਿੰਡਾ**
70873-67969
(Punjab Mail USA)

## ‘ਜੋ ਦਿਖਾ, ਸੋ ਲਿਖਾ’

# ਚੋਣਾਂ ਲਈ ਬੀ.ਜੇ.ਪੀ. ਨੇ ਖੇਡਿਆ ‘ਸਾਂਝੇ ਸਿਵਲ ਕੋਡ’ ਦਾ ਪੱਤਾ

## ਵਿਰੋਧੀ ਪਾਰਟੀਆਂ ’ਚ ਏਕਤਾ ਲਈ ਯਤਨ ਸ਼ੁਰੂ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)





2024 ਦੀਆਂ ਲੋਕ ਸਭਾ ਚੋਣਾਂ ਵਿਚ ਕਰੀਬ ਕਰੀਬ 9 ਮਹੀਨੇ ਦਾ ਸਮਾਂ ਹੀ ਬਚਿਆ ਹੈ। 2019 ਚੋਣਾਂ ਵਿਚ ਬੀ.ਜੇ.ਪੀ. ਨੇ 542 ਵਿਚੋਂ 303 ਸੀਟਾਂ ਜਿੱਤੀਆਂ ਅਤੇ ਕਾਂਗਰਸ ਨੇ ਸਿਰਫ 52 ਸੀਟਾਂ ਹੀ ਜਿੱਤੀਆਂ ਸਨ। ਬੀ.ਜੇ.ਪੀ. ਦਾ 37.76% ਅਤੇ ਕਾਂਗਰਸ ਦਾ 9.18% ਵੋਟ ਸ਼ੇਅਰ ਸੀ। ਦੇਸ਼ ਅੰਦਰ ਚੋਣ ਸਰਗਰਮੀਆਂ ’ਚ ਕਾਫੀ ਤੇਜ਼ੀ ਆ ਚੁੱਕੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਯੂਨੀਫਾਰਮ ਸਿਵਲ ਕੋਡ’ ਦਾ ਜ਼ਿਕਰ ਕਰਕੇ ਚੋਣਾਂ ਦਾ ਏਜੰਡਾ ਤੈਅ ਕਰ ਦਿੱਤੈ। ਪ੍ਰਧਾਨ ਮੰਤਰੀ ਦਾ ਕਹਿਣੈ ਕਿ ਸਭਕਾ ਸਾਥ, ਸਭਕਾ ਵਿਕਾਸ ਦੀ ਭਾਵਨਾ ਨਾਲ ਕੰਮ ਲਈ ਦੇਸ਼ ਵਿਚ ਸਿੰਗਲ ਪ੍ਰਣਾਲੀ ਜ਼ਰੂਰੀ ਹੈ। ‘ਸਾਂਝੇ ਸਿਵਲ ਕੋਡ’ ਤੇ ਪਾਰਲੀਮੈਂਟ ਸਥਾਈ ਕਮੇਟੀ ਦੀ ਮੀਟਿੰਗ ਵਿਚ ਵਿਰੋਧੀ ਪਾਰਟੀਆਂ ਨੇ ਇਸ ਨੂੰ ਲਿਆਉਣ ਦੇ ਸਮੇਂ ’ਤੇ ਸਵਾਲ ਉਠਾਏ। ਇਸ ਦਾ ਮੁਸਲਮਾਨ, ਸਿੱਖ ਅਤੇ ਇਸਾਈ ਭਾਈਚਾਰਿਆਂ ਵਲੋਂ ਸਖਤ ਵਿਰੋਧ ਹੋ ਰਿਹੈ ਅਤੇ ਇਸ ਨੂੰ ਬੀ.ਜੇ.ਪੀ. ਵਲੋਂ ਧਰੁਵੀਕਰਨ ਲਈ ਖੇਡਿਆ ਖਤਰਨਾਕ ਪੱਤਾ ਦੱਸਿਆ ਜਾ ਰਿਹੈ। ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਹਾਰਾਂ ਨਾਲ ਬੀ.ਜੇ.ਪੀ. ਵਿਚ ਭਾਰੀ ਖਲਬਲੀ ਮੱਚੀ ਦਿੱਸਦੀ ਹੈ ਅਤੇ ਕਾਂਗਰਸ ਕਾਫੀ ਉਤਸ਼ਾਹਿਤ ਹੈ ਅਤੇ ਵਿਰੋਧੀ ਧਿਰਾਂ ਦਾ ਆਤਮ ਵਿਸ਼ਵਾਸ ਵੀ ਵਧਿਐ। ਸਮਝਿਆ ਜਾ ਰਿਹੈ ਕਿ ਜੇਕਰ ਵਿਰੋਧੀ ਇਕਜੁੱਟ ਹੁੰਦੇ ਨੇ, ਤਾਂ ਬੀ.ਜੇ.ਪੀ. ਨੂੰ ਕੇਂਦਰੀ ਸੱਤਾ ਤੋਂ ਲਾਂਭੇ ਕਰਨਾ ਅਸੰਭਵ ਨਹੀਂ ਹੈ। ਕਰਨਾਟਕਾ ਵਿਚ ਕਾਂਗਰਸ ਨੇ 10 ਸਾਲ ਬਾਅਦ ਆਪਣੇ ਦਮ ’ਤੇ ਪੂਰਨ ਬਹੁਮਤ ਹਾਸਲ ਕੀਤਾ ਹੈ। ਇਸ ਹਾਰ ਨਾਲ ਪੂਰਾ ਦੱਖਣੀ ਭਾਰਤ ਬੀ.ਜੇ.ਪੀ. ਮੁਕਤ ਹੋ ਚੁੱਕੈ। ਹਿਮਾਚਲ ਪ੍ਰਦੇਸ਼ ਵਿਚ ਵੀ ਬੀ.ਜੇ.ਪੀ. ਦੀ ਸੱਤਾ ਪਲਟਣ ਨਾਲ ਵੱਡਾ ਉਲਟਫੇਰ ਹੋਇਐ। ਘਬਰਾਈ ਬੀ.ਜੇ.ਪੀ. ਨੇ ਬੀਤੇ ਵਿਚ ਗੱਠਬੰਧਨ ਵਿਚੋਂ ਵੱਖ ਹੋਈਆਂ ਪਾਰਟੀਆਂ ਨੂੰ ਫਿਰ ਤੋਂ ਨਾਲ ਰਲਾਉਣ ਦੇ ਯਤਨ ਆਰੰਭੇ ਨੇ। ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਵਲੋਂ ਸੂਬਿਆਂ ਵਿਚ ਪ੍ਰਚਾਰ ਲਈ ਰੈਲੀਆਂ ਨੂੰ ਸੰਬੋਧਨ ਕੀਤਾ ਜਾ ਰਿਹੈ। ਸਾਰੇ ਕੇਂਦਰੀ ਮੰਤਰੀਆਂ ਨੂੰ ਵੱਖ-ਵੱਖ ਸੂਬਿਆਂ ਵਿਚ ਪ੍ਰਚਾਰ ਦੀ ਜ਼ਿੰਮੇਵਾਰੀ ਸੰਭਾਲੀ ਗਈ ਹੈ। ਇਸੇ ਦੌਰਾਨ ਬੀ.ਜੇ.ਪੀ. ਨੇ ਮਹਾਰਾਸ਼ਟਰਾ ਵਿਚ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਸਮੇਤ ਐੱਨ.ਸੀ.ਪੀ. ਦੇ ਵਿਧਾਇਕਾਂ ਤੋਂ ਬਗਾਵਤ ਕਰਾ ਕੇ ਉਸ ਨੂੰ ਉੱਪ ਮੁੱਖ ਮੰਤਰੀ ਬਣਾ ਦਿੱਤੈ। ਇਸ ਸਮੇਂ ਕੋਈ ਵੀ ਇਕੱਲੀ ਪਾਰਟੀ ਬੀ.ਜੇ.ਪੀ. ਨੂੰ ਟੱਕਰ ਦੇਣ ਦੀ ਸਥਿਤੀ ਵਿਚ ਨਹੀਂ ਹੈ ਅਤੇ ਵਿਰੋਧੀ ਪਾਰਟੀਆਂ ਦਾ ਕੁਨਬਾ ਅਜੇ ਤੱਕ ਖਿਲਰਿਆ ਦਿਸਦੈ। ਵੱਖ-ਵੱਖ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦਾ ਆਪਸੀ ਟਕਰਾਅ ਵੀ ਵੱਡੀ ਰੁਕਾਵਟ ਖੜ੍ਹੀ ਕਰ ਰਿਹੈ। ਫਿਰ ਵੀ ਵਿਰੋਧੀ ਪਾਰਟੀਆਂ ਨੇ ਬੀ.ਜੇ.ਪੀ. ਖਿਲਾਫ ਇਕ ਮਜ਼ਬੂਤ ਗੱਠਬੰਧਨ ਅਮਲ ਵਿਚ ਲਿਆਉਣ ਦੀ ਕਵਾਇਦ ਜ਼ਰੂਰ ਆਰੰਭੀ ਹੈ। 23 ਜੂਨ ਨੂੰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਿਚ 17 ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਇੱਕ ਵਿਸ਼ੇਸ਼ ਮੀਟਿੰਗ ਹੋਈ। ਇਸ ਵਿਚ ਕਾਂਗਰਸ ਤੋਂ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ, ਜੇ.ਡੀ.ਯੂ. ਮੁਖੀ ਨਿਤਿਸ਼ ਕੁਮਾਰ, ਆਰ.ਜੇ.ਡੀ. ਤੋਂ ਲਾਲੂ ਪ੍ਰਸਾਦ ਯਾਦਵ ਅਤੇ ਤੇਜੱਸਵੀ ਯਾਦਵ, ਬੰਗਾਲ ਸੀ.ਐੱਮ. ਮਮਤਾ ਬੈਨਰਜੀ, ਡੀ.ਐੱਮ.ਕੇ. ਨੇਤਾ ਐੱਮ.ਕੇ. ਸਟਾਲਿਨ, ‘ਆਪ’ ਤੋਂ ਅਰਵਿੰਦ ਕੇਜਰੀਵਾਲ ਅਤੇ ਸੀ.ਐੱਮ. ਭਗਵੰਤ ਮਾਨ, ਜੇ.ਐੱਮ.ਐੱਮ. ਦੇ ਸੀ.ਐੱਮ. ਹੇਮੰਤ ਸੋਰੇਨ, ਸਮਾਜਵਾਦੀ ਪਾਰਟੀ ਨੇਤਾ ਅਖਿਲੇਸ਼ ਯਾਦਵ, ਨੈਸ਼ਨਲ ਕਾਨਫਰੰਸ ਮੁੱਖੀ ਓਮਰ ਅਬਦੁੱਲਾ, ਸ਼ਿਵ ਸੈਨਾ ਮੁਖੀ ਉਦਵ ਠਾਕਰੇ, ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ, ਸੀ.ਪੀ.ਐੱਮ. ਲੀਡਰ ਸੀਤਾ ਰਾਮ ਯੇਚੁਰੀ, ਸੀ.ਪੀ.ਆਈ. ਲੀਡਰ ਡੀ ਰਾਜਾ ਅਤੇ ਸਮੇਤ ਦੋ ਦਰਜਨ ਤੋਂ ਵੱਧ ਵਿਰੋਧੀ ਨੇਤਾ ਸ਼ਾਮਲ ਹੋਏ। ਮੀਟਿੰਗ ਵਿਚ ਬੀ.ਜੇ.ਪੀ. ਦੀਆਂ ਦਮਨਕਾਰੀ ਅਤੇ ਲੋਕਤੰਤਰ ਖਿਲਾਫ ਨੀਤੀਆਂ ਵਿਰੁੱਧ ਮਜ਼ਬੂਤ ਗੱਠਜੋੜ ਬਣਾ ਕੇ 2024 ਲੋਕ ਸਭਾ ਚੋਣਾਂ ਲੜਨ ਦੀ ਰਾਏ ਬਣੀ। ਸੂਬਿਆਂ ਵਿਚ ਸੀਟਾਂ ਦੀ ਵੰਡ ਅਤੇ ਸਾਂਝੇ ਪ੍ਰਚਾਰ ਸਬੰਧੀ ਪ੍ਰੋਗਰਾਮ ਉਲੀਕਣ ਲਈ ਜੁਲਾਈ ਵਿਚ ਬੰਗਲੂਰੂ ਵਿਖੇ ਇਕ ਹੋਰ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ। ਉਂਝ ਤੇਲੰਗਾਨਾ ਵਿਚ ਮੁੱਖ ਮੰਤਰੀ ਚੰਦਰਸ਼ੇਖਰ ਰਾਓ ਅਤੇ ਆਂਧਰਾ ਪ੍ਰਦੇਸ਼ ਵਿਚ ਜਗਨ ਮੋਹਨ ਰੈਡੀ ਦੀ ਵਾਈ.ਐੱਸ.ਆਰ.ਸੀ.ਪੀ. ਆਪਣੇ ਤੌਰ ’ਤੇ ਕਾਫੀ ਮਜ਼ਬੂਤ ਟੱਕਰ ਦੇਣ ਦੀ ਸਥਿਤੀ ਵਿਚ ਨੇ। ਓਡੀਸ਼ਾ ਵਿਚ ਨਵੀਨ ਪਟਨਾਇਕ ਦੀ ਬੀ.ਜੇ.ਡੀ. ਕਾਫੀ ਮਜ਼ਬੂਤ ਹੈ, ਪਰ ਉਹ ਅਕਸਰ ਕੇਂਦਰ ਸਰਕਾਰ ਦੇ ਨਾਲ ਹੀ ਖੜ੍ਹਦੀ ਰਹੀ ਹੈ। ਇਸ ਸਮੇਂ ਐੱਨ.ਡੀ.ਏ. ਦੇ ਤਿੰਨ ਭਾਈਵਾਲ ਨਿਤਿਸ਼ ਕੁਮਾਰ ਦੀ ਆਰ.ਜੇ.ਡੀ., ਉਧਵ ਠਾਕਰੇ ਦੀ ਸ਼ਿਵ ਸੈਨਾ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਗਠਜੋੜ ਤੋਂ ਕਿਨਾਰਾ ਕਰ ਚੁੱਕੇ ਨੇ ਅਤੇ ਬਿਹਾਰ, ਮਹਾਰਾਸ਼ਟਰਾ ਅਤੇ ਪੰਜਾਬ ਵਿਚ ਬੀ.ਜੇ.ਪੀ. ਨੂੰ ਵੱਡੀ ਚੁਣੌਤੀ ਪੇਸ਼ ਕਰਨ ਵਾਲੇ ਨੇ। ਰਾਹੁਲ ਗਾਂਧੀ ਦੀ ‘ਭਾਰਤ ਜੋੜੋ ਯਾਤਰਾ’ ਦੌਰਾਨ ‘ਨਫਰਤ ਦੀ ਰਾਜਨੀਤੀ ਖਿਲਾਫ ਸਮਾਜ ਜੋੜੋ ਦੀ ਰਾਜਨੀਤੀ’ ਨੂੰ ਮਿਲੇ ਹੁੰਗਾਰੇ ਨਾਲ ਪਾਰਟੀ ਅੰਦਰ ਜੋਸ਼ ਵਧਿਐ।

**ਕੇਜਰੀਵਾਲ ਨੇ ਅਲਾਪਿਆ ਵੱਖਰਾ ਰਾਗ** : ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਵਿਰੋਧੀ ਪਾਰਟੀਆਂ ਦੀ ਪਟਨਾ ਮੀਟਿੰਗ ’ਚ ਸ਼ਾਮਲ ਤਾਂ ਰਹੇ, ਪਰ ਪਿੱਛੋਂ ਦੋਵੇਂ ਲੀਡਰ ਸਾਂਝੀ ਪ੍ਰੈੱਸ ਕਾਨਫਰੰਸ ਤੋਂ ਕਿਨਾਰਾ ਕਰ ਗਏ। ਕੇਜਰੀਵਾਲ ਨੇ ਗਠਬੰਧਨ ਦਾ ਹਿੱਸਾ ਬਣੇ ਰਹਿਣ ਲਈ ਕਾਂਗਰਸ ਪਾਰਟੀ ਤੇ ਕੇਂਦਰ ਸਰਕਾਰ ਦੇ ਦਿੱਲੀ ਮੁੱਖ ਮੰਤਰੀ ਦੇ ਅਧਿਕਾਰਾਂ ਬਾਰੇ ਆਰਡੀਨੈਂਸ ਸਬੰਧੀ ਪੱਖ ਸਪੱਸ਼ਟ ਕਰਨ ਦੀ ਸ਼ਰਤ ਰੱਖੀ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਰਾਜ ਸਭਾ ਵਿਚ ਆਰਡੀਨੈਂਸ ਬਿਲ ਦੇ ਵਿਰੋਧ ਦਾ ਭਰੋਸਾ ਨਹੀਂ ਦਿੰਦੀ, ਤਾਂ ਉਹ ਅਗਲੀ ਕਿਸੇ ਵੀ ਮੀਟਿੰਗ ਵਿਚ ਹਿੱਸਾ ਨਹੀਂ ਲੈਣਗੇ। ਕਾਂਗਰਸ ਪ੍ਰਧਾਨ ਖੜਗੇ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਪਾਰਲੀਮੈਂਟ ਇਜਲਾਸ ਸ਼ੁਰੂ ਹੋਣ ਸਮੇਂ ਹੀ ਆਪਣੀ ਰਣਨੀਤੀ ਤੈਅ ਕਰਦੀ ਹੈ। ਬਾਕੀ ਵਿਰੋਧੀ ਪਾਰਟੀਆਂ ਨੇ ਵੀ ਕੇਜਰੀਵਾਲ ਦੀ ਸ਼ਰਤ ਨੂੰ ਮਹਿਜ਼ ਮੌਕਾਪ੍ਰਸਤੀ ਦੱਸਿਆ। ਓਮਰ ਅਬਦੁਲਾ ਅਤੇ ਮਹਿਬੂਬਾ ਮੁਫਤੀ ਨੇ ਕੇਜਰੀਵਾਲ ਨੂੰ ਪੁੱਛਿਆ ਕਿ ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਕੇ ਪੂਰੇ ਸੂਬੇ ਦੇ ਟੁਕੜੇ ਕੀਤੇ ਜਾਣ ’ਤੇ ਉਨ੍ਹਾਂ ਕੇਂਦਰ ਸਰਕਾਰ ਦੇ ਫੈਸਲੇ ਨੂੰ ਸਹੀ ਠਹਿਰਾਇਆ ਸੀ, ਪਰ ਹੁਣ ਜਦੋਂ ਉਨ੍ਹਾਂ ਖਿਲਾਫ ਕਾਰਵਾਈ ਹੋਈ ਹੈ, ਤਾਂ ਲੋਕਤੰਤਰ ਦੇ ਘਾਣ ਦਾ ਸ਼ੋਰ ਮਚਾਅ ਰਹੇ ਨੇ। ਕੇਜਰੀਵਾਲ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਚੋਣਾਂ ਦੌਰਾਨ ਕਾਂਗਰਸ ਦੇ ਵੋਟ ਨੂੰ ਆਪਣੇ ਵਲ ਖਿੱਚਣ ’ਚ ਲੱਗੇ ਰਹੇ ਨੇ, ਪਰ ਉਨ੍ਹਾਂ ਨੂੰ ਜਨਤਾ ਨੇ ਪੂਰੀ ਤਰ੍ਹਾਂ ਨਕਾਰ ਦਿੱਤੈ। ਕਾਂਗਰਸ ਦਾ ਕਹਿਣੈ ਕਿ ਪੰਜਾਬ ਅੰਦਰ ਮੁੱਖ ਮੰਤਰੀ ਉਸ ਦੇ ਲੀਡਰਾਂ ਪਿੱਛੇ ਵਿਜੀਲੈਂਸ ਲਗਾ ਕੇ ਬਦਨਾਮ ਕਰ ਰਿਹੈ, ਜਦਕਿ ਆਪ ਦੇ ਮੰਤਰੀ ਅਤੇ ਵਿਧਾਇਕ ਰੋਜ਼ਾਨਾ ਭ੍ਰਿਸ਼ਟਾਚਾਰ ਕੇਸਾਂ ’ਚ ਸੰਮਿਲਿਤ ਦਿੱਸਦੇ ਨੇ। ਇਸ ਤਰ੍ਹਾਂ ਕੇਜਰੀਵਾਲ ਨੇ ਵਿਰੋਧੀ ਧਿਰਾਂ ਦੀ ਏਕਤਾ ਦੇ ਸ਼ੁਰੂਆਤ ਵਿਚ ਹੀ ਕਾਂਜੀ ਘੋਲ ਦਿੱਤੀ ਹੈ। ਪਰ ਵਿਰੋਧੀ ਪਾਰਟੀਆਂ ਦਿੱਲੀ ਅਤੇ ਪੰਜਾਬ ਤੋਂ ਅੱਗੇ ਕੇਜਰੀਵਾਲ ਦਾ ਖਾਸ ਪ੍ਰਭਾਵ ਨਹੀਂ ਮੰਨਦੀਆਂ। ਉਧਰ ਪੰਜਾਬ ਵਿਚ ਵੀ ਉਹ ਕਾਂਗਰਸ ਜਾਂ ਅਕਾਲੀ ਦਲ ਨਾਲ ਸੀਟਾਂ ਦੇ ਲੈਣ-ਦੇਣ ’ਤੇ ਸਹਿਮਤ ਹੁੰਦਾ ਨਜ਼ਰ ਨਹੀਂ ਆਉਂਦਾ। ਕੇਜਰੀਵਾਲ ਬਾਕੀ ਸਭ ਪਾਰਟੀਆਂ ਨੂੰ ਭ੍ਰਿਸ਼ਟ ਦੱਸਦੈ, ਜਦਕਿ ਉਸ ਦਾ ਉਪ ਮੁੱਖ ਮੰਤਰੀ ਸਿਸੋਧੀਆ ਅਤੇ ਸਿਹਤ ਮੰਤਰੀ ਸਤੇਂਦਰ ਜੈਨ ਭ੍ਰਿਸ਼ਟਾਚਾਰ ਮਾਮਲਿਆਂ ’ਚ ਫਸੇ ਹੋਏ ਨੇ।

**ਅੱਗੇ 9 ਵਿਧਾਨ ਸਭਾ ਚੋਣਾਂ** : ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਰ 9 ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ, ਆਂਧਰਾ ਪ੍ਰਦੇਸ਼, ਓਡੀਸ਼ਾ, ਅਰੁਣਾਚਲ ਪ੍ਰਦੇਸ਼, ਸਿੱਕਮ ਅਤੇ ਮਿਜ਼ੋਰਮ ਵਿਚ ਵੀ ਵਿਧਾਨ ਸਭਾ ਚੋਣਾਂ ਹੋਣੀਆਂ ਨੇ। ਰਾਜਸਥਾਨ ਵਿਚ ਕਾਂਗਰਸ ਅਤੇ ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਸਰਕਾਰ ਹੈ। ਤੇਲੰਗਾਨਾ ਵਿਚ ਚੰਦਰਸ਼ੇਖਰ ਰਾਓ ਦੀ ਬੀ.ਆਰ.ਐੱਸ., ਓਡੀਸ਼ਾ ਵਿਚ ਨਵੀਨ ਪਟਨਾਇਕ ਦੀ ਬੀ.ਜੇ.ਡੀ. ਅਤੇ ਆਂਧਰਾ ਪ੍ਰਦੇਸ਼ ਵਿਚ ਜਗਨ ਮੋਹਨ ਰੈਡੀ ਦੀ ਵਾਈ.ਐੱਸ.ਆਰ.ਸੀ.ਪੀ. ਦੀਆਂ ਸਰਕਾਰਾਂ ਨੇ। ਇਨ੍ਹਾਂ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਨੂੰ ਲੋਕ ਸਭਾ ਚੋਣਾਂ ਦੇ ਸੈਮੀਫਾਇਨਲ ਸਮਝਿਆ ਜਾ ਰਿਹੈ ਅਤੇ ਇਨ੍ਹਾਂ ਦੇ ਨਤੀਜੇ 2024 ਲੋਕ ਸਭਾ ਚੋਣਾਂ ਦੀ ਦਸ਼ਾ ਅਤੇ ਦਿਸ਼ਾ ਤੈਅ ਕਰਨਗੇ। ਅਜੇ ਆਉਣ ਵਾਲੇ ਸਮੇਂ ਵਿਚ ਕਈ ਨਵੇਂ ਸਿਆਸੀ ਸਮੀਕਰਣ ਵੀ ਬਣਦੇ ਦਿੱਖਣਗੇ।

ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਇਸ ਸਮੇਂ ਵਿਰੋਧੀ ਧਿਰਾਂ ਵਲੋਂ ਇਕ ਮਜ਼ਬੂਤ ਗੱਠਬੰਧਨ ਬਣਾਉਣ ਦੇ ਗੰਭੀਰ ਯਤਨ ਤਾਂ ਹੋ ਰਹੇ ਨੇ, ਪਰ ਬੀ.ਜੇ.ਪੀ. ਦੇ ਮਜ਼ਬੂਤ ਐੱਨ.ਡੀ.ਏ. ਗਠਬੰਧਨ ਨੂੰ ਸਖਤ ਟੱਕਰ ਦੇਣ ਲਈ ਸਭ ਪਾਰਟੀਆਂ ਨੂੰ ਸਾਰੀਆਂ ਸੀਟਾਂ ’ਤੇ ਸਾਂਝੇ ਅਤੇ ਮਜ਼ਬੂਤ ਉਮੀਦਵਾਰ ਖੜ੍ਹੇ ਕਰਨੇ ਹੋਣਗੇ। ਉਧਰ ਚੋਣਾਂ ਦੌਰਾਨ ਵੋਟਾਂ ਬਟੋਰਨ ਲਈ ਸਭ ਪਾਰਟੀਆਂ ਵਲੋਂ ਵੱਡੇ-ਵੱਡੇ ਵਾਅਦੇ ਕੀਤੇ ਜਾਣਗੇ। ਇਸ ਲਈ ਵੋਟਰਾਂ ਨੂੰ ਪੂਰੀ ਤਰ੍ਹਾਂ ਪਾਰਟੀ ਅਤੇ ਉਮੀਦਵਾਰ ਦੀ ਭਰੋਸੇਯੋਗਤਾ ਨੂੰ ਘੋਖ ਕੇ ਹੀ ਆਪਣੇ ਮੱਤ ਦਾ ਸਹੀ ਇਸਤੇਮਾਲ ਕਰਨਾ ਹੋਵੇਗਾ।



# ਗੀਤਕਾਰੀ ਅਤੇ ਗਾਇਕੀ ਦਾ ਸਿਰਨਾਵਾਂ ਦੀਦਾਰ ਸੰਧੂ





-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋਬ : 99141-84794
(Punjab Mail USA)


ਗੀਤਕਾਰੀ ਅਤੇ ਗਾਇਕੀ ਦਾ ਬਾਦਸ਼ਾਹ ਦੀਦਾਰ ਸੰਧੂ ਪਤਾ ਨਹੀਂ ਕਿੱਥੋਂ ਲਿਆ-ਲਿਆ ਕੇ ਸ਼ਬਦ ਆਪਣੀ ਗੀਤਕਾਰੀ ਵਿਚ ਪਰੋ ਦਿੰਦਾ ਸੀ, ਫਿਰ ਆਪ ਹੀ ਗੀਤਾਂ ਨੂੰ ਗਾਅ ਕੇ ਚਾਰ ਚੰਨ੍ਹ ਲਾ ਦਿੰਦਾ ਸੀ।

ਇਸ ਮਹਾਨ ਗੀਤਕਾਰ ਅਤੇ ਗਾਇਕ ਦਾ ਜਨਮ 3 ਜੁਲਾਈ, 1942 ਨੂੰ ਅਣਵੰਡੇ ਪੰਜਾਬ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ 133 ਵਿਚ ਹੋਇਆ। ਦੀਦਾਰ ਸੰਧੂ ਦੇ ਪਿਤਾ ਦਾ ਨਾਮ ਸਮੁੰਦ ਸਿੰਘ ਅਤੇ ਮਾਤਾ ਦਾ ਨਾਮ ਦਾਨ ਕੌਰ ਸੀ।

ਦੋਹਾਂ ਦੇਸ਼ਾ ਦੀ ਵੰਡ ਵੇਲੇ ਇਹ ਪ੍ਰੀਵਾਰ ਚੜ੍ਹਦੇ ਪੰਜਾਬ ਵਿਚ ਪਿੰਡ ਬੋਤਲ ਵਾਲਾ ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ ਵਿਖੇ ਆ ਗਿਆ ਪਰ ਕੁੱਝ ਸਮੇਂ ਬਾਅਦ ਪਿੰਡ ਭਰੋਵਾਲ ਖੁਰਦ ਵਿਖੇ ਜ਼ਮੀਨ ਅਲਾਟ ਹੋਣ ਕਰਕੇ ਪੱਕੇ ਤੌਰ 'ਤੇ ਇਥੇ ਰਹਿਣ ਲੱਗ ਪਏ। ਇਸ ਨੇ ਸਤਵੀਂ ਤੱਕ ਦੀ ਪੜ੍ਹਾਈ ਜਗਰਾਓਂ ਸਕੂਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਬਰਸਾਲ ਹਾਈ ਸਕੂਲ ਤੋਂ ਪਾਸ ਕੀਤੀ।

ਦੀਦਾਰ ਸੰਧੂ ਦਾ ਵਿਆਹ 1966 ਵਿਚ ਜਗਰਾਓਂ ਨੇੜੇ ਪਿੰਡ ਗਾਲਿਬ ਦੀ ਅਮਰਜੀਤ ਕੌਰ ਨਾਲ ਹੋਇਆ, ਜੋ ਬਹੁਤ ਹੀ ਵਧੀਆ ਸੁਭਾਅ ਦੇ ਹਨ, ਘਰ ਦੀ ਜ਼ਿੰਮੇਵਾਰੀ ਇਨ੍ਹਾਂ ਨੇ ਸੰਭਾਲੀ ਅਤੇ ਦੀਦਾਰ ਸੰਧੂ ਨੂੰ ਕੁਦਰਤ ਵਲੋਂ ਮਿਲੀ ਗੀਤਕਾਰੀ ਅਤੇ ਗਾਇਕੀ ਦੀ ਕਲਾ ਨੂੰ ਸਰੋਤਿਆਂ ਸਾਹਮਣੇ ਰੱਖਣ ਲਈ ਵਿਹਲਾ ਕਰ ਦਿੱਤਾ।

ਦੀਦਾਰ ਸੰਧੂ ਹੋਰੀ ਪੰਜ ਭਰਾ ਸਨ, ਇਹ ਸਭ ਤੋਂ ਛੋਟਾ ਸੀ। ਇਸ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ, ਬੇਟਾ ਜਗਮੋਹਣ ਸੰਧੂ, ਬੇਟੀ ਦੀਪਾਂ ਸੰਧੂ। ਬੇਟਾ ਜਗਮੋਹਣ ਸੰਧੂ ਵਧੀਆ ਗਾਇਕ ਹੈ, ਦੀਦਾਰ ਸੰਧੂ ਦੀ ਗਾਇਕੀ ਨੂੰ ਅੱਗੇ ਤੋਰ ਰਿਹਾ ਹੈ।

ਦੀਦਾਰ ਸੰਧੂ ਨੇ ਦਸਵੀਂ ਜਮਾਤ ਪਾਸ ਕਰਨ ਮਗਰੋਂ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਕਰ ਲਈ। ਉਥੇ ਹੀ ਮੁਹੰਮਦ ਸਦੀਕ ਨੌਕਰੀ ਕਰਦਾ ਸੀ। ਦੀਦਾਰ ਸੰਧੂ ਉਸ ਦੇ ਸੰਪਰਕ ਵਿਚ ਆ ਕੇ ਉਸ ਨੂੰ 1962 ਵਿਚ ਮਿਲਿਆ। ਦੀਦਾਰ ਸੰਧੂ ਨੇ ਆਪਣੇ ਲਿਖੇ ਗੀਤ ਮੁਹੰਮਦ ਸਦੀਕ ਨੂੰ ਦਿਖਾਏ। ਉਹ ਦੇਖ ਕੇ ਦੰਗ ਰਹਿ ਗਿਆ। ਅੱਲੜ੍ਹ ਜਿਹੇ ਮੁੰਡੇ ਨੇ ਇਤਨੇ ਵਧੀਆ ਗੀਤ ਲਿਖੇ ਹਨ। ਉਹ ਗੀਤ ਹਨ 'ਇਕ ਤੇਰਾ ਰੰਗ ਮੁਸ਼ਕੀ, ਦੂਜਾ ਚਰਖਾ ਗਲੀ ਦੇ ਵਿਚ ਡਾਹਿਆ' (ਸੋਲ੍ਹੋ), ਦੂਸਰਾ ਗੀਤ 'ਜਿਹੀ ਤੇਰੀ ਗੁਤ ਦੇਖਲੀ ਜਿਹਾ ਦੇਖਿਆ ਜਰਗ ਦਾ ਮੇਲਾ' (ਸੋਲ੍ਹੋ), ਤੀਸਰਾ ਗੀਤ 'ਗੋਰੇ ਰੰਗ ਤੇ ਬਾਸਕਟ ਕਾਲੀ ਵੇਖ ਜੱਟਾ ਤੈਨੂੰ ਬੜੀ ਸਜਦੀ' (ਦੋਗਾਣਾ ਗੀਤ ਮੁਹੰਮਦ ਸਦੀਕ ਅਤੇ ਸਵਰਨ ਲਤਾ ਦੀ ਆਵਾਜ਼ ਵਿਚ)। ਇਹ ਤਿੰਨੇ ਗੀਤ 1965-66 'ਚ ਰਿਕਾਰਡ ਹੋਏ। ਇਹ ਗੀਤ ਇਤਨੇ ਚੱਲੇ, ਇਨ੍ਹਾਂ ਨੇ ਦੀਦਾਰ ਸੰਧੂ ਦੀ ਗੀਤਕਾਰੀ ਵਿਚ ਵਧੀਆ ਪਛਾਣ ਬਣਾ ਦਿੱਤੀ। ਮਹੁੰਮਦ ਸਦੀਕ ਨੇ ਵੀ ਗਾ ਕੇ ਆਪਣਾ ਗਾਇਕੀ ਵਿਚ ਕੱਦ ਹੋਰ ਉੱਚਾ ਕਰ ਲਿਆ।

ਦੀਦਾਰ ਸੰਧੂ ਨੇ ਜਦੋਂ ਗਾਇਕੀ ਦੇ ਖੇਤਰ ਵਿਚ ਪੈਰ ਪਾਇਆ, ਤਾਂ ਸਭ ਤੋਂ ਪਹਿਲਾ ਗੀਤ ਨਰਿੰਦਰ ਬੀਬਾ ਨਾਲ ਰਿਕਾਰਡ ਕਰਵਾਇਆ।

'--ਜੱਟ ਬੜਾ ਬੇਦਰਦੀ ਮੈਂ ਕਿੱਥੇਂ ਜਾਵਾਂ'।

ਫਿਰ ਦੀਦਾਰ ਸੰਧੂ ਦੀ ਜੋੜੀ ਸਨੇਹ ਲਤਾ ਨਾਲ ਬਣ ਗਈ, ਜੋ ਬਹੁਤ ਮਕਬੂਲ ਹੋਈ। 1975 ਵਿਚ ਦੀਦਾਰ ਸੰਧੂ ਦਾ ਸਨੇਹ ਲਤਾ ਨਾਲ ਇਕ ਛੇ ਗੀਤਾਂ ਦਾ ਤਵਾ ਆਇਆ, ਜਿਸ ਨੇ ਦੀਦਾਰ ਦੀ ਗੀਤਕਾਰੀ ਅਤੇ ਗਾਇਕੀ ਦਾ ਲੋਹਾ ਮੰਨਣ ਲਈ ਸਰੋਤਿਆਂ ਨੂੰ ਮਜਬੂਰ ਕਰ ਦਿੱਤਾ।

ਉਸ ਤਵੇ ਦੇ ਗੀਤ 'ਜੋੜੀ ਜਦੋਂ ਚੁਬਾਰੇ ਚੜ੍ਹਦੀ', 'ਬਣ ਕੇ ਪ੍ਰਹਾਉਣਾ ਆ ਵੇ', 'ਮੁੰਡਾ ਪੀ ਕੇ ਵਲੈਤੀ ਦਾਰੂ', 'ਲੈ ਚੱਲ ਮੁੰਡਿਆ ਵੇ ਨਾਲ', 'ਜੇ ਬਣ ਜੇ ਵਿਚੋਲਣ ਮੇਰੀ', 'ਹਾਲ ਓ ਰੱਬਾ' ਗੀਤ ਤਾਂ ਸਾਰੇ ਹੀ ਵਧੀਆ ਸਨ ਪਰ 'ਜੋੜੀ ਜਦੋਂ ਚੁਬਾਰੇ ਚੜ੍ਹਦੀ' ਗੀਤ ਨੇ ਸਾਰੇ ਰਿਕਾਰਡ ਤੋੜ ਦਿੱਤੇ।

ਦੀਦਾਰ ਸੰਧੂ ਦੇ ਮੁਕਤਸਰ, ਬਠਿੰਡਾ ਤੋਂ ਲੈ ਕੇ ਗੰਗਾਨਗਰ ਤੱਕ ਬਹੁਤ ਜ਼ਿਆਦਾ ਅਖਾੜੇ ਲੱਗਦੇ ਸਨ। ਰਸਤੇ ਵਿਚ ਕੋਟਕਪੂਰੇ ਦਾ ਰੇਲਵੇ ਫਾਟਕ ਪੈਂਦਾ ਸੀ, ਜੋ ਬਹੁਤਾ ਸਮਾਂ ਬੰਦ ਰਹਿੰਦਾ ਸੀ, ਘਰ ਤੋਂ ਉਧਰ ਅਖਾੜਾ ਲਾਉਣ ਜਾਣ ਵਾਸਤੇ ਫਾਟਕ ਬੰਦ ਰਹਿਣ ਦਾ ਸਮਾਂ ਲੈ ਕੇ ਚੱਲਣਾ ਪੈਂਦਾ ਸੀ। ਇਸ ਕਰਕੇ ਦੀਦਾਰ ਸੰਧੂ ਨੂੰ ਉਥੇ ਖੜ੍ਹ ਕੇ ਗੀਤ ਲਿਖਣਾ ਪਿਆ 'ਹੁਣ ਬੰਦ ਪਿਆ ਦਰਵਾਰਾ ਜਿਉਂ ਫਾਟਕ ਕੋਟਕਪੂਰੇ ਦਾ।'

1979 ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਦੁਸਹਿਰਾ ਕਮੇਟੀ ਵਿਚ ਦੀਦਾਰ ਸੰਧੂ ਕਮੇਟੀ ਮੈਂਬਰ ਸੀ। ਕਮੇਟੀ ਨੇ ਰਾਮਲੀਲਾ ਨਾ ਲਗਾਉਣ ਦਾ ਫੈਸਲਾ ਕਰਕੇ ਉਤਨੇ ਦਿਨ ਦੀਦਾਰ ਸੰਧੂ ਦੀ ਰਾਤ ਨੂੰ ਅਖਾੜੇ ਲਗਾਉਣ ਦੀ ਡਿਊਟੀ ਲਗਾ ਦਿੱਤੀ, ਉਸ ਟਾਇਮ ਦੀਦਾਰ ਸੰਧੂ ਨਾਲ ਪਰਮਿੰਦਰ ਸੰਧੂ ਸਹਿ ਗਾਇਕਾ ਸੀ।

ਦੀਦਾਰ ਸੰਧੂ ਨੇ ਦਿਨ ਵੇਲੇ ਗੰਗਾਨਗਰ ਵੱਲ ਅਖਾੜਾ ਲਾ ਕੇ ਆਉਣਾ ਰਾਤ ਨੂੰ ਮੁੱਲਾਂਪੁਰ (ਦਾਖਾ) ਮੰਡੀ ਦੀ ਰਾਮਲੀਲਾ ਗਰਾਊਂਡ ਵਿਚ ਪਿੰਡਾਂ ਤੋਂ ਚੱਲ ਕੇ ਆਏ ਬੇਹਿਸਾਬ ਲੋਕਾਂ ਦੇ ਇਕੱਠ ਦਾ ਮਨੋਰੰਜਨ ਕਰਨਾ।

ਦੀਦਾਰ ਸੰਧੂ ਕਲਾ ਦਾ ਭਰਿਆ ਹੋਇਆ ਇਕ ਖਜ਼ਾਨਾ ਸੀ। ਉਹ ਇਕ ਲਾਈਨ ਵਿਚ ਖੁਸ਼ੀ ਗਮੀ ਦੋਵੇਂ ਇਕੱਠੀਆਂ ਕਰ ਦਿੰਦਾ ਸੀ। ਜਿਸ ਤਰ੍ਹਾਂ ਉਸ ਦਾ ਇਕ ਗੀਤ 'ਲੈ ਚੱਲ ਮੁੰਡਿਆ ਵੇ ਨਾਲ' ਵਿਚ ਇਕ ਅੰਤਰਾ-

"ਨਿੱਕੀ ਨਿੱਕੀ ਬੱਦਲਾਂ ਦੀ ਭੂਰ ਵਿਚ ਦੀ
ਰੱਬ ਦੇ ਨਜ਼ਾਰਿਆਂ ਦੇ ਨੂਰ ਵਿਚ ਦੀ
ਪਹਿਲੀ ਗੱਡੀ ਚੜ੍ਹ ਜਾਣ ਵਾਸਤੇ ਦੀਦਾਰ ਜਾਊ ਰੁੱਸੇ
ਪ੍ਰਹਾਉਣਿਆਂ ਵਾਲੀ ਚਾਲ"

ਇਸ ਗੀਤ ਵਿਚ ਰੁੱਸੇ ਹੋਏ ਪ੍ਰਹਾਉਣਿਆਂ ਵਾਲੀ ਗੱਲ ਕਰਦਾ ਕਹਿੰਦਾ ਕਿ ਪ੍ਰਹਾਉਣਾ ਕਿਸ ਤਰ੍ਹਾਂ ਰੁਸ ਕੇ ਭੱਜਦਾ ਹੈ। ਦੂਸਰੇ ਪਾਸੇ ਇਸ ਉਦਾਹਰਣ ਨੂੰ ਖੁਸ਼ੀ ਦੀ ਥਾਂ 'ਤੇ ਵਰਤ ਲੈਂਦਾ ਹੈ ਕਿ ਮੈਂ ਤੈਨੂੰ ਲੈਣ ਵਾਸਤੇ ਪਹਿਲੀ ਗੱਡੀ ਚੜ੍ਹ ਕੇ ਰੁੱਸੇ

ਹੋਏ ਪ੍ਰਹਾਉਣੇ ਦੀ ਚਾਲ ਖੁਸ਼ੀ ਵਿਚ ਆਵਾਂਗਾ।

ਹਰਜਾਪ ਟਿਵਾਣਾ ਵੀ ਦੀਦਾਰ ਸੰਧੂ ਦਾ ਬਹੁਤ ਵਧੀਆ ਮਿੱਤਰ ਅਤੇ ਗੀਤਕਾਰ ਹੋਇਆ ਹੈ। ਇਕ ਦਿਨ ਮੇਰੇ ਮਨ ਵਿਚ ਖਿਆਲ ਆਇਆ ਉਸ ਨੂੰ ਮਿਲਿਆ ਜਾਵੇ। ਮੈਂ ਉਸ ਨੂੰ ਮਿਲਣ ਵਾਸਤੇ ਨਾਭੇ ਕੋਲ ਜਿੰਦਲਪੁਰ ਪਿੰਡ ਚਲਿਆ ਗਿਆ। ਉਸ ਨੇ ਦੱਸਿਆ ਦੀਦਾਰ ਸੰਧੂ ਕਿਹਾ ਕਰਦਾ ਸੀ, ਗੀਤ ਦੀਆਂ ਲਾਈਨਾਂ ਛੋਟੀਆਂ ਹੋਣ ਅਰਥ ਜ਼ਿਆਦਾ ਨਿਕਲਦਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਹਰਜਾਪ ਟਿਵਾਣੇ ਦਾ ਲਿਖਿਆ ਗੀਤ:-

'ਥੋੜੇ ਪਿੰਡ ਕਿਹੋ ਜਿਹੀਆਂ ਬੁੜੀਆਂ
ਜੰਮਣ ਮੁੰਡੇ ਛੱਡ ਕੇ ਕੁੜੀਆਂ'

ਦੀਦਾਰ ਸੰਧੂ ਨੇ ਹਰਜਾਪ ਟਿਵਾਣੇ ਦੇ ਲਿਖੇ ਪੰਜ ਗੀਤ ਗਾਏ। ਇਕ ਗੀਤ ਹਰਜਾਪ ਟਿਵਾਣੇ ਦਾ ਲਿਖਿਆ ਅਤੇ ਦੀਦਾਰ ਸੰਧੂ ਦਾ ਗਾਇਆ:-

"ਹਾਰੀ ਮੈਂ ਕਹਿ ਕਹਿ ਹਾਰੀ"
ਵਿਚ ਇਕ ਅੰਤਰਾ ਹੈ
"ਮਰ ਗਿਆ ਉਹ ਕੁੜਮ ਕਬੀਲਾ, ਜੀਨੇ ਤੇਰੇ ਅਨੰਦ ਭੜਾਏ
ਤੇਰੀ ਹਰ ਗੱਲ ਟਪਾਉਂਦੇ, ਮਰ ਗਏ ਤੇਰੇ ਚਾਚੇ ਤਾਏ
ਕੱਢਿਆ ਨਿਚੋੜ ਮੇਰੇ ਵੱਡੇ ਵੀਰ ਨੇ, ਤੁਰੀ ਜਦੋਂ ਗੱਡੀ ਖੜ੍ਹੇ ਪਾਉਣ ਕੀਰਨੇ"

ਇਸ ਗੀਤ ਵਿਚ ਹਰਜਾਪ ਟਿਵਾਣਾ ਦੱਸਦਾ ਹੈ ਕਿ ਵਿਆਹ ਵੇਲੇ ਜਦੋਂ ਲੜਕੀ ਨੂੰ ਵਿਦਾ ਕਰਦੇ ਹਨ, ਉਸ ਵੇਲੇ ਲੜਕੇ ਦਾ ਵੱਡਾ ਭਰਾ ਬਿਲਕੁਲ ਵਿਹਲਾ ਖੜ੍ਹਾ ਆਲੇ-ਦੁਆਲੇ ਵੇਖਦਾ ਰਹਿੰਦਾ ਹੈ। ਉਹ ਤੈਨੂੰ ਵਿਦਾ ਹੁੰਦੀ ਨੂੰ ਵੀ ਵੇਖ ਰਿਹਾ ਸੀ, ਤੇਰੇ ਮਾਂ-ਪਿਓ ਉੱਚੀ-ਉੱਚੀ ਰੋ-ਰੋ ਕੀਰਨੇ ਪਾ ਰਹੇ ਸਨ। ਇਥੇ ਆ ਕੇ ਵੀ ਤੇਰੀ ਹਰ ਗੱਲ ਟਪਾਉਂਦੇ ਰਹੇ ਹਨ, ਇਹ ਸਾਰੀਆਂ ਗੱਲਾਂ ਦਾ ਨਿਚੋੜ ਮੇਰੇ ਵੱਡੇ ਵੀਰ ਨੇ ਕੱਢਿਆ ਹੈ।

ਦੀਦਾਰ ਸੰਧੂ ਦੇ ਲਿਖੇ ਗੀਤ ਮਹੁੰਮਦ ਸਦੀਕ, ਰਣਜੀਤ ਕੌਰ, ਰਮੇਸ਼ ਰੰਗੀਲਾ, ਸੰਦੇਸ਼ ਕਪੂਰ, ਕਰਨੈਲ ਗਿੱਲ, ਸਵਰਨ ਲਤਾ, ਪ੍ਰੀਤੀ ਬਾਲਾ, ਬੀਰ ਚੰਦ ਗੋਪੀ, ਨਰਿੰਦਰ ਬੀਬਾ, ਪ੍ਰੋਮੀਲਾ ਪੰਮੀ ਆਦਿ ਨੇ ਗਾਏ ਹਨ।

ਦੀਦਾਰ ਸੰਧੂ ਨੇ ਬਹੁਤ ਸਾਰੀਆਂ ਗਾਇਕਾਵਾਂ ਨਾਲ ਗਾਇਆ। ਸਨੇਹ ਲਤਾ, ਸੁਰਿੰਦਰ ਕੌਰ, ਕੁਲਦੀਪ ਕੌਰ, ਪਰਮਿੰਦਰ ਸੰਧੂ, ਅਮਰ ਨੂਰੀ, ਬਲਜੀਤ ਬੱਲੀ, ਨਰਿੰਦਰ ਬੀਬਾ, ਸੁਖਵੰਤ ਕੌਰ ਅਤੇ ਸੁਸ਼ਮਾ ਆਦਿ ਨਾਲ ਗਾਇਆ।

ਦੀਦਾਰ ਸੰਧੂ ਬਿੰਬਾਂ ਵਿਚ ਲਿਖਦਾ ਸੀ। ਲਿਖਣ ਵੇਲੇ ਇਸ ਤਰ੍ਹਾਂ ਨਾਲ ਦ੍ਰਿਸ਼ ਪੇਸ਼ ਕਰਦਾ ਸੀ, ਸੁਣਨ ਵਾਲੇ ਨੂੰ ਇਸ ਤਰ੍ਹਾਂ ਲੱਗਦਾ, ਜੋ ਹੋ ਰਿਹਾ ਹੈ, ਸਾਹਮਣੇ ਹੀ ਹੋ ਰਿਹਾ ਹੈ। ਜਿਸ ਤਰਾਂ:-

* "ਮੇਰਾ ਉਡੇ ਡੋਰੀਆ ਮਹਿਲਾਂ ਵਾਲੇ ਘਰ ਵੇ"
* "ਤੈਨੂੰ ਬੁੱਕਦਾ ਵੇਖਣਾ ਹੋ ਕੇ ਸ਼ਰਾਬੀ ਆ ਵੇ"
* "ਚੰਨ ਹੋ ਬੱਦਲਾਂ ਦੇ ਓਹਲੇ ਕੰਨੀਆਂ ਨੂੰ ਇੰਝ ਰੁਸ਼ਨਾਵੇ,
ਕੋਈ ਗੋਟੇ ਵਾਲੀ ਚੁੰਨੀ ਅੰਬਰ 'ਤੇ ਸੁੱਟ ਸਕਾਵੇ"
* "ਮੂੰਹ ਨ੍ਹੇਰੇ ਵਿਚ ਫਿਰਦੀ ਦੀ ਏਦਾ ਰੁਸ਼ਨਾਈ ਹੁੰਦੀ ਏ
ਜਿਵੇਂ ਕਿਸੇ ਨੇ ਆਲੇ ਦੇ ਵਿਚ ਜੋਤ ਜਗਾਈ ਹੁੰਦੀ ਏ"

ਦੀਦਾਰ ਸੰਧੂ ਨੇ ਸਮਜਿਕ ਰਿਸ਼ਤਿਆਂ ਦਾ ਜ਼ਿਕਰ ਵੀ ਬਹੁਤ ਬਾਖੂਬੀ ਨਾਲ ਕੀਤਾ ਹੈ:-

* "ਜੇਠ ਚੰਦਰੇ ਦਾ ਕੀ
ਜਿਹਦਾ ਪੁੱਤ ਨਾ ਕੋਈ ਧੀ
ਜਾਂਦਾ ਘੁੱਟ ਕੁ ਸ਼ਰਾਬ ਪਿੱਛੇ ਮਰ ਨੀ
ਦੜ ਵੱਟ ਕੇ ਗੁਜ਼ਾਰਾ ਕਰ ਨੀ"

ਇਸ ਗੀਤ ਵਿਚ ਅੱਗੇ ਜਾ ਕੇ ਕਹਿੰਦਾ ਹੈ:-

* "ਸਾਰਿਆਂ ਦੇ ਵਿਚੋਂ ਤੂੰ ਸਾਊ ਵੇ ਦੀਦਾਰ
ਤੇਰਾ ਘਰ 'ਚ ਨਾ ਕੋਡੀ ਜਿੰਨਾ ਮੁੱਲ ਵੇ
ਛੁਟ ਇਕ ਤੇਰੇ ਤੋਂ ਟੱਬਰ ਤੇਰਾ
ਦੇਣ ਵਾਲਾ ਵੱਡ ਕੇ ਨਿਉ ਦੇ ਵਿਚ ਕੁੱਲ ਵੇ"

ਇਕ ਹੋਰ ਗੀਤ ਵਿਚ.....

* "ਮੈਂ ਕਹਿਨਾਂ ਹੋ ਜਾ ਠੰਡੀ ਐਵੇ ਨਾ ਜਾਵੀਂ ਚੰਡੀ
ਲੈਦੂ ਤੈਨੂੰ ਚਾਬੀ ਘਰ ਦੀ ਜਿੱਦਣ ਗਈ ਪੈਲੀ ਵੰਡੀ
ਐਂਵੇ ਦੇਖੇ ਨਾ ਤਮਾਸ਼ਾ ਸਾਰਾ ਪਿੰਡ ਬੱਲੀਏ"

ਅਮੀਰੀ ਅਤੇ ਗਰੀਬੀ ਦੇ ਪਾੜੇ ਦੀ ਗੱਲ ਕਰਦਾ ਜਗੀਰਦਾਰੀ ਨੂੰ ਤਾੜਨਾ ਕਰਦਾ ਹੋਇਆ ਕਹਿੰਦਾ ਹੈ:-

* "ਮੰਨਿਆ ਗਰੀਬ ਹੁੰਦੇ ਵੱਡਿਆਂ ਦੇ ਆਸਰੇ 'ਤੇ
ਇਹ ਤਾਂ ਤੇਰਾ ਬਣਦਾ ਨੀ ਹੱਕ ਵੇ ਜਗੀਰਦਾਰਾ"

ਦੀਦਾਰ ਸੰਧੂ ਫਿਲਮਾਂ ਤੱਕ ਵੀ ਜਾ ਪਹੁੰਚਿਆ ਸੀ। ਇਸ ਨੇ 'ਗੱਭਰੂ ਪੰਜਾਬ ਦਾ' ਫ਼ਿਲਮ ਵਿਚ ਅਮਰਨੂਰੀ ਨਾਲ ਬੋਲੀਆਂ ਪਾਈਆਂ ਸਨ। ਦੀਦਾਰ ਸੰਧੂ 16 ਫ਼ਰਵਰੀ 1991 ਨੂੰ ਇਸ ਦੁਨੀਆਂ ਤੇ ਗੀਤਕਾਰੀ ਅਤੇ ਗਾਇਕੀ ਦੀਆਂ ਪੈੜਾਂ ਪਾ ਕੇ ਅਲਵਿਦਾ ਕਹਿ ਗਿਆ।

# ਕੋਹਿਨੂਰ, ਮਹਾਰਾਜਾ ਰਣਜੀਤ ਸਿੰਘ ਤੇ ਜਗਨਨਾਥ ਪੁਰੀ







ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
(Punjab Mail USA)


ਕੋਹਿਨੂਰ ਹੀਰੇ ਦੇ ਭਾਰਤ ਵਾਪਸ ਲਿਆਉਣ ਦੀਆਂ ਖ਼ਬਰਾਂ ਨਾਲ ਕੋਹਿਨੂਰ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ। ਭਾਰਤ ਸਰਕਾਰ ਦੁਆਰਾ ਲੰਮੇ ਸਮੇਂ ਤੋਂ ਕੋਹਿਨੂਰ ਨੂੰ ਇੰਗਲੈਂਡ ਤੋਂ ਭਾਰਤ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਹੁਣ ਅਜਿਹਾ ਲੱਗਦਾ ਹੈ ਕਿ ਸ਼ਾਇਦ ਲੰਮੇ ਸਮੇਂ ਦਾ ਇੰਤਜ਼ਾਰ ਖ਼ਤਮ ਹੋ ਜਾਵੇ ਅਤੇ ਬੇਸ਼ਕੀਮਤੀ ਹੀਰਾ ਭਾਰਤ ਦੀ ਝੋਲੀ ਪੈ ਜਾਵੇ। ਕੋਹਿਨੂਰ ਦੇ ਭਾਰਤ ਵਾਪਸੀ ਦੇ ਨਾਲ-ਨਾਲ ਉੜੀਸਾ ਦੇ ਜਗਨਨਾਥ ਪੁਰੀ ਮੰਦਰ ਦੇ ਸੰਗਠਨ ਨੇ ਕੋਹਿਨੂਰ ਹੀਰੇ ਦੀ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ। ਕੋਹਿਨੂਰ ਹੀਰੇ ਦਾ ਮਹਾਰਾਜਾ ਰਣਜੀਤ ਸਿੰਘ ਅਤੇ ਜਗਨਨਾਥ ਪੁਰੀ ਨਾਲ ਕੀ ਸਬੰਧ ਹੈ, ਇਸ ਲਈ ਸਾਨੂੰ ਸੰਖੇਪ ਰੂਪ 'ਚ ਇਤਿਹਾਸ 'ਤੇ ਝਾਤ ਮਾਰਨੀ ਹੋਵੇਗੀ।

ਕੋਹਿਨੂਰ ਹੀਰਾ 11 ਤੋਂ 14 ਸਦੀ ਵਿਚਕਾਰ ਭਾਰਤ ਦੇ ਆਂਧਰਾ ਪ੍ਰਦੇਸ਼ ਰਾਜ ਦੇ ਗੁੰਟੂਰ ਜ਼ਿਲ੍ਹੇ ਦੀ ਕੋਲੂਰ ਖਾਨ ਵਿਚੋਂ ਪ੍ਰਾਪਤ ਹੋਇਆ ਸੀ। ਉਸ ਸਮੇਂ ਕੋਲੂਰ ਤੇ ਕਾਕਤੀ ਵੰਸ਼ ਦਾ ਸ਼ਾਸਨ ਸੀ, ਜਿਨ੍ਹਾਂ ਦੀ ਰਾਜਧਾਨੀ ਬਾਰੰਗਲ ਸੀ। ਬਾਰੰਗਲ ਦੇ ਸੈਨਾਪਤੀ ਮਲਿਕ ਕਪੂਰ ਦੁਆਰਾ ਮੰਦਰ ਵਿਚੋਂ ਕੋਹਿਨੂਰ ਹੀਰਾ ਅਲਾਉਦੀਨ ਖਿਲਜੀ ਨੂੰ ਭੇਂਟ ਕੀਤਾ। 1526 ਈ. ਵਿਚ ਜਦੋਂ ਬਾਬਰ ਅਤੇ ਇਬਰਾਹੀਮ ਲੋਧੀ ਵਿਚਕਾਰ ਪਾਣੀਪਤ ਦੀ ਪਹਿਲੀ ਲੜਾਈ ਹੋਈ, ਤਾਂ ਕੋਹਿਨੂਰ ਅਲਾਉਦੀਨ ਖਿਲਜੀ ਤੋਂ ਬਾਬਰ ਦੇ ਕੋਲ ਚਲਾ ਗਿਆ। ਬਾਬਰ ਨੇ ਬਾਬਰਨਾਮਾ ਵਿਚ ਕੋਹਿਨੂਰ ਦਾ ਜ਼ਿਕਰ ਕਰਦੇ ਹੋਏ ਲਿਖਿਆ ਹੈ ਕਿ ਕੋਹਿਨੂਰ ਹੀਰੇ ਦੀ ਕੀਮਤ ਇੰਨੀ ਜ਼ਿਆਦਾ ਹੈ ਕਿ ਪੂਰੀ ਦੁਨੀਆਂ ਦੇ ਢਾਈ ਦਿਨਾਂ ਦੇ ਲਈ ਖਾਣੇ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ।

ਮੁਗਲ ਬਾਦਸ਼ਾਹ ਬਾਬਰ ਤੋਂ ਬਾਅਦ ਸ਼ਾਹਜਹਾਂ ਕੋਲ ਜਦੋਂ ਕੋਹਿਨੂਰ ਹੀਰਾ ਪਹੁੰਚਿਆ, ਤਾਂ ਉਸ ਨੇ ਲੱਕੜ ਦਾ ਇੱਕ ਮਯੂਰ ਸਿੰਘਾਸਨ ਬਣਵਾਇਆ ਅਤੇ ਕੋਹਿਨੂਰ ਹੀਰੇ ਨੂੰ ਮੋਰ ਦੀ ਅੱਖ ਵਿਚ ਫਿੱਟ ਕਰਵਾ ਦਿੱਤਾ। ਮਹੁੰਮਦ ਸ਼ਾਹ ਰੰਗੀਲਾ ਜਿਸਦਾ ਅਸਲ ਨਾਂ ਰੋਸ਼ਨ ਅਖ਼ਤਰ ਸੀ, ਉਸ ਕੋਲ ਵੀ ਕੁਝ ਸਮਾਂ ਕੋਹਿਨੂਰ ਹੀਰਾ ਰਿਹਾ ਪਰ ਟਿਕਿਆ ਨਹੀਂ।

1739 ਈ ਵਿਚ ਨਾਦਰ ਸ਼ਾਹ ਦੁਰਾਨੀ ਨੇ ਦਿੱਲੀ ਲੁੱਟੀ। ਇਸ ਲੁੱਟ ਵਿਚ ਨਾਦਰ ਸ਼ਾਹ ਪਹਿਲੀ ਵਾਰ ਕੋਹਿਨੂਰ ਹੀਰੇ ਨੂੰ ਦੇਸ਼ ਤੋਂ ਬਾਹਰ ਲੈ ਕੇ ਗਿਆ।

ਨਾਦਰ ਸ਼ਾਹ ਅਤੇ ਮੁਹੰਮਦ ਸ਼ਾਹ ਨਾਲ ਸਬੰਧਤ ਇੱਕ ਕਹਾਣੀ ਵੀ ਮਸ਼ਹੂਰ ਹੈ ਕਿ ਜਦੋਂ ਨਾਦਰ ਸ਼ਾਹ ਨੂੰ ਮੁਹੰਮਦ ਸ਼ਾਹ ਦੀ ਪੱਗ ਵਿਚ ਕੋਹਿਨੂਰ ਹੀਰੇ ਲੁਕਾਉਣ ਦਾ ਪਤਾ ਲੱਗਿਆ, ਤਾਂ ਨਾਦਰ ਸ਼ਾਹ ਨੇ ਮਹੁੰਮਦ ਸ਼ਾਹ ਰੰਗੀਲੇ ਨਾਲ ਪੱਗ ਵਟਾ ਕੇ ਦੋਸਤੀ ਦਾ ਹੱਥ ਮਿਲਾਇਆ ਤੇ ਇਸ ਤਰ੍ਹਾਂ ਕੋਹਿਨੂਰ ਹੀਰਾ ਨਾਦਰ ਸ਼ਾਹ ਕੋਲ ਪਹੁੰਚ ਗਿਆ। ਨਾਦਰ ਸ਼ਾਹ ਨੇ ਜਦੋਂ ਕੋਹਿਨੂਰ ਨੂੰ ਪਹਿਲੀ ਵਾਰ ਦੇਖਿਆ, ਤਾਂ ਉਸ ਦੇ ਮੂੰਹੋਂ ਨਿਕਲਿਆ 'ਕੋਹ ਏ ਨੂਰ' ਜਿਸਦਾ ਫ਼ਾਰਸੀ ਭਾਸ਼ਾ ਵਿਚ ਅਰਥ ਹੈ ਰੌਸ਼ਨੀ ਦਾ ਪਹਾੜ। ਨਾਦਰ ਸ਼ਾਹ ਤੋਂ ਪਹਿਲਾਂ ਕੋਹਿਨੂਰ ਨੂੰ ਕੋਹਿਨੂਰ ਹੀਰੇ ਦੇ ਨਾਂ ਵਜੋਂ ਨਹੀਂ ਜਾਣਿਆ ਜਾਂਦਾ ਸੀ। ਇਹ ਨਾਂ ਨਾਦਰ ਸ਼ਾਹ ਨੇ ਦਿੱਤਾ।

ਨਾਦਰ ਸ਼ਾਹ ਦੀ ਮੌਤ ਤੋਂ ਬਾਅਦ ਉਸਦਾ ਉਤਰਾਧਿਕਾਰੀ ਸ਼ਾਹ ਸੁਜਾ ਦੁਰਾਨੀ ਬਣਿਆਂ, ਜਿਸਨੇ ਮਹਾਰਾਜਾ ਰਣਜੀਤ ਸਿੰਘ ਨੂੰ ਕੋਹਿਨੂਰ ਹੀਰਾ ਆਪਣੀ ਸਹਾਇਤਾ ਵਜੋਂ ਭੇਟ ਕੀਤਾ।

ਮਹਾਰਾਜਾ ਰਣਜੀਤ ਸਿੰਘ ਕੋਹਿਨੂਰ ਹੀਰੇ ਨੂੰ ਆਪਣੇ ਹੱਥ 'ਤੇ ਬੰਨ੍ਹ ਕੇ ਰੱਖਦੇ ਸਨ।

1839 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਉਨ੍ਹਾਂ ਦੇ ਉਤਰਾਧਿਕਾਰੀ ਬਣੇ। ਈਸਟ ਇੰਡੀਆ ਕੰਪਨੀ ਦੁਆਰਾ ਲਾਰਡ ਡਲਹੌਜ਼ੀ ਦੀ ਦੇਖ-ਰੇਖ ਹੇਠ ਕੀਤੀ ਲਾਹੌਰ ਸੰਧੀ ਵਿਚ ਕੋਹਿਨੂਰ ਹੀਰੇ ਨੂੰ ਪ੍ਰਾਪਤ ਕੀਤਾ, ਜੋ ਕਿ ਹੁਣ ਟਾਵਰ ਆਫ ਲੰਡਨ ਵਿਚ ਮੌਜੂਦ ਹੈ।

ਕੋਹਿਨੂਰ ਹੀਰੇ ਨੂੰ ਤਾਜ ਵਜੋਂ ਪਹਿਨਣ ਵਿਚ ਇਹ ਮਾਨਤਾ ਪ੍ਰਸਿੱਧ ਹੈ ਕਿ ਜਾਂ ਤਾਂ ਇਸ ਨੂੰ ਭਗਵਾਨ ਜਾਂ ਪ੍ਰਮਾਤਮਾ ਪਹਿਨੇ ਜਾਂ ਫਿਰ ਔਰਤ। ਮਰਦ ਲਈ ਇਹ ਕਿਸੇ ਸ਼ਰਾਫ ਤੋਂ ਘੱਟ ਨਹੀਂ। ਸਮੇਂ-ਸਮੇਂ ਇੰਗਲੈਂਡ ਦੀਆਂ ਮਹਾਰਾਣੀਆਂ ਜਿਨ੍ਹਾਂ ਵਿਚ ਮਹਾਰਾਣੀ ਵਿਕਟੋਰੀਆ, ਮਹਾਰਾਣੀ ਮੈਰੀ, ਮਹਾਰਾਣੀ ਐਲਿਜ਼ਾਬੇਥ ਜਿਨ੍ਹਾਂ ਨੇ ਕੋਹਿਨੂਰ ਨੂੰ 70 ਸਾਲ ਪਹਿਨਿਆ, ਸ਼ਾਮਲ ਹਨ। ਹੁਣ ਚਾਰਲਸ ਤੀਜੇ ਦੀ ਤਾਜਪੋਸ਼ੀ ਤੋਂ ਬਾਅਦ ਉਸ ਦੀ ਰਾਣੀ ਕੈਮਿਲਾ ਇਸ ਦੀ ਹੱਕਦਾਰ ਹੈ।

ਹੁਣ ਅਸੀਂ ਮੁੜ ਆਪਣੇ ਸਵਾਲ 'ਤੇ ਆਉਂਦੇ ਹਾਂ ਕਿ ਕੋਹਿਨੂਰ, ਮਹਾਰਾਜਾ ਰਣਜੀਤ ਸਿੰਘ ਤੇ ਜਗਨਨਾਥ ਪੁਰੀ ਦੇ ਪੁਜਾਰੀਆਂ ਦਾ ਕੀ ਸਬੰਧ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੀ ਵਸੀਅਤ ਅਨੁਸਾਰ ਕੋਹਿਨੂਰ ਹੀਰੇ ਸਮੇਤ ਤਮਾਮ ਸੋਨਾ ਚਾਂਦੀ ਅਤੇ ਹੋਰ ਜਵਾਹਰਾਤ ਜਗਨਨਾਥ ਪੁਰੀ ਦੇ ਮੰਦਰ ਨੂੰ ਦਾਨ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਦੇ ਸਬੂਤ ਮੰਦਰ ਦੇ ਪੁਜਾਰੀਆਂ ਕੋਲ ਹਨ। ਇਸ ਵਿਸ਼ੇ ਵਿਚ ਅੱਗੇ ਕੀ ਨਤੀਜਾ ਨਿਕਲਦਾ ਹੈ, ਕੋਹਿਨੂਰ ਹੀਰਾ ਕਦੋਂ ਵਾਪਸ ਆਉਂਦਾ ਹੈ ਅਤੇ ਜਗਨਨਾਥ ਪੁਰੀ ਦੇ ਲੋਕਾਂ ਦਾ ਅਧਿਕਾਰ ਉਸ 'ਤੇ ਹੋਵੇਗਾ ਕਿ ਨਹੀਂ, ਇਸਦਾ ਫੈਸਲਾ ਆਉਣਾ ਅਜੇ ਬਾਕੀ ਹੈ ਪਰ ਕੋਹਿਨੂਰ ਹੀਰੇ ਦੀ ਮੁੜ ਚਰਚਾ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਜਗਨਨਾਥ ਪੁਰੀ ਇੱਕ ਵਾਰ ਫਿਰ ਇਤਿਹਾਸ 'ਚੋਂ ਨਿਕਲ ਕੇ ਵਰਤਮਾਨ ਦਾ ਹਿੱਸਾ ਹੋ ਗਏ ਹਨ।

# ਵਿਦੇਸ਼ਾਂ ਵਿਚ ਭਾਰਤੀ ਨੌਜਵਾਨਾਂ ਦੀ ਸਥਿਤੀ

ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਬੀਤੇ ਦਿਨੀਂ ਡੀ.ਡੀ. ਪੰਜਾਬੀ ਦੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਵਿਚ ਬੜੇ ਮਹੱਤਵਪੂਰਨ ਤੇ ਪ੍ਰਸੰਗਕ ਵਿਸ਼ੇ ਨੂੰ ਵਿਚਾਰਿਆ ਗਿਆ। ਵਿਸ਼ਾ ਸੀ 'ਵਿਦੇਸ਼ਾਂ ਵਿਚ ਪੰਜਾਬੀ ਨੌਜਵਾਨਾਂ ਦੀ ਸਥਿਤੀ' ਅਤੇ ਮਾਹਿਰ ਵਜੋਂ ਸਵਾਲਾਂ ਦੇ ਜਵਾਬਦੇਣ ਲਈ ਸਟੂਡੀਓ ਵਿਚ ਮੌਜੂਦ ਸਨ ਸ਼੍ਰੀ ਸੁੱਖੀ ਬਾਠ। ਉਹ ਕੈਨੇਡਾ ਵਿਚ ਰਹਿੰਦਿਆਂ ਜਿੱਥੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਨਿੱਠ ਕੇ ਕੰਮ ਕਰ ਰਹੇ ਹਨ, ਉਥੇ ਪੰਜਾਬ ਤੋਂ ਗਏ ਵਿਦਿਆਰਥੀਆਂ ਨੂੰ ਪੇਸ਼ ਆਉਂਦੀਆਂ ਪ੍ਰੇਸ਼ਾਨੀਆਂ ਦੇ ਹੱਲ ਲਈ ਵੀ ਹਮੇਸ਼ਾ ਤੱਤਪਰ ਰਹਿੰਦੇ ਹਨ। ਬੀਤੇ ਕੁਝ ਸਮੇਂ ਤੋਂ, ਕੈਨੇਡਾ ਤੋਂ ਪੰਜਾਬੀ ਵਿਦਿਆਰਥੀਆਂ ਦੇ ਪ੍ਰਸੰਗ ਵਿਚ ਬੁਰੀਆਂ ਖ਼ਬਰਾਂ ਆ ਰਹੀਆਂ ਹਨ। ਸ਼ਾਇਦ ਇਸੇ ਲਈ ਡੀ.ਡੀ. ਪੰਜਾਬੀ ਨੇ ਉਪਰੋਕਤ ਵਿਸ਼ੇ ਦੀ ਚੋਣ ਕਰਕੇ ਸ਼੍ਰੀ ਸੁੱਖੀ ਬਾਠ ਹੁਰਾਂ ਨੂੰ ਗੱਲਬਾਤ ਲਈ ਸੱਦਾ ਦਿੱਤਾ। ਕਿਉਂਕਿ ਉਹ ਇਸ ਸਮੱਸਿਆ ਨੂੰ ਨੇੜੇ ਤੋਂ ਸਮਝਦੇ ਜਾਣਦੇ ਹਨ ਅਤੇ ਇਸਦੇ ਹੱਲ ਲਈ ਲਗਾਤਾਰ ਯਤਨਸ਼ੀਲ ਹਨ। ਸੋ ਉਨ੍ਹਾਂ ਨੇ ਮਸਲੇ ਦੀ ਜੜ੍ਹ ਵੱਲ ਸੰਕੇਤ ਕਰਦੇ ਹੋਏ ਮਾਪਿਆਂ, ਵਿਦਿਆਰਥੀਆਂ ਅਤੇ ਹੋਰ ਨੌਜਵਾਨਾਂ ਨੂੰ ਠੋਸ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਅਮਲ ਵਿਚ ਲਿਆ ਕੇ ਵਿਦੇਸ਼ਾਂ ਵਿਚ ਪੜ੍ਹਾਈ ਕਰ ਰਹੇ ਪੰਜਾਬੀ ਵਿਦਿਆਰਥੀ ਆਰਥਿਕ ਤੰਗੀ, ਉਦਰੇਵੇਂ, ਇਕੱਲੇਪਨ, ਉਦਾਸੀ ਅਤੇ ਤਣਾਅ 'ਚੋਂ ਉੱਭਰ ਸਕਦੇ ਹਨ।

ਸੁੱਖੀ ਬਾਠ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਸਥਿਤੀ ਬੜੀ ਨਾਜ਼ੁਕ ਹੈ। ਬਲਕਿ ਹੱਥੋਂ ਨਿਕਲਦੀ ਜਾ ਰਹੀ ਹੈ। ਪੂਰੀ ਦੁਨੀਆਂ ਵਿਚੋਂ ਨੌਜਵਾਨ ਕੈਨੇਡਾ ਆ ਰਹੇ ਹਨ ਪਰ ਹੁਣ ਉਥੇ ਓਨੇ ਮੌਕੇ, ਓਨੀਆਂ ਸਹੂਲਤਾਂ, ਓਨੇ ਕਾਲਜ ਨਹੀਂ ਹਨ। ਮਾਪਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ। ਮਾਪੇ ਦਾਖਲਾ ਦਿਵਾ ਕੇ, ਇਕ ਸਮੈਸਟਰ ਦੀ ਫ਼ੀਸ ਭਰਕੇ ਸੁਰਖ਼ੁਰੂ ਹੋ ਜਾਂਦੇ ਹਨ। ਸਮਝਦੇ ਹਨ ਕਿ ਸਾਡੀ ਜ਼ਿੰਮੇਵਾਰੀ ਮੁੱਕ ਗਈ। ਦਰਅਸਲ ਹਕੀਕਤ ਇਹ ਨਹੀਂ ਹੈ। ਬੱਚੇ ਨੇ ਹਵਾਈ ਅੱਡੇ 'ਤੇ ਉੱਤਰ ਕੇ ਕਿੱਥੇ ਜਾਣਾ ਹੈ, ਕਿੱਥੇ ਰਹਿਣਾ ਹੈ, ਕਿਵੇਂ ਖਾਣਾ-ਪੀਣਾ ਹੈ, ਰੋਜ਼ਾਨਾ ਦੇ ਖਰਚਿਆਂ ਦਾ ਪ੍ਰਬੰਧ ਕਿਵੇਂ ਕਰਨਾ ਹੈ, ਇਹ ਚਿੰਤਾਵਾਂ ਪਹਿਲੇ ਦਿਨ ਤੋਂ ਹੀ ਆਰੰਭ ਹੋ ਜਾਂਦੀਆਂ ਹਨ।

ਮਾਪੇ ਬੱਚਿਆਂ ਨੂੰ ਵੱਡੀਆਂ ਰਕਮਾਂ ਖਰਚ ਕੇ ਵਿਦੇਸ਼ ਭੇਜਦੇ ਹਨ ਪਰ ਬਹੁਤੇ ਬੱਚਿਆਂ ਕੋਲ ਮੁਹਾਰਤ ਨਹੀਂ ਹੈ, ਸੰਚਾਰ-ਸਮਰੱਥਾ ਨਹੀਂ ਹੈ, ਸਵੈ-ਵਿਸ਼ਵਾਸ ਨਹੀਂ ਹੈ। ਉਹ ਪੜ੍ਹਾਈ ਵਿਚ ਤਾਂ ਠੀਕ ਹਨ ਪਰ ਜ਼ਿੰਦਗੀ ਕਿਵੇਂ ਜਿਊਣੀ ਹੈ, ਇਹ ਪਤਾ ਨਹੀਂ ਹੈ। ਸਭ ਤੋਂ ਵੱਡੀ ਸਮੱਸਿਆ ਰਹਾਇਸ਼ ਦੀ ਹੈ। ਅੱਠ-ਅੱਠ ਵਿਦਿਆਰਥੀ ਇਕ ਕਮਰੇ ਵਿਚ ਰਹਿ ਰਹੇ ਹਨ। ਇਥੇ ਬੱਚਿਆਂ ਨੂੰ ਕੰਮ ਦੀ ਆਦਤ ਨਹੀਂ ਹੁੰਦੀ, ਉਥੇ ਕੰਮ ਬਿਨ੍ਹਾਂ ਸਰਦਾ ਨਹੀਂ। ਨਿਰਾਸ਼ ਹੋ ਕੇ ਉਹ ਖ਼ੁਦ ਨੂੰ ਕਮਰੇ 'ਚ ਬੰਦ ਕਰ ਲੈਂਦੇ ਹਨ। ਇਹ ਬੜੀ ਚਿੰਤਾ ਵਾਲੀ ਸਥਿਤੀ ਹੈ। ਬੱਚੇ ਬਿਮਾਰ ਹੋ ਰਹੇ ਹਨ।

ਉਥੇ ਪਹੁੰਚਣ ਤੋਂ ਕੁਝ ਮਹੀਨੇ ਬਾਅਦ ਉਨ੍ਹਾਂ ਨੂੰ ਸਮਝ ਆਉਣ ਲੱਗਦਾ ਹੈ ਕਿ ਇਹ ਮੁਲਕ ਵੱਖਰੀ ਤਰ੍ਹਾਂ ਦੇ ਹਨ। ਬੱਚੇ ਸਟਰੈੱਸ ਵਿਚ ਚਲੇ ਜਾਂਦੇ ਹਨ। ਉਥੇ ਬੜੇ ਲੋਕ ਹਨ, ਜਿਹੜੇ ਅਜਿਹੇ ਬੱਚਿਆਂ ਨੂੰ ਗਲਤ ਰਸਤੇ ਪਾ ਦਿੰਦੇ ਹਨ।

ਮਾਪਿਆਂ ਨੂੰ ਚਾਹੀਦਾ ਹੈ ਕਿ ਇਧਰੋਂ ਫੋਨ ਰਾਹੀਂ, ਵੀਡੀਓ ਕਾਲ ਰਾਹੀਂ ਸੰਪਰਕ ਬਣਾਈ ਰੱਖਣ। ਉਧਰ ਦੇ ਚੰਗੇ ਲੋਕਾਂ ਨਾਲ ਬੱਚਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਸੱਭਿਆਚਾਰਕ ਸਰਗਰਮੀਆਂ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ।

ਉਦਾਸੀ, ਇਕੱਲਤਾ, ਤਣਾਅ ਉੱਥੇ ਆਮ ਗੱਲ ਹੋ ਗਈ ਹੈ। ਜੀਵਨ-ਸ਼ੈਲੀ ਵੱਖਰੀ ਹੈ। ਜੀਵਨ-ਰਫ਼ਤਾਰ ਅਲੱਗ ਹੈ। ਮਾਇਕ ਪਹਿਲੂ ਬੜੀ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇਕਰ ਮਾਪਿਆਂ ਕੋਲ ਚਾਰ ਸਾਲ ਦੀਆਂ ਫੀਸਾਂ ਅਤੇ ਹੋਰ ਖ਼ਰਚਾ ਨਹੀਂ ਹੈ, ਤਾਂ ਉਹ ਬੱਚਿਆਂ ਨੂੰ ਕੱਚੀ ਉਮਰ ਵਿਚ ਬਲੀ ਦਾ ਬੱਕਰਾ ਨਾ ਬਨਾਉਣ। ਉਥੇ ਬਹੁਤ ਚੰਗੇ ਲੋਕ ਹਨ ਪਰ ਅਜਿਹੇ ਵੀ ਹਨ, ਜਿਹੜੇ ਵਿਦਿਆਰਥੀਆਂ ਨੂੰ ਸਹੀ ਮਿਹਨਤਾਨਾ ਨਹੀਂ ਦਿੰਦੇ। ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ।

ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਵੀਡੀਓ ਆਉਂਦੀਆਂ ਹਨ। ਮਕਾਨ ਮਾਲਕ ਧੱਕੇ ਕਰਦੇ ਹਨ। ਕਈ ਵਾਰ ਉਹ ਵੀ ਮਜਬੂਰ ਹੁੰਦੇ ਹਨ। ਮਹਿੰਗਾਈ ਬਹੁਤ ਵਧ ਗਈ ਹੈ। ਸਰਕਾਰਾਂ ਸਮੇਂ-ਸਮੇਂ ਨਿਯਮ ਕਾਨੂੰਨ ਬਦਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਤੋਂ ਹਰ ਕੋਈ ਪ੍ਰਭਾਵਤ ਹੁੰਦਾ ਹੈ।

ਜਿਹੜੇ ਬੱਚੇ ਆਰਥਿਕ ਪੱਖੋਂ ਮਜ਼ਬੂਤ ਹਨ, ਮਾਨਸਿਕ ਸਰੀਰਕ ਤੌਰ 'ਤੇ ਤਕੜੇ ਹਨ। ਪਿੱਛੋਂ ਮਾਪਿਆਂ ਦੀ ਸਪੋਰਟ ਅਤੇ ਹੱਲਾਸ਼ੇਰੀ ਮਿਲਦੀ ਰਹਿੰਦੀ ਹੈ, ਉਹ ਉਥੋਂ ਦੇ ਉਤਰਾਅ-ਚੜ੍ਹਾਅ ਝੱਲ ਜਾਂਦੇ ਹਨ।

ਦਰਅਸਲ ਇਧਰਲੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਮੇਂ-ਸਮੇਂ ਅਜਿਹੀਆਂ ਵਰਕਸ਼ਾਪਾਂ ਦਾ ਆਯੋਜਨ ਕਰਨ, ਜਿਨ੍ਹਾਂ ਵਿਚ ਮਾਹਿਰ ਇਹ ਦੱਸਣ ਕਿ ਵਿਦੇਸ਼ਾਂ ਵਿਚ ਜਾ ਕੇ ਨੌਜਵਾਨਾਂ ਨੰ ਕਿਸ ਤਰ੍ਹਾਂ ਦਾ ਜੀਵਨ ਜਿਊਣਾ ਪਵੇਗਾ। ਉਥੇ ਕਿਸ ਕਿਸਮ ਦੀਆ ਮੁਸ਼ਕਲਾਂ-ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਹੋਵੇਗਾ। ਉਥੇ ਵਿਦਿਆਰਥੀਆਂ ਲਈ ਕਿਹੜੀਆਂ ਨੌਕਰੀਆਂ ਹਨ ਅਤੇ ਉਨ੍ਹਾਂ ਲਈ ਕਿਵੇਂ ਅਪਲਾਈ ਕਰਨਾ ਹੋਵੇਗਾ। ਅਜਿਹੀ ਬੁਨਿਆਦੀ ਤੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਕੇ ਨੌਜਵਾਨਾਂ ਵਿਚ ਸਵੈ-ਵਿਸ਼ਵਾਸ ਆਵੇਗਾ ਅਤੇ ਉਹ ਉਥੋਂ ਦੇ ਜੀਵਨ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਜਾਣਗੇ। ਮਾਨਸਿਕ ਪੱਖੋਂ ਬੱਚਿਆਂ ਨੂੰ ਤਿਆਰ ਕਰਕੇ ਭੇਜਣਾ ਨਿਹਾਇਤ ਜ਼ਰੂਰੀ ਹੈ।

ਪਲੱਸ ਟੂ ਪਾਸ ਬੱਚਾ ਕਿਸੇ ਵੀ ਪੱਖੋਂ ਐਨਾ ਸਿਆਣਾ, ਐਨਾ ਸਮਝਦਾਰ, ਐਨਾ ਤਜ਼ਰਬੇਕਾਰ ਨਹੀਂ ਹੁੰਦਾ ਕਿ ਉਹ ਸੱਤ ਸਮੁੰਦਰੋਂ ਪਾਰ ਵਿਦੇਸ਼ੀ ਧਰਤੀ 'ਤੇ ਪਰਾਏ ਲੋਕਾਂ ਵਿਚ ਸਹਿਜ ਰਹੇ ਕੇ ਸਭ ਕੁਝ ਬਰਦਾਸ਼ਤ ਕਰ ਲਏਗਾ।

ਕੈਨੇਡਾ ਗਿਆ 18-19 ਸਾਲ ਦਾ ਵਿਦਿਆਰਥੀ ਜਦ ਪੜ੍ਹਾਈ ਨਾਲ ਨੌਕਰੀ ਕਰਨੀ ਚਾਹੁੰਦਾ ਹੈ, ਤਾਂ ਵੱਖ-ਵੱਖ ਵੈੱਬਸਾਈਟ 'ਤੇ ਜਾ ਕੇ ਵੇਖਦਾ ਹੈ ਕਿ ਇਸ ਉਮਰ-ਵਰਗ ਲਈ ਕੋਈ ਵੀ ਨੌਕਰੀ ਉਪਲਬਧ ਨਹੀਂ ਹੈ, ਤਾਂ ਉਹ ਪ੍ਰੇਸ਼ਾਨ ਹੋ ਜਾਂਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਥੇ ਪੰਜਾਬੀ ਭਾਈਚਾਰੇ ਨਾਲ ਸੰਪਰਕ ਵਿਚ ਰਹਿਣ। ਉਸਾਰੂ ਰੁਝੇਵੇਂ ਲੱਭਣ। ਲੋਕਾਂ ਨਾਲ ਤਾਲਮੇਲ ਰੱਖਣਗੇ, ਤਾਂ ਨੌਕਰੀ ਦੇ ਮੌਕੇ ਵੀ ਮਿਲਣ ਲੱਗਣਗੇ।

ਉਥੇ ਇਕੱਲਾਪਨ ਬਹੁਤ ਹੈ। ਇਕੱਲੇਪਨ ਨੂੰ ਦੂਰ ਕਰਨ ਦੇ ਯਤਨ ਹੋਣੇ ਚਾਹੀਦੇ ਹਨ। ਇਹਦੇ ਲਈ ਨੌਜਵਾਨਾਂ ਨੂੰ ਖ਼ੁਦ ਵੀ ਕੋਸ਼ਿਸ਼ ਕਰਨੀ ਪਵੇਗੀ। ਸਮੇਂ ਦੀ ਵਿਉਂਤਬੰਦੀ ਕਰਕੇ ਸਮਾਜ ਨਾਲ ਸੰਪਰਕ ਵਿਚ ਰਹਿਣਾ ਪਵੇਗਾ। ਉਸਾਰੂ ਸਿਹਤਮੰਦ ਸਰਗਰਮੀਆਂ 'ਚ ਸ਼ਮੂਲੀਅਤ ਕਰਨੀ ਪਵੇਗੀ। ਡਾਇਰੀ ਲਿਖਣ ਦੀ ਆਦਤ ਪਾਉਣੀ ਪਵੇਗੀ। ਅਨੁਸ਼ਾਸ਼ਨ ਵਿਚ ਰਹਿਣਾ ਹੋਵੇਗਾ। ਜ਼ਿੰਦਗੀ ਦੇ ਗੋਲ ਮਿਥਣੇ ਪੈਣਗੇ। ਮਾਪਿਆਂ ਨੂੰ ਇਹ ਯਕੀਨੀ ਬਨਾਉਣਾ ਪਵੇਗਾ ਕਿ ਉਥੇ ਜਾ ਕੇ ਬੱਚੇ ਨੂੰ ਫੀਸਾਂ ਅਤੇ ਬਾਕੀ ਖਰਚਿਆਂ ਲਈ ਪ੍ਰੇਸ਼ਾਨ ਨਾ ਹੋਣਾ ਪਵੇ। ਉਥੇ ਜਿੰਨੇ ਵੀ ਦੋਸਤ ਮਿੱਤਰ ਰਿਸ਼ਤੇਦਾਰ ਹਨ, ਸਾਰਿਆਂ ਨਾਲ ਉਸਦੀ ਜਾਣ-ਪਛਾਣ ਕਰਾਓ, ਤਾਂ ਜੋ ਉਹ ਇਕੱਲੇਪਨ ਅਤੇ ਉਧਰੇਵੇਂ ਤੋਂ ਬਚਿਆ ਰਹੇ।

ਵਿਦੇਸ਼ ਗਏ ਬੱਚੇ ਆਪਣੀ ਪ੍ਰੇਸ਼ਾਨੀ ਮਾਤਾ-ਪਿਤਾ ਨਾਲ ਸਾਂਝੀ ਨਹੀਂ ਕਰਦੇ। ਜੇ ਫੋਨ 'ਤੇ ਤੁਹਾਨੂੰ ਲੱਗਦਾ ਹੈ ਕਿ ਬੱਚਾ ਉਦਾਸ ਹੈ, ਤਾਂ ਉਸਦੀ ਉਦਾਸੀ ਦਾ ਕਾਰਨ ਜਾਨਣ ਦੀ ਕੋਸ਼ਿਸ਼ ਕਰੋ। ਉਸਨੂੰ ਜਿੰਮ ਜਾਣ ਲਈ ਕਹੋ। ਗੁਰਦੁਆਰੇ, ਮੰਦਰ ਜਾਂਦੇ ਰਹਿਣ ਲਈ ਪ੍ਰੇਰਿਤ ਕਰੋ। ਅਜਿਹਾ ਕਰਕੇ ਹੀ ਉਹ ਉਥੋਂ ਦੇ ਮਾਹੌਲ, ਉਥੋਂ ਦੇ ਜੀਵਨ ਵਿਚ ਰਚ-ਮਿਚ ਸਕਦਾ ਹੈ।






ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

9 ਜੁਲਾਈ ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਮਨੀ ਸਿੰਘ ਜੀ



-ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ : 99141-84794
(Punjab Mail USA)



ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਚੇਤ ਸੁਦੀ ਦੁਆਦਸੀ ਸੰਮਤ 1721 ਮੁਤਾਬਕ 10 ਮਾਰਚ ਸੰਨ 1644 ਨੂੰ ਪਿਤਾ ਭਾਈ ਸਾਈ ਦਾਸ ਅਤੇ ਮਾਤਾ ਬੀਬੀ ਮਾਧਰੀ ਬਾਈ ਦੇ ਕੁਖੋਂ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ਫ਼ਰਗੜ੍ਹ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਹੋਇਆ।

ਭਾਈ ਮਨੀ ਸਿੰਘ ਜਦ 13 ਸਾਲ ਦੀ ਉਮਰ ਦੇ ਹੋਏ, ਤਾਂ ਸੰਨ 1657 ਵਿਚ ਇਨ੍ਹਾਂ ਦੇ ਪਿਤਾ ਇਨ੍ਹਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਹਰਿ ਰਾਏ ਜੀ ਪਾਸ ਕੀਰਤਪੁਰ ਸਾਹਿਬ ਚਲੇ ਗਏ। ਇਸ ਤਰਾਂ ਭਾਈ ਮਨੀ ਸਿੰਘ ਜੀ ਦਾ ਗੁਰੂ ਘਰ ਨਾਲ ਪਹਿਲੀ ਵਾਰ ਸਬੰਧ ਹੋਇਆ। ਭਾਈ ਮਨੀ ਸਿੰਘ ਜੀ ਕੀਰਤਪੁਰ ਸਾਹਿਬ ਲੰਗਰ ਦੇ ਬਰਤਨ ਸਾਫ ਕਰਨ ਦੀ ਡਿਊਟੀ ਕਰਦੇ ਵਹਿਲੇ ਸਮੇਂ ਵਿਚ ਗੁਰਬਾਣੀ ਦਾ ਪਾਠ ਕਰਦੇ। ਗੁਰੂ ਘਰ ਦੀ ਸੇਵਾ ਵਿਚ ਪਹਿਲੇ ਦੋ ਸਾਲ ਇਸ ਤਰਾਂ ਹੀ ਲੰਘ ਗਏ।

15 ਸਾਲ ਦੀ ਉਮਰ ਵਿਚ ਭਾਈ ਮਨੀ ਸਿੰਘ ਦਾ ਵਿਆਹ ਪਿੰਡ ਖੈਰਪੁਰ ਸਯਦਾ, ਜ਼ਿਲ੍ਹਾ ਮੁਜ਼ਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ। ਵਿਆਹ ਦੇ ਕੁਝ ਸਮਾਂ ਪਿਛੋਂ ਤੱਕ ਭਾਈ ਮਨੀ ਸਿੰਘ ਜੀ ਆਪਣੇ ਪਿੰਡ ਹੀ ਰਹਿੰਦੇ ਰਹੇ, ਫਿਰ ਆਪਣੇ ਦੋ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਸਮੇਤ ਕੀਰਤਪੁਰ ਸਾਹਿਬ ਆ ਗਏ। ਇਹ ਤਿੰਨੇ ਭਰਾ ਹੀ ਇੱਥੇ ਰਹਿ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਜਦੋਂ ਸ੍ਰੀ ਹਰਿ ਕ੍ਰਿਸ਼ਨ ਜੀ ਦਿੱਲੀ ਗਏ ਤਾਂ ਇਹ ਤਿੰਨੇ ਭਰਾ ਗੁਰੂ ਜੀ ਦੇ ਨਾਲ ਹੀ ਸਨ। ਗੁਰੂ ਜੀ ਦਾ ਦਿੱਲੀ ਦੇਹਾਂਤ ਹੋ ਗਿਆ। ਗੁਰੂ ਜੀ ਦੀ ਅੰਤਿਮ ਹਦਾਇਤ ਮੁਤਾਬਕ ਜੋ ਜੱਥਾ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਤਿਲਕ ਦੇਣ ਗਿਆ ਸੀ। ਭਾਈ ਮਨੀ ਸਿੰਘ ਜੀ ਉਸ ਜੱਥੇ ਵਿਚ ਸ਼ਾਮਲ ਸਨ।

ਨੌਂਵੇ ਪਾਤਿਸ਼ਾਹ ਦੇ ਗੁਰਗੱਦੀ ਸੰਭਾਲਣ ਬਾਅਦ ਆਪ ਕੁਝ ਸਮੇਂ ਲਈ ਪਿੰਡ ਚਲੇ ਗਏ। ਉੱਥੇ ਫਿਰ ਚੇਤ ਸੰਮਤ 1719 ਮੁਤਾਬਕ ਮਾਰਚ 1672 ਵਿਚ ਅਨੰਦਪੁਰ ਸਾਹਿਬ ਚਲੇ ਗਏ। ਇੱਥੇ ਰਹਿੰਦਿਆਂ ਭਾਈ ਮਨੀ ਸਿੰਘ ਜੀ ਦਾ ਮੁੱਖ ਕੰਮ ਗੁਰਬਾਣੀ ਦੀਆਂ ਸੰਚੀਆਂ ਲਿਖਣ ਦਾ ਸੀ। ਜਦੋਂ ਸੰਨ 1675 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਜਾ ਕੇ ਸ਼ਹੀਦ ਹੋਏ ਸਨ, ਤਾਂ ਭਾਈ ਮਨੀ ਸਿੰਘ ਜੀ ਅਨੰਦਪੁਰ ਸਾਹਿਬ ਬਾਲ ਗੋਬਿੰਦ ਜੀ ਪਾਸ ਸਨ। ਇਸ ਸਮੇਂ ਭਾਈ ਮਨੀ ਸਿੰਘ ਜੀ ਦੀ ਉਮਰ 35 ਸਾਲ ਦੀ ਸੀ।

ਪਾਊਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਹੜੇ 52 ਕਵੀ ਸਨ, ਭਾਈ ਮਨੀ ਸਿੰਘ ਜੀ ਵੀ ਉਨ੍ਹਾਂ ਵਿਚੋਂ ਇਕ ਵਿਦਵਾਨ ਸਨ।

ਸੰਨ 1691 ਵਿਚ ਨਦੌਣ ਦੀ ਲੜ੍ਹਾਈ ਵਿਚ ਵੀ ਭਾਈ ਮਨੀ ਸਿੰਘ ਜੀ ਨੇ ਹਿੱਸਾ ਲਿਆ। ਜੰਗ ਤੋਂ ਪਿੱਛੋਂ ਜਦੋਂ ਰਿਵਾਲਸਰ ਦੇ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਕਾਰ ਵਿਚ ਪਹਾੜੀ ਰਾਜਿਆਂ ਦੀ ਸਾਂਝੀ ਕਾਨਫਰੰਸ ਹੋਈ, ਤਾਂ ਉੱਥੇ ਗੁਰੂ ਜੀ ਨੇ ਆਪ ਨੂੰ ਦਿਵਾਨ ਦੀ ਪਦਵੀ ਬਖਸ਼ੀ।

ਭਾਈ ਮਨੀ ਸਿੰਘ ਜੀ ਇਕੱਲੇ ਹੀ ਯੁੱਧ ਵਿਚ ਨਹੀਂ ਜਾਂਦੇ ਸਨ, ਉਨ੍ਹਾਂ ਦੇ ਪੰਜ ਪੁੱਤਰ ਵੀ ਨਾਲ ਹੁੰਦੇ ਸਨ। ਜਿਹੜਾ ਮਸਤ ਹਾਥੀ ਕਿਲ੍ਹਾ ਅਨੰਦਗੜ੍ਹ ਦੇ ਦਰਵਾਜ਼ਿਆਂ ਨੂੰ ਤੋੜਨ ਲਈ ਪਹਾੜੀ ਰਾਜਿਆਂ ਨੇ ਭੇਜਿਆ ਸੀ, ਉਸ ਦਾ ਮੁਕਾਬਲਾ ਕਰਨ ਵਾਲਾ ਭਾਈ ਬਚਿੱਤਰ ਸਿੰਘ ਭਾਈ ਮਨੀ ਸਿੰਘ ਜੀ ਦਾ ਪੁੱਤਰ ਹੀ ਸੀ।

ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਛੱਡ ਕੇ ਸਾਬੋ ਕੀ ਤਲਵੰਡੀ ਦਮ ਦਮਾ ਸਾਹਿਬ ਪਹੁੰਚੇ, ਤਾਂ ਇੱਥੇ ਗੁਰੂ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਨ 1705-1706 ਵਿਚ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ।

ਸੰਨ 1699 ਵਿਚ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਨਾਂ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਭੇਜਿਆ।

ਸੰਨ 1734 ਵਿਚ ਭਾਈ ਮਨੀ ਸਿੰਘ ਨੇ ਲਾਹੌਰ ਦੇ ਗਵਰਨਰ ਨੂੰ ਇਕ ਬਿੰਨੇ ਪੱਤਰ ਰਾਹੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ 26 ਅਕਤੂਬਰ ਸੰਨ 1733 ਨੂੰ ਦੀਵਾਲੀ ਵਾਲੇ ਦਿਨ ਸਮਾਗਮ ਕਰਨ ਦੀ ਆਗਿਆ ਮੰਗੀ। ਸਰਕਾਰ ਨੇ ਭਾਈ ਮਨੀ ਸਿੰਘ ਜੀ ਨੂੰ ਸਮਾਗਮ ਕਰਨ ਦੀ ਆਗਿਆ ਦੇ ਦਿੱਤੀ ਅਤੇ ਨਾਲ ਹੀ ਕਹਿ ਦਿੱਤਾ, ਸਮਾਗਮ ਸਮਾਪਤ ਹੋਣ 'ਤੇ ਟੈਕਸ ਵਜੋਂ 5000 ਰੁਪਏ ਜਮਾਂ ਕਰਵਾ ਦੇਣ। ਇਹ ਸਮਾਗਮ 10 ਦਿਨ ਤੱਕ ਰਹਿਣਾ ਸੀ। ਭਾਈ ਮਨੀ ਸਿੰਘ ਜੀ ਨੇ ਸੋਚਿਆ ਕਿ ਇਹ ਰਕਮ ਸਿੱਖਾਂ ਦੀਆਂ ਭੇਟਾਵਾਂ ਵਿਚੋਂ ਭੇਟ ਕਰ ਦਿੱਤੀ ਜਾਵੇਗੀ।

ਭਾਈ ਮਨੀ ਸਿੰਘ ਨੇ ਸੰਗਤਾਂ ਨੂੰ ਆਉਣ ਦੇ ਸੱਦੇ ਪੱਤਰ ਭੇਜੇ ਤੇ ਸੰਗਤਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ। ਪਰ ਗਵਰਨਰ ਨੇ ਲੱਖਪੱਤ ਰਾਏ ਦੀ ਅਗਵਾਈ ਵਿਚ ਅੰਮ੍ਰਿਤਸਰ ਨੂੰ ਫ਼ੌਜ ਭੇਜ ਦਿੱਤੀ, ਜਿਸ ਨੇ ਰਾਮ ਤੀਰਥ ਦੇ ਅਸਥਾਨ 'ਤੇ ਆਪਣਾ ਡੇਰਾ ਲਾਉਣਾ ਸੀ ਅਤੇ ਸਿੱਖਾਂ ਦੇ ਚਲਦੇ ਸਮਾਗਮ ਵਿਚ ਅੱਤਿਆਚਾਰ ਕਰਨਾ ਸੀ। ਜਦ ਇਸ ਗੱਲ ਦੀ ਭਿਣਕ ਭਾਈ ਮਨੀ ਸਿੰਘ ਨੂੰ ਪਈ ਤਾਂ ਉਸ ਨੇ ਸਮਾਗਮ ਨੂੰ ਮੁਲਤਵੀ ਕਰ ਦਿੱਤਾ ਅਤੇ ਰਸਤੇ ਵਿਚ ਆ ਰਹੇ ਜੱਥਿਆਂ ਨੂੰ ਰੋਕ ਕੇ ਰਸਤੇ ਵਿਚੋਂ ਹੀ ਵਾਪਸ ਮੁੜ ਜਾਣ ਦੀ ਬੇਨਤੀ ਕਰ ਦਿੱਤੀ, ਜੋ ਜੱਥੇ ਪਹੁੰਚ ਗਏ ਸਨ, ਉਹ ਵੀ ਹਲਾਤਾਂ ਨੂੰ ਵੇਖ ਕੇ ਵਾਪਸ ਮੋੜ ਦਿੱਤੇ।

ਸਮਾਗਮ ਦੇ ਸਮੇਂ ਤੋਂ ਬਾਅਦ ਸਰਕਾਰ ਨੇ ਭਾਈ ਮਨੀ ਸਿੰਘ ਜੀ ਤੋਂ ਟੈਕਸ ਦੀ ਮੰਗ ਕੀਤੀ, ਤਾਂ ਸੰਗਤਾਂ ਵਲੋਂ ਭੇਟਾ ਘੱਟ ਇਕੱਠੀ ਹੋਈ ਹੋਣ ਕਰਕੇ ਭਾਈ ਮਨੀ ਸਿੰਘ ਜੀ ਨੇ ਸਰਕਾਰ ਤੋਂ ਵਿਸਾਖੀ 1734 ਤੱਕ ਦੀ ਮੁਹਲਤ ਲੈ ਲਈ ਪਰ ਸਰਕਾਰ ਨੇ ਵਿਸਾਖੀ ਨੂੰ ਵੀ ਇਕੱਠ ਨਾ ਹੋਣ ਦਿੱਤਾ। ਭਾਈ ਮਨੀ ਸਿੰਘ ਜੀ ਟੈਕਸ ਦੀ ਰਕਮ ਨਾ ਦੇ ਸਕੇ, ਉਨ੍ਹਾਂ ਸਰਕਾਰ ਨੂੰ ਕਿਹਾ, ਤੁਸੀਂ ਸੰਗਤਾਂ ਦਾ ਇਕੱਠ ਤਾਂ ਹੋਣ ਨਹੀਂ ਦਿੰਦੇ, ਅਸੀਂ ਟੈਕਸ ਕਿਥੋਂ ਦੇਈਏ।

ਇਸ ਗੱਲ 'ਤੇ ਮੁਗਲਾਂ ਦਾ ਵਜ਼ੀਰ ਲਖਪਤ ਰਾਏ ਫ਼ੌਜ ਲੈ ਕੇ ਅੰਮ੍ਰਿਤਸਰ ਆਇਆ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਭਰਾ ਜਗਤ ਸਿੰਘ ਉਨ੍ਹਾਂ ਦੇ ਪੁੱਤਰ ਚਿੱਤਰ ਸਿੰਘ ਤੇ ਗੁਰਬਖਸ਼ ਸਿੰਘ, ਉਨ੍ਹਾਂ ਦੀ ਸਿੰਘਣੀ ਬੀਬੀ ਬਸੰਤ ਕੌਰ, ਗੁਲਜਾਰ ਸਿੰਘ, ਰਣ ਸਿੰਘ, ਭੂਪਤ ਸਿੰਘ ਅਤੇ ਉੱਥੇ ਮੌਜੂਦ ਸਾਰੇ ਸਿੰਘਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਇਸ ਬਦਲੇ ਭਾਈ ਮਨੀ ਸਿੰਘ ਨੂੰ ਸਜ਼ਾ-ਏ-ਮੌਤ ਦੀ ਸਜ਼ਾ ਸੁਣਾਈ ਗਈ। ਉਨ੍ਹਾਂ ਨੂੰ ਕਿਹਾ ਜਾਂ ਤਾਂ ਮੌਤ ਕਬੂਲ ਕਰ ਲਵੋ ਜਾਂ ਇਸਲਾਮ ਧਰਮ ਕਬੂਲ ਕਰ ਲਵੋ। ਪਰ ਗੁਰੂ ਜੀ ਦੇ ਸਿਦਕਵਾਨ ਸਿੱਖ ਨੇ ਮੌਤ ਕਬੂਲ ਕਰ ਲਈ। 24 ਜੂਨ 1734 ਨੂੰ ਨਖਾਸ ਚੌਂਕ ਲਾਹੌਰ ਵਿਖੇ ਉਨ੍ਹਾਂ ਦੇ ਸਰੀਰ ਦਾ ਅੰਗ-ਅੰਗ ਕੱਟ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੇ ਸਿੰਘ ਗੁਲਜ਼ਾਰ ਸਿੰਘ ਦੀ ਪੁੱਠੀ ਖੱਲ ਲਾਹੀ ਗਈ। ਭੂਪਤ ਸਿੰਘ ਦੀਆਂ ਅੱਖਾਂ ਕੱਢ ਕੇ ਉਸ ਨੂੰ ਚਰਖੜੀ 'ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਬਾਕੀ ਸਿੰਘਾਂ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਭਾਈ ਬਲੂ ਰਾਏ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਵਿਚ ਜਰਨੈਲ ਰਹੇ ਅਤੇ ਮੁਗਲਾਂ ਨਾਲ ਲੜਦੇ-ਲੜਦੇ ਸੰਨ 1628 ਨੂੰ ਅੰਮ੍ਰਿਤਸਰ ਵਿਚ ਸ਼ਹੀਦੀ ਪਾ ਗਏ। ਭਾਈ ਮਨੀ ਸਿੰਘ ਜੀ 12 ਭਰਾ ਸਨ, ਇਨ੍ਹਾਂ ਵਿਚੋਂ 11 ਸ਼ਹੀਦ ਹੋਏ। ਭਾਈ ਮਨੀ ਸਿੰਘ ਜੀ ਦੇ 10 ਪੁੱਤਰ ਸਨ, ਉਨ੍ਹਾਂ ਵਿਚੋਂ 7 ਸ਼ਹੀਦ ਹੋਏ, ਦੂਸਰੇ ਭਰਾਵਾਂ ਦੇ ਪੋਤਿਆਂ ਸਮੇਤ ਭਾਈ ਮਨੀ ਸਿੰਘ ਜੀ ਦੇ 10 ਪੋਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇਨ੍ਹਾਂ ਦੇ ਪਰਿਵਾਰ ਦੇ 29 ਮੈਂਬਰ ਸ਼ਹੀਦ ਹੋਏ। ਗੁਰੂ ਘਰ ਵਿਚ ਇਨ੍ਹਾਂ ਦੇ ਪਰਿਵਾਰ ਦੀ ਸ਼ਹੀਦੀ ਦੀ ਮਿਸਾਲ ਹੋਰ ਕਿਤੇ ਵੀ ਨਹੀਂ ਮਿਲਦੀ।

ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਵਾਰਾ ਸ਼ਹੀਦ ਗੰਜ ਸਾਹਮਣੇ ਰੇਲਵੇ ਸਟੇਸ਼ਨ ਲਾਹੌਰ ਹੈ। ਇਸ ਮਹਾਨ ਸ਼ਹੀਦ ਦੀ ਜਗ੍ਹਾ ਦੇਸ਼ ਦੀ ਵੰਡ ਵੇਲੇ ਪਾਕਿਸਤਾਨ ਵਿਚ ਰਹਿ ਗਈ। ਇਸ ਕਰਕੇ ਅਸੀਂ ਇਸ ਜਗ੍ਹਾ 'ਤੇ ਨਤਮਸਤਕ ਹੋਣ ਤੋਂ ਵਾਂਝੇ ਹੋ ਗਏ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਹਿਜ਼ਰਤਨਾਮਾ 72: ਗ਼ਫ਼ੂਰਾਂ ਬੀਬੀ

# 'ਭਲੇ ਸਿੱਖਾਂ ਕਰਕੇ ਅਸੀਂ ਪਾਕਿਸਤਾਨੀ ਨਾ ਬਣ ਸਕੇ'

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਅਸੀਂ ਤੇਲੀ ਮੁਸਲਮਾਨ ਹੁੰਨੇ ਆਂ। ਰੌਲਿਆਂ ਵੇਲੇ ਮੈਂ ਕੋਈ 12-13 ਸਾਲ ਦੀ ਹੋਊਂ। ਮੇਰਾ ਪੇਕਾ ਪਿੰਡ ਕੰਦੋਲਾ (ਕੰਦੋਲਾ- ਫ਼ਰਾਲਾ) ਨੂਰਮਹਿਲ ਏ। ਪਾਸਲਾ, ਮੁਆਈ, ਬਿਲਗਾ ਗੁਆਂਢੀ ਪਿੰਡ ਸੁਣੀਂਦੇ। ਕਣਕ ਪਸਾਉਣ ਅਤੇ ਫੁਟਕਲ ਖ਼ਰੀਦੋ-ਫਰੋਖ਼ਤ ਲਈ ਅਕਸਰ ਬਿਲਗਾ ਹੀ ਜਾਂਦੇ। ਫੁੰਮ੍ਹਣ ਸਾਡਾ ਬਾਪ ਹੋਇਐ। 5 ਭੈਣਾਂ ਤੇ 5 ਭਾਈਆਂ ਦਾ ਵਡੇਰਾ ਪਰਿਵਾਰ ਸੀ ਸਾਡਾ। ਹੁਣ ਕੇਵਲ ਮੈਂ ਅਤੇ ਮੇਰਾ ਛੋਟਾ ਭਰਾ ਹਮੀਦ ਈ ਬਾਕੀ ਹਾਂ। ਉਹ ਭਲੇ, ਆਪਸੀ ਪਿਆਰ ਅਤੇ ਸਾਂਝਾਂ ਵਾਲੇ ਦਿਨ ਸਨ। ਕੱਚੇ ਘਰਾਂ ਅੰਦਰ-ਬਾਹਰ ਹੱਡ ਭੰਨਵੀਂ ਮਿਹਨਤ ਮਜ਼ੂਰੀ ਕਰਕੇ ਵੀ ਗ਼ੁਰਬਤ ਨਾਲ਼ ਘੁਲਣਾ ਹੀ ਜਿਨ੍ਹਾਂ ਦਾ ਦਸਤੂਰ ਹੁੰਦਾ।

ਸਕੂਲ ਅਸੀਂ ਕੋਈ ਨਾ ਗਏ। ਵੈਸੇ ਵੀ ਪਿੰਡਾਂ ਵਿਚ ਤਦੋਂ ਕੁੜੀਆਂ ਨੂੰ ਸਕੂਲ ਭੇਜਣ ਦਾ ਰਿਵਾਜ਼ ਨਹੀਂ ਸੀ। ਹਾਂ, ਅੱਬਾ ਵਲੋਂ ਘਰ ਦੇ ਨੇੜੇ ਹੀ ਇਕ ਬਗ਼ਲ ਵਿਚ ਤੇਲ ਦਾ ਕੋਹਲੂ ਅਤੇ ਰੂੰ ਪਿੰਜਣੀ ਚਲਾਈ ਜਾਂਦੀ। ਕਈ ਵਾਰ ਉਥੇ ਕੰਮ ਵਿਚ ਹੱਥ ਵਟਾ ਦਿੰਦੇ।

ਜਦ ਰੌਲੇ-ਰੱਪੇ ਪਏ, ਤਾਂ ਆਲ਼ੇ-ਦੁਆਲ਼ੇ ਮਾਰ-ਮਰੱਈਆ ਸ਼ੁਰੂ ਹੋਇਆ। ਘਰ ਗੱਲਾਂ ਹੁੰਦੀਆਂ ਕਿ ਪਾਕਿਸਤਾਨ ਬਣੇਗਾ। ਹੁਣ ਮੁਸਲਮਾਨਾਂ ਨੂੰ ਉਠਣਾ ਪੈਣਾ। ਪਿੰਡਾਂ ਵਿਚ ਪਹਿਰੇ ਲੱਗਦੇ। ਸੂਰਜ ਛਿਪੇ ਕੋਈ ਬਾਹਰ ਨਿਕਲਣ ਦਾ ਹਿਆ ਨਾ ਕਰਦਾ। ਬਿਲਗਾ ਤਕੜਾ ਜੱਟ ਸਿੱਖਾਂ ਦਾ ਪਿੰਡ ਸੀ। ਉਥੋਂ ਦੇ ਚੋਬਰਾਂ ਦਾ ਸਾਰਾ ਇਲਾਕਾ ਭੈਅ ਖਾਂਦਾ। ਬਹੁਤੇ 'ਬੋਲਿ ਸੋ ਨਿਹਾਲ' ਪਰ ਕਈ ਦਫ਼ਾ ਦੂਰ ਦੁਰਾਡਿਓਂ 'ਅੱਲ੍ਹਾ ਹੂ ਅਕਬਰ' ਦੇ ਨਾਅਰੇ ਸੁਣਨ ਨੂੰ ਮਿਲਦੇ। ਵੈਸੇ ਬਹੁਤੇ ਪਿੰਡਾਂ ਵਿਚ ਤਾਂ ਸਿੱਖ ਕਿਆਂ ਮੁਸਲਮਾਨਾਂ ਦੀ ਰੱਖਿਆ ਹੀ ਕੀਤੀ। ਲੁੱਟ-ਖੋਹ ਜਾਂ ਬਹੂ ਬੇਟੀਆਂ ਦੇ ਉਧਾਲੇ ਕਰਨ ਦੀ ਬਿਰਤੀ ਵਾਲਿਆਂ ਹੀ ਮੁਸਲਮਾਨਾਂ ਦਾ ਕਤਲੇਆਮ ਕੀਤਾ। 'ਜਿਹੀਆਂ ਕਤਲੇਆਮ ਅਤੇ ਜਬਰੀ ਉਧਾਲਿਆਂ ਦੀਆਂ ਡਰਾਉਣੀਆਂ ਖ਼ਬਰਾਂ ਅੱਬਾ ਅਕਸਰ ਘਰ ਸਾਂਝੀਆਂ ਕਰਦੇ। ਅਸੀਂ ਕੋਲ਼ ਬਹਿੰਦੇ ਤਾਂ ਸਾਨੂੰ ਦਬਕ ਕੇ ਪਰਾਂ ਕਰਦੇ।

ਸਾਡੇ ਪਿੰਡ ਮੁਸਲਮਾਨਾਂ ਦਾ ਕੇਵਲ ਸਾਡਾ ਹੀ ਘਰ ਸੀ। ਤਦੋਂ ਪਿੰਡ ਦੇ ਚੌਧਰੀ ਜਥੇਦਾਰ ਚੰਦਾ ਸਿੰਘ ਅਤੇ ਪਹਿਲਵਾਨ ਮੋਹਣ ਸਿੰਘ ਵਗੈਰਾ ਨੇ ਸਾਡੀ ਹਰ ਤਰ੍ਹਾਂ ਰੋਟੀ-ਟੁੱਕ ਅਤੇ ਨਿੱਕ-ਸੁੱਕ ਮੁਹੱਇਆ ਕਰਵਾਉਂਦਿਆਂ ਰੱਖਿਆ ਕੀਤੀ। ਜਦੋਂ ਤੱਕ ਰੌਲੇ ਠੰਢੇ ਨਾ ਪਏ, ਅਸੀਂ ਉਨ੍ਹਾਂ ਦੇ ਘਰਾਂ, ਖੂਹਾਂ ਜਾਂ ਖੇਤਾਂ ਵਿਚ ਲੁਕੇ ਰਹੇ। ਮੋਹਣ ਸਿੰਘ ਨੇ ਆਪਣੇ ਤੂੜੀ ਵਾਲੇ ਕੁੱਪ ਵਿਚ ਸਾਨੂੰ 8 ਦਿਨ ਛੁਪਾਈ ਰੱਖਿਆ।

ਮੇਰਾ ਨਿਕਾਹ 1953 ਦੇ ਕਰੀਬ ਜੰਡਿਆਲਾ ਮੰਜਕੀ (ਜਲੰਧਰ) ਦੇ ਗੁਲਜ਼ਾਰ ਮੁਹੰਮਦ ਵਲਦ ਗ਼ੁਲਾਮ ਮੁਹੰਮਦ ਨਾਲ ਹੋਇਆ, ਜੋ ਭੱਟੀ ਗੋਤੀਏ ਤੇਲੀ ਹੀ ਨੇ। ਮੇਰਾ ਸ਼ੌਹਰ ਆਪਣੇ ਛੋਟੇ ਭਰਾਵਾਂ ਸਰਦਾਰ ਮੁਹੰਮਦ ਅਤੇ ਸਦੀਕ ਨਾਲ ਮਿਲ ਕੇ ਤਦੋਂ ਪਿੰਡ ਵਿਚ ਤੇਲ ਵਾਲਾ ਕੋਹਲੂ, ਖਰਾਸ, ਰੂੰ ਪਿੰਜਣੀ ਵਗੈਰਾ ਬਲਦਾਂ ਨਾਲ ਹੀ ਚਲਾਉਂਦੇ। ਰੌਲਿਆਂ ਵੇਲੇ ਜੰਡਿਆਲਾ ਵਿਚ ਵੀ ਮੁਸਲਮਾਨ ਕਾਮਿਆਂ ਦੇ ਕੁੱਝ ਘਰ ਹੁੰਦੇ। ਪਰ ਮੇਰਾ ਸਹੁਰਾ ਪਰਿਵਾਰ ਇੱਥੇ ਹੀ ਰਿਹਾ। ਮੇਰੇ ਸਹੁਰਾ ਪਰਿਵਾਰ ਨੂੰ ਮਾਰਨ ਲਈ, ਇਨਸਾਨ ਤੋਂ ਬਣੇ ਹੈਵਾਨਾਂ ਨੇ ਬੜੀ ਜੱਦੋ-ਜਹਿਦ ਕੀਤੀ। ਪਰ ਸ਼ਾਬਾਸ਼ ਕਾਸ਼ੀਕਿਆਂ ਦੇ ਸ. ਤਰਲੋਚਨ ਸਿੰਘ ਜੌਹਲ ਦੇ ਜਿਨ੍ਹਾਂ ਆਪਣੀ ਜਾਨ 'ਤੇ ਖੇਡ ਕੇ ਮੇਰੇ ਸਹੁਰੇ ਪਰਿਵਾਰ ਨੂੰ ਬਚਾਇਆ। ਆਪਣੇ ਖੂਹ ਉਤੇ ਮਹੀਨਾ ਭਰ ਲੁਕਾਈ ਰੱਖਿਆ, ਲੰਗਰ ਪਾਣੀ ਵੀ ਢੋਇਆ। ਜ਼ਿੰਦਗੀ ਆਪਣੀ ਤੋਰੇ ਤੁਰਦੀ ਗਈ। ਜੰਡਿਆਲਾ ਮੰਜਕੀ ਦੇ ਜੌਹਲਾਂ ਨੇ, ਉਧਰ ਸਾਂਦਲ ਬਾਰ ਦੇ ਜ਼ਿਲ੍ਹਾ ਲੈਲਪੁਰ ਦੀ ਤਸੀਲ ਜੜ੍ਹਾਂਵਾਲਾ 'ਚ 99 ਚੱਕ ਵੀ ਆਬਾਦ ਕਰ ਰੱਖਿਆ ਸੀ, ਜੋ ਕਿ ਅੱਜਕਲ੍ਹ 99 ਚੱਕ ਪੱਕਾ ਜੰਡਿਆਲਾ ਵੱਜਦਾ ਐ। ਸਾਰੇ ਜੌਹਲ ਵੀ ਉਧਰੋਂ ਉੱਠ ਕੇ ਇਧਰ ਆਪਣੇ ਜੱਦੀ ਪਿੰਡ ਜੰਡਿਆਲਾ ਆ ਗਏ। ਪਿੰਡ ਦੇ ਪਿੰਡੇ 'ਤੇ ਮੁੜ ਰੌਣਕ ਪਰਤ ਆਈ। ਕਈ ਜੌਹਲਾਂ ਨੂੰ ਜ਼ਮੀਨਾਂ ਦੀਆਂ ਪੱਕੀਆਂ ਪਰਚੀਆਂ ਦੂਰ-ਦੁਰਾਡੇ ਮੁਸਲਮਾਨਾਂ ਵਲੋਂ ਖ਼ਾਲੀ ਕੀਤੇ ਪਿੰਡਾਂ ਵਿਚ ਪੈ ਗਈਆਂ। ਉਹ ਉਧਰ ਹਿਜ਼ਰਤ ਕਰ ਰਹੇ।

ਹੌਲ਼ੀ-ਹੌਲ਼ੀ ਸਭ ਕੁੱਝ ਆਮ ਵਾਂਗ ਹੋ ਗਿਆ। ਇਹੀ ਸਾਡੀ ਅਤੇ ਸਾਡੇ ਬਜ਼ੁਰਗਾਂ ਦੀ ਜੰਮਣ ਭੋਇੰ ਹੈ। ਇਥੇ ਹੀ ਅਸਾਂ ਮਰਨੈਂ। ਪਾਕਿਸਤਾਨ ਵੀ ਜੀਵੇ, ਉਥੇ ਵੀ ਸਾਡੀਆਂ ਰਿਸ਼ਤੇਦਾਰੀਆਂ ਹੈਨ। ਪਰ ਸਾਨੂੰ ਤੇ ਚੜ੍ਹਦਾ ਪੰਜਾਬ ਈ ਰਾਸ ਏ। ਇਥੇ ਸਾਨੂੰ ਗ਼ੈਰ ਮੁਸਲਮਾਨਾਂ ਵਲੋਂ ਕੋਈ ਪ੍ਰੇਸ਼ਾਨੀ ਨਹੀਂ। ਇੱਜ਼ਤ ਦਿੰਦੇ ਹਾਂ, ਤਾਂ ਇੱਜ਼ਤ ਮਿਲਦੀ ਐ। 76 ਸਾਲ ਰੌਲਿਆਂ ਨੂੰ ਗੁਜ਼ਰ ਗਏ ਪਰ ਰੌਲਿਆਂ ਉਪਰੰਤ ਇਥੇ ਅੱਜ ਤੱਕ ਸਿੱਖ-ਮੁਸਲਿਮ ਦਾ ਫਸਾਦ ਕਦੇ ਡਿੱਠਾ ਨਾ ਸੁਣਿਆ।

ਸਿਰ ਦਾ ਸਾਈਂ ਤਾਂ 2008 ਵਿਚ ਪੂਰਾ ਹੋ ਗਿਆ। ਮੇਰੀਆਂ ਤਿੰਨੇ ਬੇਟੀਆਂ ਵਿਆਹੀਆਂ ਗਈਆਂ। ਬੇਟੇ ਮੁਹੰਮਦ ਬੂਟਾ ਅਤੇ ਸਲੀਮ ਮੁਹੰਮਦ ਵੀ ਆਪਣੇ ਆਪਣੇ ਟੱਬਰਾਂ ਵਿਚ ਚੰਗੀ ਨਿਭਾਈ ਜਾਂਦੇ ਨੇ। ਹੁਣ ਮੈਂ ਆਪਣੇ ਧੀਆਂ, ਪੁੱਤਰਾਂ, ਦੋਹਤਿਆਂ, ਪੋਤਰਿਆਂ ਦੀ ਵਡ ਅਕਾਰੀ ਬਾਲ ਫੁਲਵਾੜੀ ਵਿਚ ਪੁਰ ਖ਼ਲੂਸ ਹਾਂ।

-ਆਜ ਤੋਂ ਐਸ਼ ਸੇ ਗੁਜ਼ਰਤੀ ਹੈ ਅਪਨੀ,
ਔਰ ਕੱਲ੍ਹ ਕੀ ਮੇਰੀ ਬਲਾ ਜਾਨੇ।"


ਲੇਖਕ ਸਤਵੀਰ ਸਿੰਘ ਚਾਨੀਆਂ, ਗ਼ਫ਼ੂਰਾਂ ਬੀਬੀ ਅਤੇ ਉਸ ਦੇ ਪਰਿਵਾਰ ਨਾਲ ਮੁਲਾਕਾਤ ਸਮੇਂ।

# ਜੀਵਨ ਕੀ, ਕਿਉਂ ਤੇ ਕਿਵੇਂ ...

-ਮਾਸਟਰ ਸੰਜੀਵ ਧਰਮਾਣੀ
(ਸਟੇਟ ਐਵਾਰਡੀ)
ਸ੍ਰੀ ਅਨੰਦਪੁਰ ਸਾਹਿਬ
94785-61356
(ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ )
(Punjab Mail USA)



ਅਕਸਰ ਮਨ ਵਿਚ ਖਿਆਲ ਆਉਂਦਾ ਹੈ ਕਿ ਜ਼ਿੰਦਗੀ ਕੀ ਹੈ? ਮਨ ਚਾਹੁੰਦਾ ਹੈ ਜ਼ਿੰਦਗੀ ਦੇ ਬਾਰੇ ਵਿਚ ਜਾਨਣਾ, ਇਸ ਨੂੰ ਸਮਝਣਾ। ਜ਼ਿੰਦਗੀ ਦੇ ਪ੍ਰਤੀ ਹਰ ਇੱਕ ਮਨੁੱਖ ਦਾ ਆਪੋ-ਆਪਣਾ (ਸਮੇਂ, ਸਥਿਤੀ, ਸਥਾਨ, ਸਮਝ, ਤਜ਼ਰਬੇ, ਅਨੁਭਵ, ਗਿਆਨ ਅਨੁਸਾਰ) ਨਜ਼ਰੀਆ, ਸਮਝ ਤੇ ਕਲਪਨਾ ਹੈ। ਅਹੁਦੇ, ਰੁਤਬੇ, ਗਿਆਨ, ਤਜ਼ਰਬੇ, ਅਮੀਰੀ, ਗਰੀਬੀ, ਸੋਚ ਅਨੁਸਾਰ ਹਰ ਕਿਸੇ ਲਈ ਜ਼ਿੰਦਗੀ ਦੀ ਪਰਿਭਾਸ਼ਾ, ਜ਼ਿੰਦਗੀ ਪ੍ਰਤੀ ਸਮਝ ਅਤੇ ਜ਼ਿੰਦਗੀ ਅਲੱਗ-ਅਲੱਗ ਹੈ। ਪਰ ਇਹ ਇੱਕ ਸਹੀ ਗੱਲ ਹੈ ਕਿ ਜ਼ਿੰਦਗੀ ਇੱਕ ਰੰਗਮੰਚ ਦੀ ਤਰ੍ਹਾਂ ਹੈ, ਜਿੱਥੇ ਅਸੀਂ ਸਾਰੇ ਸਮੇਂ, ਸਥਿਤੀ ਤੇ ਹਾਲਾਤਾਂ ਅਨੁਸਾਰ ਵੱਖ-ਵੱਖ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਾਂ ਅਤੇ ਦੁਨੀਆਂ ਵਿਚ ਇਸ ਰੰਗਮੰਚ 'ਤੇ ਨਿਭਾਈ ਹੋਈ ਆਪਣੀ ਭੂਮਿਕਾ ਅਨੁਸਾਰ ਉਹੋ ਜਿਹੀਆਂ ਪੈੜਾਂ ਯਾਦਾਂ, ਨਿਸ਼ਾਨ, ਚੇਤੇ, ਛੱਡ ਜਾਂਦੇ ਹਾਂ। ਚੇਤਿਆਂ ਵਿਚ ਆਸਵੰਦ, ਸਕਾਰਾਤਮਕ, ਯਥਾਰਥਵਾਦੀ ਭੂਮਿਕਾ ਵਜੋਂ ਵੱਸਣ ਲਈ ਸਾਨੂੰ ਇਸ ਰੰਗਮੰਚ 'ਤੇ ਆਪਣੀ ਭੂਮਿਕਾ ਉਸਾਰੂ, ਸੁਚਾਰੂ ਤੇ ਇਮਾਨਦਾਰੀ ਭਰੀ ਨਿਭਾ ਕੇ, ਦੂਸਰਿਆਂ ਦਾ ਭਲਾ ਕਰਕੇ, ਮਾਨਵਤਾ, ਜੀਵ-ਜੰਤੂ ਦੀ ਭਲਾਈ ਦੇ ਉਪਰਾਲੇ ਕਰਕੇ, ਲੋੜਵੰਦਾਂ ਦੀ ਸਹਾਇਤਾ ਕਰਕੇ ਅਤੇ ਨਿਮਰਤਾ ਭਰਪੂਰ ਵਿਵਹਾਰ ਅਪਣਾ ਕੇ ਜ਼ਿੰਦਗੀ ਦੇ ਰੰਗਮੰਚ 'ਤੇ ਆਪਣਾ ਕਿਰਦਾਰ ਉਸਾਰੂ, ਸੁਚਾਰੂ ਤੇ ਉਤਮ ਬਣਾਉਣਾ ਚਾਹੀਦਾ ਹੈ। ਜ਼ਿੰਦਗੀ ਦੇ ਸਕੂਲ ਵਿਚ ਅਸੀਂ ਅਨੇਕਾਂ ਜੀਵਨ ਤਜ਼ਰਬੇ, ਸਿੱਖਿਆਵਾਂ, ਗਿਆਨ ਤੇ ਅਨੁਭਵ ਹਾਸਲ ਕਰਦੇ ਹਾਂ, ਜੋ ਕਿ ਸਾਨੂੰ ਮੌਖਿਕ ਜਾਂ ਲਿਖਤੀ ਰੂਪ ਵਿਚ ਦੂਸਰਿਆਂ ਤੱਕ ਵੰਡਣਾ ਤੇ ਪਹੁੰਚਾਉਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਜੋ ਕੇ ਰੱਖਣਾ ਚਾਹੀਦਾ ਹੈ। ਜ਼ਿੰਦਗੀ ਦੇ ਰੰਗਮੰਚ ਵਿਚ ਜੇਕਰ ਅਸੀਂ ਸਹੀ ਅਤੇ ਉਸਾਰੂ ਤੇ ਵਧੀਆ ਭੂਮਿਕਾ ਨਿਭਾਵਾਂਗੇ, ਤਦ ਹੀ ਸਹੀ ਹੋ ਸਕਦਾ ਹੈ। ਪਿਛੋਕੜ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੇ ਵੀ ਜ਼ਿੰਦਗੀ ਦੇ ਰੰਗਮੰਚ ਵਿਚ ਨਕਾਰਾਤਮਕ ਭੂਮਿਕਾ ਅਦਾ ਕੀਤੀ, ਉਹ ਦੁਨੀਆਂ ਵਿਚ ਅੱਜ ਵੀ ਬੁਰਾਈ ਦੇ ਪ੍ਰਤੀਕਾਂ ਵਜੋਂ ਜਾਣੇ ਜਾਂਦੇ ਰਹੇ। ਜ਼ਿੰਦਗੀ ਦੇ ਰੰਗਮੰਚ ਵਿਚ ਉਸਾਰੂ ਅਤੇ ਉੱਤਮ ਭੂਮਿਕਾ ਨਿਭਾਉਣ ਵਾਲਿਆਂ ਨੂੰ ਦੁਨੀਆਂ ਅੱਜ ਵੀ ਯਾਦ ਕਰਦੀ ਹੈ, ਪ੍ਰਣਾਮ ਕਰਦੀ ਹੈ ਅਤੇ ਸਤਿਕਾਰ ਵਜੋਂ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਜ਼ਿੰਦਗੀ ਵਿਚ ਪਿਆਰ, ਭਾਈਚਾਰਕ ਸਾਂਝ, ਮਿਲਵਰਤਨ, ਨਿਮਰਤਾ, ਪਰਉਪਕਾਰ, ਮਾਨਵਤਾ ਅਤੇ ਜੀਵ-ਜੰਤੂ ਦੀ ਭਲਾਈ ਦੀ ਧਾਰਨਾ ਬਣਾਈ ਰੱਖਣਾ ਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਹੋ ਜਾਂਦਾ ਹੈ। ਜ਼ਿੰਦਗੀ ਦੇ ਇਸ ਰੰਗਮੰਚ ਵਿਚ ਜ਼ਿੰਦਗੀ ਤੋਂ, ਵੱਡੇ-ਵਡੇਰਿਆਂ ਤੇ ਮਹਾਂਪੁਰਸ਼ਾਂ ਦੇ ਤਜ਼ਰਬਿਆਂ ਤੋਂ ਅਤੇ ਚੰਗੀਆਂ ਪੁਸਤਕਾਂ ਤੋਂ ਸਿੱਖਦੇ ਰਹਿਣਾ ਚਾਹੀਦਾ ਹੈ। ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ, ਢੋਣਾ ਨਹੀਂ ਚਾਹੀਦਾ। ਜ਼ਿੰਦਗੀ ਦੇ ਰੰਗਮੰਚ ਦਾ ਅਨੰਦ ਕੇਵਲ ਤੇ ਕੇਵਲ ਸਾਦਗੀ ਦਾ ਗੁਣ ਧਾਰਨ ਕਰਕੇ ਹੀ ਮਾਣਿਆ ਜਾ ਸਕਦਾ ਹੈ; ਕਿਉਂਕਿ ਸਾਦਗੀ ਸਕੂਨ ਦਾ ਆਧਾਰ ਬਣਦੀ ਹੈ। ਪਰਾਏ ਧਨ, ਪਰਾਈ ਵਾਸਤੂ, ਪਰਾਏ ਤਨ ਦੀ ਲਾਲਸਾ ਤੇ ਪ੍ਰਾਪਤੀ ਦੀ ਚਾਹਤ ਜ਼ਿੰਦਗੀ ਨੂੰ ਨਰਕ/ਦੁਸ਼ਵਾਰ ਬਣਾ ਦਿੰਦੀ ਹੈ। ਅਜਿਹੀ ਚਾਹਤ ਜ਼ਿੰਦਗੀ ਵਿਚੋਂ ਖ਼ੁਸ਼ੀਆਂ-ਖੇੜੇ, ਆਨੰਦ ਖੋਹ ਲੈਂਦੀ ਹੈ ਤੇ ਜ਼ਿੰਦਗੀ ਦਾ ਰੰਗਮੰਚ ਬੇਰੰਗ ਬਣ ਜਾਂਦਾ ਹੈ। ਈਰਖਾ, ਲੋਭ, ਦਿਖਾਵਾ, ਬਿਨਾਂ ਮਿਹਨਤ ਧਨ ਪ੍ਰਾਪਤੀ ਦੀ ਲਾਲਸਾ ਅਤੇ ਨਾ ਖ਼ਤਮ ਹੋਣ ਵਾਲੀਆਂ ਇੱਛਾਵਾਂ ਮਨੁੱਖ ਦੀ ਜ਼ਿੰਦਗੀ ਨੂੰ ਅਤੇ ਜ਼ਿੰਦਗੀ ਦੇ ਇਸ ਰੰਗਮੰਚ ਨੂੰ ਬਦਰੰਗ, ਖੋਖਲਾ ਤੇ ਅਸ਼ਾਂਤ ਕਰ ਦਿੰਦੇ ਹਨ। ਇਸ ਲਈ ਜ਼ਿੰਦਗੀ ਦੇ ਇਸ ਰੰਗਮੰਚ ਦਾ ਭਰਪੂਰ ਆਨੰਦ ਲੈਣ ਲਈ ਸਾਦਗੀ, ਇਮਾਨਦਾਰੀ, ਪਰਉਪਕਾਰ ਦੀ ਭਾਵਨਾ ਅਤੇ ਕਰਮਸ਼ੀਲਤਾ ਵਰਗੇ ਮਹਾਨ ਗੁਣਾਂ ਦੇ ਧਾਰਨੀ ਬਣਨਾ ਸਹੀ ਹੋ ਸਕਦਾ ਹੈ, ਤਾਂ ਜੋ ਜ਼ਿੰਦਗੀ ਅਤੇ ਜ਼ਿੰਦਗੀ ਦਾ ਰੰਗਮੰਚ ਸੱਚਮੁੱਚ ਰੰਗਾਂ, ਖ਼ੁਸ਼ੀਆਂ, ਖੇੜਿਆਂ, ਸ਼ਾਂਤੀ, ਸਕੂਨ ਤੇ ਆਨੰਦ ਦਾ ਮੰਚ ਬਣ ਜਾਵੇ।



# ਸ਼ਸਤਰ, ਸ਼ਾਸਤਰ ਅਤੇ ਗਤਕੇ ਦੀ ਯੁੱਧ ਕਲਾ ਦਾ ਮਹਾਤਮ

-ਦਿਲਜੀਤ ਸਿੰਘ ਬੇਦੀ
(Punjab Mail USA)





ਸਿੱਖ ਇਤਿਹਾਸ ਵਿਚ ਗਤਕੇ ਜਾਂ ਯੁੱਧ-ਕਲਾ ਦੀ ਝਲਕ ਬਾਬਾ ਬੁੱਢਾ ਜੀ ਦੇ ਜੀਵਨ ਕਾਲ ਤੋਂ ਮਿਲਦੀ ਹੈ, ਜਿਨ੍ਹਾਂ ਨੇ 'ਅਕਾਲੀ ਸੈਨਾ' ਜਾਂ 'ਬੁੱਢਾ ਦਲ' ਨਾਂ ਦੇ ਫੌਜੀ ਜੱਥੇ ਨੂੰ ਆਪਣੀ ਨਿਗਰਾਨੀ ਵਿਚ ਸਿਖਲਾਈ ਕਰਾਈ। ਉਨ੍ਹਾਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਸ਼ਸਤਰ ਕਲਾ ਦਾ ਜੰਗੀ ਅਭਿਆਸ ਕਰਵਾਉਣ ਬਾਰੇ ਅਨੇਕਾਂ ਕਹਾਣੀਆਂ ਅੱਜ ਵੀ ਸੁਣਨ ਨੂੰ ਮਿਲਦੀਆਂ ਹਨ। ਸ੍ਰੀ ਤਿਆਗ ਮੱਲ ਜੀ ਦੀ ਸ਼ਸਤਰ ਕਲਾ ਵੇਖ ਕੇ ਹੀ ਗੁਰੂ ਪਿਤਾ ਨੇ ਉਨ੍ਹਾਂ ਦਾ ਨਾਂ ਬਦਲ ਕੇ ਤੇਗ ਦੇ ਧਨੀ 'ਤੇਗ਼ ਬਹਾਦਰ' ਰੱਖ ਦਿੱਤਾ ਸੀ। ਗੋਬਿੰਦ ਸਿੰਘ ਜੀ ਨੇ ਤਾਂ ਸਿੱਖ ਪੰਥ ਨੂੰ ਤਲਵਾਰ ਦਾ ਧਨੀ ਬਣਾ ਕੇ ਖਾਲਸਾ ਪੰਥ ਨੂੰ ਜਲਾਲੀ ਰੂਪ ਦਿੱਤਾ।

ਇਹ ਗਤਕਾ ਜੰਗਜੂ ਕਲਾ 'ਹਮਲਾ ਅਤੇ ਹਮਲੇ ਦੇ ਬਚਾਓ' ਦੇ ਸਿਧਾਂਤ ਉਪਰ ਆਧਾਰਿਤ ਹੈ, ਜਿਸ ਦਾ ਮੁੱਖ ਕਾਰਜ ਮਨ ਦੀ ਇਕਾਗਰਤਾ ਹੈ, ਜੋ ਆਤਮਿਕ ਅਤੇ ਸਰੀਰਕ ਬਲ ਨੂੰ ਸੰਜੋ ਕੇ ਵਿਰੋਧੀ ਧਿਰ ਉੱਤੇ ਜਿੱਤ ਪ੍ਰਾਪਤ ਕਰਨ ਦਾ ਸਾਧਨ ਹੈ। ਇਸ ਦੀਆਂ ਮੁੱਢਲੀਆਂ ਤਕਨੀਕਾਂ ਦੇ ਦਾਉ-ਪੇਚ ਥੋੜੇ ਬਹੁਤ ਅੰਤਰ ਨਾਲ ਲਗਭਗ ਇੱਕੋ ਜਿਹੇ ਹਨ। ਇਨ੍ਹਾਂ ਦਾਉ-ਪੇਚਾਂ ਦੇ ਉਸਤਾਦ ਆਪਣੇ ਅਖਾੜਿਆਂ ਵਿਚ ਆਪਣੇ ਚੇਲਿਆਂ ਨੂੰ ਬੜੇ ਸਹਿਜ ਨਾਲ ਇਸ ਦੇ ਗੁਰ ਸਿਖਾਉਂਦੇ ਹਨ। ਹਰ ਅਖਾੜੇ ਦੀਆਂ ਆਪਣੀਆਂ ਕੁਝ ਗੁੱਝੀਆਂ ਤਕਨੀਕਾਂ ਹੁੰਦੀਆਂ ਹਨ, ਜੋ ਅਖਾੜੇ ਵਿਚ ਹੀ ਸਾਂਝੀਆਂ ਕੀਤੀਆਂ ਜਾਂਦੀਆਂ ਹਨ। 'ਗਤਕਾ' ਸੋਟੀ, ਡਾਂਗ, ਕਿਰਪਾਨ, ਢਾਲ, ਮਲੱਠੀ ਆਦਿ ਮੁੱਢਲੇ ਸ਼ਸਤਰਾਂ ਨਾਲ ਖੇਡਿਆ ਜਾਂਦਾ ਹੈ। ਇਸ ਤੋਂ ਇਲਾਵਾ ਹੇਠ ਲਿਖੇ ਸ਼ਸਤਰ ਵੀ ਵਰਤੇ ਜਾਂਦੇ ਹਨ:- ਬਰਛਾ, ਡਾਂਗ ਦੇ ਸਿਰੇ ਉੱਤੇ ਲੋਹੇ ਦਾ ਨੁਕੀਲਾ ਫਲ ਲੱਗਾ ਹੁੰਦਾ ਹੈ। ਚੱਕਰ, ਪੰਜ ਤੋਂ ਬਾਰ੍ਹਾਂ ਇੰਚ ਦੇ ਘੇਰੇ ਦਾ ਲੋਹੇ ਦਾ ਚੱਕਰ ਜੋ ਆਮ ਤੌਰ 'ਤੇ ਦੁਮਾਲੇ ਵਿਚ ਸਜਾਇਆ ਜਾਂਦਾ ਹੈ। ਇਸ ਦਾ ਇਸਤੇਮਾਲ ਉਂਗਲੀ ਅਤੇ ਅੰਗੂਠੇ ਦੇ ਜ਼ੋਰ ਨਾਲ ਕੀਤਾ ਜਾਂਦਾ ਹੈ ਅਤੇ ਦੂਰੋਂ ਚਲਾ ਕੇ ਦੁਸ਼ਮਣ ਦੀ ਧੌਣ ਵੱਢੀ ਜਾਂਦੀ ਹੈ। ਢਾਲ, ਇਹ ਲੋਹੇ ਜਾਂ ਹੋਰ ਕਈ ਮਜ਼ਬੂਤ ਧਾਤੂਆਂ ਨਾਲ ਮਿਲ ਕੇ ਬਣੀ ਹੁੰਦੀ ਹੈ, ਜੋ 8 ਤੋਂ 24 ਇੰਚ ਦੇ ਘੇਰੇ ਵਾਲੀ ਹੁੰਦੀ ਹੈ। ਅੰਦਰਲੇ ਪਾਸੇ ਇਸ ਨੂੰ ਚੰਗੀ ਤਰ੍ਹਾਂ ਫੜ੍ਹਨ ਲਈ 'ਹੱਥਾ' ਬਣਿਆ ਹੁੰਦਾ ਹੈ। ਗੁਰਜ, ਸਿਰੇ ਉੱਤੇ ਵੱਡੇ ਗੋਲੇ ਦੇ ਆਕਾਰ ਵਾਲਾ ਇਹ ਸ਼ਸਤਰ ਦੂਜੇ ਪਾਸਿਓਂ ਮੁੱਠ ਫੜ੍ਹ ਕੇ ਚਲਾਇਆ ਜਾਂਦਾ ਹੈ ਤੇ ਦੁਸ਼ਮਣ ਦੇ ਸਿਰ ਭੰਨਣ ਦੇ ਕੰਮ ਆਉਂਦਾ ਹੈ। ਕਟਾਰ, ਇਹ ਦੁਧਾਰੇ ਖੰਜਰ ਵਰਗਾ ਹੁੰਦਾ ਹੈ, ਜੋ ਸੰਜੋਅ ਨੂੰ ਵਿੰਨਣ ਦੇ ਕੰਮ ਆਉਂਦਾ ਹੈ, ਹੱਥੇ ਦੇ ਦੋਵੇਂ ਪਾਸੇ ਬਚਾਅ ਲਈ ਧਾਤ ਦੇ ਵਾਧੇ ਲੱਗੇ ਹੁੰਦੇ ਹਨ। ਖੰਡਾ, ਇਹ ਸ਼ੁੱਧ ਭਾਰਤੀ ਹਥਿਆਰ ਹੈ, ਜੋ ਦੋਵੇਂ ਪਾਸੇ ਤਲਵਾਰ ਵਰਗੀ ਧਾਰ ਰੱਖਦਾ ਹੈ, ਇਸ ਦਾ ਫਲ ਲੰਮਾ ਅਤੇ ਚੌੜਾ ਹੁੰਦਾ ਹੈ। ਤੀਰ-ਕਮਾਨ, ਇਹ ਸਭ ਤੋਂ ਸ਼ਕਤੀਸ਼ਾਲੀ ਅਸਤਰ ਹੈ। ਕਮਾਨ ਲੋਹੇ ਅਤੇ ਬੈਂਤ ਦੀਆ ਤਹਿਆਂ ਨਾਲ ਬਣਿਆ ਹੁੰਦਾ ਹੈ। ਤੀਰ ਸਰਕੰਡੇ ਦੇ ਹੁੰਦੇ ਹਨ ਅਤੇ ਸਿਰੇ 'ਤੇ ਲੋਹੇ ਦਾ ਛੋਟਾ ਫਲ ਲੱਗਿਆ ਹੁੰਦਾ ਹੈ। ਨਾਗਣੀ ਬਰਛਾ, ਡਾਂਗ ਦੇ ਸਿਰੇ ਉੱਤੇ ਲੋਹੇ ਦਾ ਲੰਮਾ ਨੁਕੀਲਾ ਫਲ ਲੱਗਾ ਹੁੰਦਾ ਹੈ, ਜਿਸ ਦੀ ਬਣਤਰ ਸੱਪ ਵਾਂਗ ਵਲਦਾਰ ਹੁੰਦੀ ਹੈ। ਭਾਈ ਬਚਿੱਤਰ ਸਿੰਘ ਜੀ ਨੇ ਇਸੇ ਤਰ੍ਹਾਂ ਦੇ ਬਰਛੇ ਨਾਲ ਆਨੰਦਪੁਰ ਸਾਹਿਬ ਦੀ ਜੰਗ ਵਿਚ ਇਕੱਲੇ ਹੀ ਮੁਕਾਬਲਾ ਕਰਕੇ ਮਸਤ ਹਾਥੀ ਨੂੰ ਮਾਰ ਭਜਾਇਆ ਸੀ। ਕਰੋੜਾ, ਲੋਹੇ ਦੀ ਛੋਟੀ ਲੱਠ ਨਾਲ ਜੰਜ਼ੀਰਾਂ ਰਾਹੀਂ ਦੋ ਜਾਂ ਦੋ ਤੋਂ ਵੱਧ ਧਾਤ ਦੇ ਗੋਲੇ ਬੰਨ੍ਹੇ ਜਾਂਦੇ ਹਨ। ਇਸ ਨੂੰ ਚਲਾ ਕੇ ਦੁਸ਼ਮਣ ਨੂੰ ਦੂਰ ਰੱਖਿਆ ਜਾਂਦਾ ਹੈ। ਬਘਨਖਾ, ਬਾਘ ਕੇ ਨਹੁੰਆਂ ਵਰਗਾ ਕੰਡੇਦਾਰ ਪੰਜਾ ਜੋ ਹੱਥ ਵਿਚ ਪਾਇਆ ਜਾਂਦਾ ਹੈ। ਇਸ ਦਾ ਪ੍ਰਯੋਗ ਦਸਤੀ ਲੜਾਈ ਸਮੇਂ ਕੀਤਾ ਜਾਂਦਾ ਹੈ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪਾਸ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਇਤਿਹਾਸਕ ਸ਼ਸਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਾਤਰੇ ਦੀ ਕਟਾਰ ਸ਼ਿਕਾਰਗਾਹ ਹੈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਿਰਪਾਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗਾਤਰੇ ਦੀਆਂ ਸਕੇਲਾਂ ਸੁਨਹਿਰੀ ਦੋ ਕਿਰਪਾਨਾਂ ਬਰਛਾ, ਫੌਲਾਦੀ ਕਰੋਲ, ਜਿਸ ਦਾ ਮੁੱਠਾ ਹਾਥੀ ਦੇ ਦੰਦ ਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗਾਤਰੇ ਦੀ ਫੌਲਾਦੀ ਸੁਨਹਿਰੀ ਢਾਲ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਗੁਰਜ, ਜੋ ਮਾਤਾ ਸੁੰਦਰੀ ਜੀ ਨੇ ਬਖਸ਼ਿਸ਼ ਕੀਤੀ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਤੇਗਾ, ਸ੍ਰੀ ਸਾਹਿਬ ਅਤੇ ਤੀਰ ਕਮਾਨ ਜੋ ਦਸਮ ਪਾਤਸ਼ਾਹ ਨੇ ਬਖਸ਼ਿਸ਼ ਕੀਤਾ। ਬੁੱਢਾ ਦਲ ਦੇ ਛੇਵੇਂ ਮੁਖੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦਾ ਤੇਗਾ ਅਤੇ ਬਰਛਾ, ਜਥੇਦਾਰ ਬਾਬਾ ਬਿਨੋਦ ਸਿੰਘ ਜੀ ਬੁੱਢਾ ਦਲ ਦੇ ਪਹਿਲੇ ਜਥੇਦਾਰ ਦਾ ਬਰਛਾ, ਜਥੇਦਾਰ ਨਵਾਬ ਕਪੂਰ ਸਿੰਘ ਦਾ ਫੌਲਾਦੀ ਸ੍ਰੀ ਸਾਹਿਬ ਅਤੇ ਇਤਿਹਾਸਕ ਨਗਾਰਾ ਜਿਸ ਦੀ ਅਗਵਾਈ ਵਿਚ ਜ਼ੁਰਮ ਦਾ ਟਾਕਰਾ ਕਰਨ ਵਾਸਤੇ ਇਸੇ ਨਗਾਰੇ ਦੀ ਤਾਬਿਆ ਖਾਲਸਾ ਪੰਥ ਨੇ 19 ਵਾਰ ਦਿੱਲੀ ਫਤਹ ਕੀਤੀ ਸੀ।

ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਖਾਲਸੇ ਨੂੰ ਸੰਤ ਗੁਣ ਅਤੇ ਸਿਪਾਹੀ ਗੁਣ ਦੋਵੇਂ ਹੀ ਬਖਸ਼ੇ ਹਨ, ਸੰਤ ਗੁਣ ਦੀ ਪ੍ਰਾਪਤੀ ਵਾਸਤੇ ਸ਼ਾਸਤਰ ਦਾ ਖਜ਼ਾਨਾ ਬਖਸ਼ਿਆ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਸ੍ਰੀ ਸਰਬਲੋਹ ਗ੍ਰੰਥ ਸਾਹਿਬ ਦੀ ਬਾਣੀ ਦਾ ਅਨਮੋਲ ਬਖਸ਼ਿਆ ਪਰ ਸੰਤ ਗੁਣ ਦੀ ਰਾਖੀ ਵਾਸਤੇ ਸਤਿਗੁਰਾਂ ਨੇ ਸ਼ਸਤਰ ਵੀ ਬਖਸ਼ੇ। ਜੇ ਸ਼ਸਤਰ ਨਾ ਹੋਣ ਤਾਂ ਪ੍ਰਤੱਖ ਹੈ ਸ਼ਾਸਤਰਾਂ ਦੀ ਸਾਂਭ-ਸੰਭਾਲ ਤੇ ਰਾਖੀ ਨਹੀਂ ਹੋ ਸਕਦੀ, ਧਰਮ ਦੀ ਹੋਂਦ ਨੂੰ ਵੀ ਖਤਰਾ ਹੋ ਜਾਂਦਾ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਕੇ ਸਿੱਖਾਂ ਨੂੰ ਸ਼ਸਤਰ ਸਰੀਰ 'ਤੇ ਪਹਿਨਣ ਦਾ ਹੁਕਮ ਕੀਤਾ ਅਤੇ ਆਪ ਦੋ ਤਲਵਾਰਾਂ ਇਕ ਮੀਰੀ ਦੀ ਅਤੇ ਇਕ ਪੀਰੀ ਦੀ ਧਾਰਨ ਕੀਤੀਆਂ। ਪਰ ਹਦਾਇਤ ਕੀਤੀ ਕਿ ਮੀਰੀ ਦੀ ਤਲਵਾਰ ਕਦੇ ਪੀਰੀ ਦੀ ਤਲਵਾਰ 'ਤੇ ਭਾਰੂ ਨਾ ਹੋਵੇ, ਜੇ ਸ਼ਸਤਰ ਪਕੜਨ ਵਾਲਾ ਧਰਮੀ ਹੈ, ਤਾਂ ਜ਼ੁਲਮ ਨੂੰ ਠੱਲ੍ਹ ਪਾ ਦੇਵੇਗਾ। ਜੇ ਉਹ ਅਧਰਮੀ ਹੈ, ਤਾਂ ਜ਼ੁਲਮ ਵਧਾਏਗਾ। ਸੋ ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ ਕਿ "ਜਬ ਹਮਰੇ ਦਰਸ਼ਨ ਕੋ ਆਵਹੁ ਬਨ ਸੁਚੇਤ ਤਨ ਸ਼ਸਤਰ ਸਜਾਵੈ॥" ਖਾਲਸਾ ਨੇ ਜਦ ਮੇਰੇ ਦਰਸ਼ਨਾਂ ਵਾਸਤੇ ਆਉਣਾ, ਤਾਂ ਤਨ 'ਤੇ ਸ਼ਸਤਰ ਸਜਾ ਕੇ ਆਉਣਾ, ਤਾਂ ਹੀ ਗੁਰੂ ਦੀ ਖੁਸ਼ੀ ਪ੍ਰਾਪਤ ਹੋਵੇਗੀ। ਕਿਉਂਕਿ ਸਤਿਗੁਰੂ ਜੀ ਦਾ ਬਚਨ ਹੈ "ਬਿਨਾ ਸ਼ਸਤਰ ਕੇਸੰ ਨਰੰ ਭੇਡ ਜਾਨੋ॥ ਗਹੇ ਕਾਨ ਤਾਕੋ ਕਿਤੇ ਲੈ ਸਿਧਾਨੋ॥" ਸ਼ਸਤਰਾਂ ਤੋਂ ਬਿਨਾਂ ਇਨਸਾਨ ਭੇਡ ਬੱਕਰੀ ਦੀ ਨਿਆਈ ਹੈ। ਗੁਰੂ ਕੇ ਸਿੱਖ ਨੇ ਰੋਜ਼ਾਨਾ ਸ਼ਸਤਰ ਵਿਦਿਆ ਦਾ ਅਭਿਆਸ ਕਰਨਾ ਹੈ ਅਤੇ ਸ਼ਸਤਰਾਂ ਨੂੰ ਪੀਰ ਜਾਣ ਕੇ ਸਤਿਕਾਰ ਕਰਨਾ ਹੈ। ਅੱਜ ਵੀ ਸ਼ਸਤਰਾਂ ਦੀ ਪੂਜਾ ਕੀਤੀ ਜਾਂਦੀ ਹੈ। ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਪੁਰਾਤਨ ਮਰਿਆਦਾ ਨੂੰ ਅੱਜ ਵੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਅਤੇ ਤਰਨਾ ਦਲਾਂ ਤੇ ਹੋਰ ਸਭ ਨਿਹੰਗ ਸਿੰਘਾਂ ਨੇ ਸੀਨੇ ਬਸੀਨੇ ਸਾਂਭਿਆ ਹੈ।

ਨਿਹੰਗ ਸਿੰਘਾਂ ਦੇ ਦਲ ਪੰਥ ਵਿਚ ਸ਼ਸਤਰ ਵਿਦਿਆ ਦੀ ਸਿਖਲਾਈ ਦਿੱਤੀ ਜਾਂਦੀ ਹੈ। ਅੱਜ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇ: ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਮੁੱਖੀ ਬੁੱਢਾ ਦਲ ਪੰਜਵਾਂ ਤਖਤ ਆਪਣੇ ਵੱਡ ਵਡੇਰਿਆਂ ਬਜ਼ੁਰਗਾਂ ਦੇ ਕੀਤੇ ਕਾਰਜਾਂ ਨੂੰ ਮੁੜ ਸੰਗਤਾਂ ਤੱਕ ਪਹੁੰਚਾ ਕਰ ਪੰਥ ਦੇ ਪ੍ਰਚਾਰ ਪਾਸਾਰ ਲਈ ਬਹੁਤ ਸੋਹਣਾ ਉਪਰਾਲਾ ਕਰ ਰਹੇ ਹਨ। ਇਸੇ ਮਨਸ਼ਾ ਤਹਿਤ ਉਨ੍ਹਾਂ ਵੱਲੋਂ ਵਿਦੇਸ਼ਾਂ ਵਿਚ ਗੁਰਦੁਆਰਾ ਸਾਹਿਬਾਨ ਸਥਾਪਤ ਕਰਕੇ ਛਾਉਣੀਆਂ ਬਣਾਈਆਂ ਗਈਆਂ ਹਨ। ਜਿੱਥੇ ਬਾਣੀ ਦੀ ਸੰਥਿਆ ਦਿੱਤੀ ਜਾਂਦੀ ਹੈ, ਉੱਥੇ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਵੀ ਰੋਜ਼ਾਨਾ ਕਰਵਾਇਆ ਜਾਂਦਾ ਹੈ।

"ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ॥"

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸਿੰਘ ਸਜਾਇਆ, ਤਾਂ ਸਭ ਤੋਂ ਪਹਿਲੇ ਇਹ ਹਦਾਇਤ ਕੀਤੀ ਕਿ ਹਰ ਸਿੰਘ, ਸ਼ਸਤਰਧਾਰੀ ਹੋਵੇ। ਸ਼ਸਤਰਾਂ ਨਾਲ ਹੀ ਸਵੈ-ਰੱਖਿਆ ਕੀਤੀ ਜਾ ਸਕਦੀ ਹੈ ਤੇ ਸ਼ਸਤਰਾਂ ਦੀ ਸ਼ਕਤੀ ਆਸਰੇ ਹੀ ਦੁਸ਼ਟ ਦੋਖੀਆਂ ਤੋਂ ਆਮ ਪਰਜਾ ਨੂੰ ਬਚਾਇਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਚੰਗੀ ਤਰ੍ਹਾਂ ਅਨੁਭਵ ਕਰਾ ਦਿੱਤਾ ਸੀ ਕਿ ਜਿੰਨਾ ਚਿਰ ਸਾਰੇ ਸ਼ਸਤਰਧਾਰੀ ਨਹੀਂ ਬਣਦੇ, ਉਤਨਾ ਚਿਰ ਵਿਦੇਸ਼ੀ ਜਰਵਾਨਿਆਂ ਨੂੰ ਇਥੋਂ ਕੱਢਿਆ ਨਹੀਂ ਜਾ ਸਕਦਾ। ਇਸੇ ਕਰਕੇ ਉਨ੍ਹਾਂ ਆਪਣੇ ਸਿੱਖਾਂ ਨੂੰ ਵਾਰ-ਵਾਰ ਹਦਾਇਤ ਕੀਤੀ ਕਿ ਚੰਗੇ ਸ਼ਸਤਰ ਧਾਰਨ ਕਰੋ ਤੇ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਵੋ, ਇਹੋ ਆਜ਼ਾਦੀ ਦੀ ਕੁੰਜੀ ਹੈ:-

'ਤਬ ਇਮ ਭਨਯੋ ਗਰੀਬ ਨਿਵਾਜ਼
ਸ਼ਸਤ੍ਰਨ ਕੇ ਅਧੀਨ ਹੈ ਰਾਜ।
ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ।
ਬਿਨਾ ਤੇਗ ਤੀਰੰ ਰਹੋ ਨਾਹਿ ਭਾਈ।
ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੇ ਕਾਨ ਤਾ ਕੋ, ਕਿਤੈ ਲੈ ਸਿਧਾਨੋ।
ਇਹੋ ਮੋਰ ਆਗਯਾ ਸੁਨੋ ਲੇ ਪਿਆਰੇ।
ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ।'
**(ਗੁਰ ਬਿਲਾਸ-ਭਾਈ ਸੁਖਾ ਸਿੰਘ)**

'ਜਬ ਹਮਰੇ ਦਰਸ਼ਨ ਆਵਹੁ।
ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।'
**(ਗੁਰ ਪ੍ਰਤਾਪ ਸੂਰਜ, ਰੁਤ ੩, ਅਧਿਆਇ ੨੩)**

ਰਹਿਤਨਾਮਿਆਂ ਵਿਚ ਵੀ ਸ਼ਸਤਰਧਾਰੀ ਹੋਣ ਬਾਰੇ ਵਾਰ-ਵਾਰ ਤਾਕੀਦ ਕੀਤੀ ਮਿਲਦੀ ਹੈ:-

'ਕੱਛ ਕ੍ਰਿਪਾਨ ਨ ਕਬਹੂੰ ਤਿਆਗੈ
ਸਨਮੁਖ ਲਰੈ ਨ ਰਣ ਤੇ ਭਾਗੈ।
ਸ਼ਸਤਰ ਹੀਨ ਨ ਕਬਹੂੰ ਹੋਈ
ਰਹਿਤ-ਵੰਤ ਖ਼ਾਲਸਾ ਸੋਈ।'
**(ਰਹਿਤਨਾਮਾ ਭਾਈ ਦੇਸਾ ਸਿੰਘ)**

'ਖ਼ਾਲਸਾ ਸੋ ਜੋ ਚੜਹਿ ਤੁਰੰਗ
ਖ਼ਾਲਸਾ ਸੋ ਜੋ ਕਰਹਿ ਨਿਤ ਜੰਗ।
ਖ਼ਾਲਸਾ ਸੋ ਸ਼ਸਤ ਕਉ ਧਾਰੈ
ਖ਼ਾਲਸਾ ਸੋ ਦੁਸ਼ਟ ਕਉ ਮਾਰੇ।'
**(ਤਨਖਾਹਨਾਮਾ ਭਾਈ ਨੰਦ ਲਾਲ)**

ਸੋ ਖ਼ਾਲਸੇ ਲਈ ਸ਼ਸਤਰ ਵਿਦਿਆ ਵਿਚ ਨਿਪੁੰਨ ਹੋਣਾ ਬੜਾ ਹੀ ਜ਼ਰੂਰੀ ਹੈ। ਪੁਰਾਤਨ ਸਿੰਘ ਤੇਗ ਚਲਾਉਣ ਅਤੇ ਤੀਰ ਅੰਦਾਜ਼ੀ ਸਿਖਣ ਲਈ ਕੋਈ ਵਿਦਿਆ-ਗੁਰੂ ਧਾਰ ਕੇ ਬਾਕਾਇਦਾ ਸਿਖਲਾਈ ਲੈਂਦੇ ਸਨ, ਤਾਂ ਕਿਤੇ ਤੀਰ ਚਲਾਉਣ ਦੀ ਜਾਚ ਆਉਂਦੀ ਸੀ। ਇਸੇ ਤਰ੍ਹਾਂ ਬੰਦੂਕ ਚਲਾਉਣਾ ਸਿੱਖਣ ਲਈ ਵੀ ਚੰਗੀ ਮਿਹਨਤ ਕਰਨੀ ਪੈਂਦੀ ਸੀ। ਬਰਛੀ, ਸੇਲਾ, ਨੇਜਾ ਤੇ ਕਟਾਰ ਵਗੈਰਾ ਚਲਾਉਣ ਦਾ ਵੱਖ-ਵੱਖ ਤਰ੍ਹਾਂ ਦਾ ਹੁਨਰ ਸੀ ਤੇ ਚੰਗੇ ਸੂਰਮੇ ਹਰ ਸ਼ਸਤਰ ਚਲਾਉਣ ਦੀ ਵਿਦਿਆ ਸਿੱਖਦੇ ਸਨ। ਅਠਾਰ੍ਹਵੀਂ ਸਦੀ ਦੇ ਸੰਕਟਾਂ ਭਰੇ ਹਾਲਾਤ ਨੇ ਸਾਰੀ ਸਿੱਖ ਕੌਮ ਨੂੰ ਜੋਧਿਆਂ ਦੀ ਕੌਮ ਬਣਾ ਦਿੱਤਾ ਤੇ ਖ਼ਾਲਸੇ ਦਾ ਬੱਚਾ-ਬੱਚਾ ਸ਼ਸਤਰ ਵਿਦਿਆ ਵਿਚ ਤਾਕ ਹੋ ਗਿਆ ਤੇ ਇਹੋ ਵਿਦਿਆ ਸਿੰਘਾਂ ਵਿਚ ਸੀਨੇ-ਬਸੀਨੇ ਚਲੀ ਆਉਂਦੀ ਰਹੀ ਹੈ। ਖ਼ਾਸ ਕਰਕੇ ਢਾਲ, ਤਲਵਾਰ ਤੇ ਤੀਰ ਵਿਦਿਆ ਦੀ ਵਧੇਰੇ ਮਹਾਨਤਾ ਸੀ। ਅੱਜਕੱਲ੍ਹ ਆਮ ਸਿੱਖ ਇਸ ਵਿਦਿਆ ਤੋਂ ਜਾਣੂੰ ਨਹੀਂ, ਕੇਵਲ ਨਿਹੰਗ ਸਿੰਘਾਂ ਦੇ ਦਲਾਂ ਵਿਚ ਕੁਝ ਐਸੇ ਪੁਰਾਤਨ ਸਿੰਘ ਹਨ, ਜੋ ਇਸ ਵਿਦਿਆ ਤੋਂ ਜਾਣੂੰ ਹਨ।

# ਮਾਂ

-ਖ਼ਲੀਲ ਜਿਬਰਾਨ
ਅਨੁਵਾਦ: ਪ੍ਰੋ.ਫੈਸਰ ਬਸੰਤ ਸਿੰਘ ਬਰਾੜ
'305, ਮਾਡਲ ਟਾਊਨੀ ਫੇਜ਼-1 ਬਠਿੰਡਾ
ਫੋਨ: 98149-41214
(Punjab Mail USA)





ਮਨੁੱਖਤਾ ਦੇ ਬੁੱਲ੍ਹਾਂ ਉੱਤੇ ਸਭ ਤੋਂ ਸੁੰਦਰ ਸ਼ਬਦ 'ਮਾਂ' ਹੈ ਅਤੇ ਸਭ ਤੋਂ ਸੁੰਦਰ ਆਵਾਜ਼ ਹੈ 'ਮੇਰੀ ਮਾਂ'। ਇਹ ਸ਼ਬਦ ਉਮੀਦ ਅਤੇ ਪਿਆਰ ਨਾਲ ਭਰਪੂਰ ਹੈ, ਇਕ ਮਧੁਰ ਅਤੇ ਦਿਆਲੂ ਸ਼ਬਦ ਜੋ ਦਿਲ ਦੀਆਂ ਗਹਿਰਾਈਆਂ 'ਚੋਂ ਨਿਕਲਦਾ ਹੈ। ਮਾਂ ਸਭ ਕੁਝ ਹੁੰਦੀ ਹੈ— ਉਹ ਦੁੱਖ ਵਿਚ ਸਾਡੇ ਲਈ ਢਾਰਸ, ਕਸ਼ਟ ਵਿਚ ਸਾਡੇ ਲਈ ਆਸ਼ਾ ਅਤੇ ਨਿਰਬਲਤਾ ਵਿਚ ਸਾਡੀ ਤਾਕਤ। ਉਹ ਸਨੇਹ, ਦਇਆ, ਹਮਦਰਦੀ ਅਤੇ ਖਿਮਾ ਦਾ ਸੋਮਾ ਹੁੰਦੀ ਹੈ। ਜੋ ਵਿਅਕਤੀ ਆਪਣੀ ਮਾਂ ਖੋ ਦਿੰਦਾ ਹੈ, ਉਹ ਇਕ ਪਵਿੱਤਰ ਆਤਮਾ ਖੋ ਦਿੰਦਾ ਹੈ, ਜੋ ਉਸ ਨੂੰ ਨਿਰੰਤਰ ਆਸ਼ੀਰਵਾਦ ਦਿੰਦੀ ਹੈ ਅਤੇ ਉਸ ਦੀ ਰਖਵਾਲੀ ਕਰਦੀ ਹੈ।

ਕੁਦਰਤ ਵਿਚ ਹਰ ਚੀਜ਼ ਮਾਂ ਦੀ ਸਾਖੀ ਹੈ। ਸੂਰਜ ਧਰਤੀ ਦੀ ਮਾਂ ਹੈ ਅਤੇ ਇਸ ਨੂੰ ਤਪਸ਼ ਦੀ ਪੌਸ਼ਟਿਕਤਾ ਪ੍ਰਦਾਨ ਕਰਦਾ ਹੈ। ਰਾਤ ਨੂੰ ਇਹ ਤਦ ਤੱਕ ਅਲੋਪ ਨਹੀਂ ਹੁੰਦਾ, ਜਦ ਤੱਕ ਇਹ ਧਰਤੀ ਨੂੰ ਸਮੁੰਦਰ ਦੇ ਗੀਤਾਂ ਅਤੇ ਪੰਛੀਆਂ ਅਤੇ ਨਦੀ ਨਾਲ਼ਿਆਂ ਦੇ ਭਜਨਾਂ ਨਾਲ ਨੀਂਦ ਨਹੀਂ ਦਿਵਾ ਦਿੰਦਾ। ਧਰਤੀ ਰੁੱਖਾਂ ਅਤੇ ਫੁੱਲਾਂ ਦੀ ਮਾਂ ਹੈ। ਇਹ ਉਨ੍ਹਾਂ ਨੂੰ ਪੈਦਾ ਕਰਦੀ ਹੈ, ਪਾਲਣ-ਪੋਸ਼ਣ ਕਰਦੀ ਹੈ ਅਤੇ ਆਤਮ-ਨਿਰਭਰ ਕਰ ਦਿੰਦੀ ਹੈ। ਰੁੱਖ ਅਤੇ ਫੁੱਲ ਆਪਣੇ ਵਧੀਆ ਫਲ਼ਾਂ ਅਤੇ ਬੀਜਾਂ ਦੀ ਦਿਆਲੂ ਮਾਂ ਬਣ ਜਾਂਦੇ ਹਨ। ਸਾਰੀ ਹੋਂਦ ਦਾ ਮੂਲ ਰੂਪ, ਮਾਂ ਇਕ ਸਦੀਵੀ ਰੂਹ ਹੈ, ਜੋ ਸੁੰਦਰਤਾ ਅਤੇ ਪਿਆਰ ਨਾਲ ਭਰਪੂਰ ਹੈ।

# ਗੁਰਸਿੱਖ ਦੀ ਭਗਤੀ ਦਾ ਸਿਧਾਂਤ - ਜੋ ਤਿਸੁ ਭਾਵੈ ਸੁ ਆਰਤੀ ਹੋਇ



ਡਾ. ਸਤਿੰਦਰ ਪਾਲ ਸਿੰਘ
ਲਖਨਊ
akaalpurkh.7@gmail.com
(Punjab Mail USA)


ਧਰਮ ਮੰਡਲ ਅੰਦਰ ਭਗਤੀ ਦਾ ਸਰਲ ਤੇ ਸਹਿਜ ਅਰਥ ਹੈ ਉਹ ਵਿਧੀ ਜਾਂ ਜੁਗਤ, ਜਿਸ ਨੂੰ ਵਰਤ ਕੇ ਪ੍ਰਮਾਤਮਾ ਦੀ ਕਿਰਪਾ ਪ੍ਰਾਪਤ ਕੀਤੀ ਜਾ ਸਕੇ। ਇਸ ਮਨੋਰਥ ਦੀ ਪੂਰਤੀ ਲਈ ਹਰ ਧਰਮ ਦੀਆਂ ਆਪਣੀਆਂ ਸਥਾਪਤ ਮਾਨਤਾਵਾਂ ਤੇ ਪ੍ਰੰਪਰਾਵਾਂ ਹਨ, ਜਿਨ੍ਹਾਂ ’ਤੇ ਉਨ੍ਹਾਂ ਧਰਮਾਂ ਦੇ ਅਨੁਆਈ ਵਿਸ਼ਵਾਸ ਰੱਖਦੇ ਹਨ। ਜਿਸ ਵਿਧੀ ਨੂੰ ਵਰਤਨ ’ਤੇ ਆਸ ਪੂਰੀ ਹੋ ਜਾਏ, ਉਹ ਪ੍ਰਮਾਤਮਾ ਤੱਕ ਪੁੱਜਣ ਦੀ ਰਾਹ ਬਣ ਜਾਂਦੀ ਹੈ। ਸਿੱਖ ਧਰਮ ਦੀ ਇਸ ਸਬੰਧ ’ਚ ਦ੍ਰਿਸ਼ਟੀ ਨਿਵੇਕਲੀ ਤੇ ਭਿੰਨ ਹੈ। ਗੁਰਸਿੱਖ ਜਾਣਦਾ ਹੈ ਕਿ ਪ੍ਰਮਾਤਮਾ ਨੂੰ ਕੀ ਸਵੀਕਾਰ ਹੈ। ਉਹ ਪ੍ਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਉਸ ਦੇ ਭਾਉਂਦੇ ਕਰਮ ਕਰਦਾ ਹੈ। ਗੁਰਸਿੱਖ ਦਾ ਵਿਸ਼ਵਾਸ ਪ੍ਰਮਾਤਮਾ ਦੇ ਨਿਰਗੁਣ ਸਵਰੂਪ ਵਿਚ ਹੈ, ਜਿਸ ਦਾ ਕੋਈ ਰੂਪ ਨਹੀਂ, ਰੇਖ ਨਹੀਂ, ਰੰਗ ਨਹੀਂ, ਉਸ ਦੀ ਹੋਂਦ ਦੀ ਕਲਪਨਾ ਹੀ ਕਠਿਨ ਹੈ। ਗੁਰਬਾਣੀ ਗੁਰਸਿੱਖ ਨੂੰ ਨਿਰਾਕਾਰ ਪ੍ਰਮਾਤਮਾ ਦੇ ਅੰਤਰ ਘਟ ਵਿਚ ਵੱਸ ਰਹੇ ਰੂਪ ਦੇ ਦਰਸ਼ਨ ਕਰਾਉਂਦੀ ਹੈ ਤੇ ਸ੍ਰਿਸ਼ਟੀ ਦੇ ਘਟ-ਘਟ ਵਿਚ ਵਿਦਮਾਨ ਵਿਆਪਕਤਾ ਨਾਲ ਜੋੜਦੀ ਹੈ। ਸਾਰੀ ਕਾਇਨਾਤ ਹੀ ਪ੍ਰਮਾਤਮਾ ਦੇ ਹੁਕਮ ਅੰਦਰ ਵਰਤ ਰਹੀ ਹੈ “ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ”। ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਸਿਰਜੀ ਹੈ। ਪ੍ਰਮਾਤਮਾ ਹੀ ਸਾਰੀਆਂ ਨੂੰ ਜੀਵਨ ਜਿਊਣ ਦੀ ਜਾਚ ਤੇ ਸਮਰੱਥਾ ਦੇ ਰਿਹਾ ਹੈ। ਪ੍ਰਮਾਤਮਾ ਦੇ ਹੁਕਮ ਅੰਦਰ ਰਹਿਣਾ ਹੀ ਉਸ ਦੀ ਭਗਤੀ ਹੈ। ਜੀਵਨ ਦੀ ਸਾਰਥਕਤਾ ਪ੍ਰਮਾਤਮਾ ਦਾ ਹੁਕਮ ਪਛਾਣ ਕੇ ਉਸ ਦੀ ਬਣਾਈ ਮਰਿਆਦਾ ਅੰਦਰ ਜਿਊਣ ਵਿਚ ਹੈ। ਇਹੋ ਭਗਤੀ ਹੈ “ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ”। ਗੁਰਬਾਣੀ ਦਾ ਉਪਦੇਸ਼ ਪ੍ਰਮਾਤਮਾ ਦਾ ਅਨੁਸਾਰੀ ਬਣਨ ਦਾ ਹੈ। ਪ੍ਰਮਾਤਮਾ ਤੋਂ ਗੁਣ ਪ੍ਰਾਪਤ ਕਰ ਆਪਣੇ ਜੀਵਨ ਅੰਦਰ ਧਾਰਨ ਕਰਨ ਦਾ ਹੈ। ਇਸ ਨੂੰ ਕੁਚੱਜੀ ਤੋਂ ਸੁਚੱਜੀ ਤੇ ਸੁਚੱਜੀ ਤੋਂ ਗੁਣਵੰਤੀ ਬਣਨ ਦਾ ਅਭਿਆਸ ਵੀ ਕਿਹਾ ਗਿਆ ਹੈ। ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਹਰ ਰਚਨਾ ਨੂੰ ਉਸ ਦੇ ਆਕਾਰ, ਸੁਭਾਅ ਮੁਤਾਬਿਕ ਗੁਣ ਬਖਸ਼ੇ ਹਨ। ਮਨੁੱਖ ਦੇ ਗੁਣ ਮਾਇਆ, ਵਿਕਾਰਾਂ ਦੇ ਜਾਲ ਵਿਚ ਫਸ ਕੇ ਪ੍ਰਾਨ ਹੀਨ ਹੋ ਜਾਂਦੇ ਹਨ। ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਲਈ ਗੁਰਬਾਣੀ ਨੇ ਕੁਦਰਤ ਤੋਂ ਵੀ ਹਵਾਲੇ ਲੈ ਕੇ ਗੁਰਸਿੱਖ ਨੂੰ ਪ੍ਰੇਰਿਆ। ਗੁਰੂ ਨਾਨਕ ਸਾਹਿਬ ਦਾ ਉਚਾਰਿਆ ਅਕਾਲ ਪੁਰਖ ਦੀ ਆਰਤੀ ਦਾ ਸ਼ਬਦ ਇਸ ਸੰਦਰਭ ਵਿਚ ਬੰਦ ਮਨ ਦੇ ਸਾਰੇ ਕਪਾਟ ਖੋਲਣ ਵਾਲਾ ਹੈ। ਪੁਰਾਤਨ ਕਾਲ ਤੋਂ ਹੀ ਆਰਤੀ ਸਨਾਤਨ ਸੱਭਿਅਤਾ ਵਿਚ ਭਗਤੀ ਦਾ ਖ਼ਾਸ ਅੰਗ ਰਹੀ ਹੈ। ਗੁਰੂ ਨਾਨਕ ਸਾਹਿਬ ਨੇ ਇਸ ਨੂੰ ਮਨ ਦੀ ਆਰਤੀ ਨਾਲ ਜੋੜ ਕੁਦਰਤ ਤੋਂ ਸੇਧ ਲੈਣ ਦਾ ਉਪਦੇਸ਼ ਦਿੱਤਾ।

ਗੁਰੂ ਨਾਨਕ ਸਾਹਿਬ ਨੇ ਪਹਿਲੀ ਮਿਸਾਲ ਆਕਾਸ਼ ਦੀ ਦਿੱਤੀ। ਆਕਾਸ਼ ਪੂਰੀ ਧਰਤੀ ਦੀ ਛੱਤ ਦੀ ਤਰਹ ਹੈ। ਇਹ ਉਚਾਈ ਦੀ ਹੱਦ ਹੈ। ਪਰ ਇਸ ਨੂੰ ਆਪਣੇ ਛੱਤ ਹੋਣ ’ਤੇ, ਉਚਾਈ ਦਾ ਸ਼ਿਖਰ ਹੋਣ ’ਤੇ ਮਾਣ ਨਹੀਂ ਹੈ। ਆਕਾਸ਼ ਪ੍ਰਮਾਤਮਾ ਦੀ ਸ਼ਰਧਾ ਤੇ ਪ੍ਰੀਤ ਵਿਚ ਨਿਮਰਤਾ ਧਾਰਨ ਕਰ ਥਾਲੀ ਜਿਹੀ ਹਲੀਮੀ ਧਾਰਨ ਕਰ ਲੈਂਦਾ ਹੈ ਤੇ ਆਪਣੇ ਸਿਰਜਕ ਪ੍ਰਮਾਤਮਾ ਅੱਗੇ ਨਤਮਸਤਕ ਹੋ ਜਾਂਦਾ ਹੈ। ਛੱਤ ਬਣ ਕੇ ਸਾਰੀ ਸ੍ਰਿਸ਼ਟੀ ਉੱਪਰ ਥਾਂ ਬਣਾਉਣ ਵਾਲਾ ਆਪ ਭਾਵਨਾ



ਦੀ ਥਾਂ ਬਣ ਜਾਂਦਾ ਹੈ। ਵਿਰਲੇ ਹੀ ਮਨੁੱਖ ਮਿਲਦੇ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਭਰਪੂਰ ਵਡਿਆਈਆਂ ਬਖ਼ਸ਼ਦਾ ਹੈ। ਉਨ੍ਹਾਂ ਦੇ ਛਤਰ ਝੁੱਲਦੇ ਹਨ, ਸਿੱਕੇ ਚੱਲਦੇ ਹਨ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਇਸ ਵਡਿਆਈ ਦਾ ਕੋਈ ਲਾਭ ਨਹੀ “ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ”। ਗੁਰਸਿੱਖ ਆਪਣੀ ਸਮਰਥਾ, ਬਲ ਦੀ ਵਰਤੋਂ ਆਪਣੇ ਨਿੱਜੀ ਸੁਆਰਥਾਂ ਲਈ ਨਹੀਂ, ਨਿਮਾਣਾ ਹੋ ਕੇ ਪ੍ਰਮਾਤਮਾ ਦੀ ਭਗਤੀ ਤੇ ਪਰੋਪਕਾਰ ਲਈ ਕਰਦਾ ਹੈ। ਉਹ ਲੋਕਾਂ ਨੂੰ ਪ੍ਰਮਾਤਮਾ ਨਾਲ ਜੋੜਨ ਦੇ ਜਤਨ ਕਰਦਾ ਹੈ। ਗੁਰੂ ਸਾਹਿਬ ਨੇ ਦੂਜੀ ਮਿਸਾਲ ਸੂਰਜ ਤੇ ਚੰਦਰਮਾ ਦੀ ਦਿੱਤੀ। ਦੋਵੇ ਹੀ ਸੰਸਾਰ ਅੰਦਰ ਰੋਸ਼ਨੀ ਦੇ ਮੂਲ ਤੇ ਮੁੱਖ ਸਰੋਤ ਹਨ। ਇਨ੍ਹਾਂ ਨਾਲ ਹੀ ਇਸ ਵਿਸ਼ਾਲ ਸੰਸਾਰ ਅੰਦਰ ਚਾਨਣ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਸੂਰਜ ਤੇ ਚੰਦਰਮਾ ਦੋਵੇਂ ਆਪਣੇ ਚਾਨਣ ਨੂੰ ਪ੍ਰਮਾਤਮਾ ਦੀ ਰਾਹ ਰੋਸ਼ਨ ਕਰਨ ਲਈ ਵਰਤਦੇ ਹਨ। ਇਸ ਲਈ ਉਹ ਆਪਣੀ ਵਿਸ਼ਾਲਤਾ ਤਿਆਗ ਕੇ ਦੀਵੇ ਬਣ ਜਾਂਦੇ ਹਨ। ਗੁਰਬਾਣੀ ਨੇ ਗਿਆਨ ਨੂੰ ਪ੍ਰਕਾਸ਼ ਕਿਹਾ ਹੈ। ਗੁਰਬਾਣੀ ਹੀ ਗਿਆਨ ਦਾ ਸੂਰਜ ਹੈ “ਗੁਰਬਾਣੀ ਇਸੁ ਜਗ ਮਹਿ ਚਾਨਣੁ”। ਗੁਰਸਿੱਖ ਨੂੰ ਗੁਰ ਸ਼ਬਦ ਦਾ ਗਿਆਨ ਹੋ ਜਾਵੇ, ਤਾਂ ਉਹ ਇਸ ਗਿਆਨ ਨਾਲ ਆਪਣੇ ਤੇ ਹੋਰਨਾਂ ਦੇ ਜੀਵਨ ਦਾ ਮਾਰਗ ਰੋਸ਼ਨ ਕਰਦਾ ਹੈ, ਤਾਂ ਜੋ ਸੱਚ ਤੇ ਕੂੜ ਦੀ ਪਛਾਣ ਕਰ ਸੱਚ ਦੇ ਮਾਰਗ ’ਤੇ ਚੱਲ ਸਕੇ। ਦੀਵੇ ਦੀ ਤਰ੍ਹਾਂ ਗਿਆਨ ਨਾਲ ਉਹ ਆਪਣਾ ਅੰਤਰ ਵੀ ਰੋਸ਼ਨ ਕਰਦਾ ਹੈ ਤੇ ਸੰਸਾਰ ਅੰਦਰ ਵੀ ਰੋਸ਼ਨੀ ਵੰਡਦਾ ਹੈ। ਇਸ ਨੂੰ ਗੁਰਸਿੱਖ “ਆਪਿ ਜਪਹੁ ਅਵਰਾ ਨਾਮੁ ਜਪਾਵਹੁ” ਦੇ ਗੁਰੂ ਅਰਜਨ ਸਾਹਿਬ ਦੇ ਹੁਕਮ ਨਾਲ ਜੋੜ ਕੇ ਵੀ ਦੇਖਦਾ ਹੈ ਤੇ ਅਮਲ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ ਤੀਜੀ ਮਿਸਾਲ ਆਕਾਸ਼ ਦੀ ਸ਼ੋਭਾ ਵਧਾਉਣ ਵਾਲੇ ਤਾਰਿਆਂ ਦੀ ਦਿੱਤੀ। ਆਪ ਨੇ ਕਿਹਾ ਕਿ ਤਾਰੇ ਪ੍ਰਮਾਤਮਾ ਦੀ ਆਰਤੀ ਦੀ ਥਾਲੀ ਵਿਚ ਮੋਤੀਆਂ ਵਾਂਗੂੰ ਸੱਜ ਗਏ ਹਨ। ਸਹਿਜ, ਸੰਤੋਖ, ਸੰਜਮ, ਪ੍ਰੇਮ, ਸੇਵਾ, ਦਇਆ, ਸਮਰਪਣ ਜਿਹੇ ਗੁਣ ਕਿਸੇ ਵੀ ਮਨੁੱਖ ਨੂੰ ਸਤਿਕਾਰ, ਸਨਮਾਨ ਦਾ ਪਾਤਰ ਬਣਾਉਂਦੇ ਹਨ। ਇਨ੍ਹਾਂ ਗੁਣਾਂ ਦਾ ਧਾਰਣੀ ਗੁਰਸਿੱਖ ਆਪਣੇ ਗੁਣ ਸਤਿਕਾਰ, ਪ੍ਰਸ਼ੰਸਾ ਪ੍ਰਾਪਤ ਕਰਨ ਲਈ ਨਹੀਂ, ਪ੍ਰਮਾਤਮਾ ਦੀ ਭਗਤੀ ਲਈ, ਸੁਚੱਜੇ ਕਰਮ ਕਰਨ ਲਈ ਵਰਤਦਾ ਤੇ ਸਾਰਥਕ ਸਮਝਦਾ ਹੈ। ਗੁਣ ਉਸ ਅੰਦਰ ਨਿਮਰਤਾ ਲਿਆਉਂਦੇ ਹਨ, ਹੰਕਾਰ ਦਾ ਕਾਰਣ ਨਹੀਂ ਬਣਦੇ। ਗੁਰੂ ਸਾਹਿਬ ਨੇ ਅਗਲੀ ਚਰਚਾ ਮਲਯਗਿਰੀ ਚੰਦਨ ਤੇ ਪਵਨ ਦੀ ਕੀਤੀ। ਮਲਯਗਿਰੀ ਚੰਦਨ ਦੇ ਬਿਰਖ ਦੱਖਣ ਵਿਚ ਮਿਲਦੇ ਹਨ। ਗੁਰੂ ਸਾਹਿਬ ਨੇ ਮਲਯਗਿਰੀ ਚੰਦਨ ਦੇ ਜੰਗਲਾਂ ਨੂੰ ਪ੍ਰਮਾਤਮਾ ਦੀ ਆਰਤੀ ਦੀ ਥਾਲੀ ਦੀ ਧੂਪ ਬੱਤੀ ਦੇ ਰੂਪ ’ਚ ਵੇਖਿਆ। ਆਪ ਨੇ ਪਵਨ ਨੂੰ ਚੰਵਰ ਕਿਹਾ। ਪਵਨ ਸਾਰੇ ਸੰਸਾਰ ਨੂੰ ਜੀਵਨ ਦੇ ਰਹੀ ਹੈ। ਪਵਨ ਬਿਨਾ ਜੀਵਨ ਸੰਭਵ ਨਹੀਂ ਹੈ। ਪਵਨ ਆਪਣੀ ਮਹੱਤਤਾ ’ਤੇ ਮਾਣ ਨਹੀਂ ਕਰਦੀ ਤੇ ਆਪਣੀ ਸਮਰੱਥਾ ਨੂੰ ਪ੍ਰਮਾਤਮਾ ਦੀ ਉਸਤਤ ਵਿਚ ਵਰਤਦੀ ਹੈ। ਪਵਨ ਜਦੋਂ ਚੰਦਨ ਦੇ ਬਿਰਖਾਂ ਤੋਂ ਹੋ ਕੇ ਗੁਜ਼ਰਦੀ ਹੈ, ਤਾਂ ਚੰਦਨ ਦੀ ਸੁਗੰਧ ਆਪਣੇ ਵਿਚ ਸਮੋ ਲੈਂਦੀ ਹੈ। ਇਸ ਤਰ੍ਹਾਂ ਸੁਗੰਧਿਤ ਹੋ ਕੇ ਪਵਨ ਪ੍ਰਮਾਤਮਾ ਤੱਕ ਪੁੱਜਦੀ ਹੈ ਤੇ ਚੰਵਰ ਬਣ ਜਾਂਦੀ ਹੈ। ਸੁਗੰਧ ਭਾਵਨਾ ਹੈ “ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ”। ਚੰਵਰ ਸੇਵਾ ਦਾ ਪ੍ਰਤੀਕ ਹੈ “ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ”। ਪ੍ਰਮਾਤਮਾ ਦੀ ਭਗਤੀ ਵਿਚ ਭਾਵਨਾ ਦੀ ਸੁਗੰਧ ਤੇ ਚੰਵਰ ਦੀ ਸੇਵਾ ਬਿਰਤੀ ਹੋਣੀ ਚਾਹੀਦੀ ਹੈ। ਪਵਨ ਸਾਰੇ ਸੰਸਾਰ ਦੇ ਜੀਵਨ ਦੀ ਮੁੱਢਲੀ ਲੋੜ ਹੈ ਪਰ ਉਸ ਦੀ ਲੋੜ ਪ੍ਰਮਾਤਮਾ ਦੀ ਕਿਰਪਾ ਹੈ। ਚੰਦਨ ਦੇ ਬਿਰਖ ਆਪਣੀ ਖ਼ਾਸ ਸੁਗੰਧ ਕਾਰਣ ਬੇਸ਼ਕੀਮਤੀ ਹਨ ਪਰ ਉਹ ਆਪਣੀ ਸੁਗੰਧ ਖੁੱਲ੍ਹੇ ਮਨ ਨਾਲ ਪਵਨ ਨੂੰ ਸੌਂਪਦੇ ਜਾ ਰਹੇ ਹਨ ਕਿਉਂਕਿ ਪਵਨ ਅੰਦਰ ਪ੍ਰਮਾਤਮਾ ਲਈ ਸਮਰਪਣ ਹੈ। ਉਵੇਂ ਤਾਂ ਚੰਦਨ ਆਪਣੇ ਨਿਕਟ ਆਉਣ ਵਾਲਿਆਂ ਨੂੰ ਹੀ ਸੁਗੰਧ ਵੰਡਦਾ ਹੈ ਪਰ ਪਵਨ ਲਈ ਸੁਗੰਧ ਦੇ ਭੰਡਾਰ ਖੋਲ੍ਹ ਦਿੱਤੇ ਹਨ ਕਿ ਸੁਗੰਧ ਦੂਰ ਤੱਕ ਪੁੱਜ ਸਕੇ। ਗੁਰਸਿੱਖ ਸੁਗੰਧ ਵੰਡਣ ਵਾਲਾ ਚੰਦਨ ਦਾ ਬਿਰਖ ਤੇ ਚੰਵਰ ਕਰਨ ਵਾਲੀ ਪਵਨ ਬਣਦਾ ਹੈ। ਆਰਤੀ ਦੀ ਥਾਲੀ ਫੁੱਲਾਂ ਤੋਂ ਬਿਨਾ ਪੂਰੀ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ ਕਿ ਧਰਤੀ ’ਤੇ ਉੱਗੇ ਹੋਏ ਸਾਰੇ ਫੁੱਲ ਪ੍ਰਮਾਤਮਾ ਅੱਗੇ ਅਰਪਣ ਹਨ। ਇਸ ਤੋਂ ਘੱਟ ਆਰਤੀ ਦੀ ਸ਼ੋਭਾ ਨਹੀਂ ਬਣਦੀ। ਫੁੱਲ ਗੁਰਸਿੱਖ ਦੇ ਮਨ ਅੰਦਰ ਪ੍ਰਮਾਤਮਾ ਦੀ ਪ੍ਰੀਤ ਵਾਂਗੂੰ ਖਿੱਲਦੇ ਹਨ “ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥ ਚਰਨ ਕਮਲ ਪਾਗੇ ॥” ਮਨ ਦਾ ਵਿਗਾਸ ਪ੍ਰਮਾਤਮਾ ਦੀ ਭਗਤੀ ਲਈ ਹੋਵੇ। ਭਗਤੀ ਕੋਈ ਬੰਧਨ ਜਾਂ ਸੁਆਰਥ ਨਹੀਂ ਹੈ। ਭਗਤੀ ਮਨ ਅੰਦਰ ਵਿਗਸ ਪੈਦਾ ਕਰਨ ਵਾਲੀ ਹੋਵੇ “ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ”। ਜਿਸ ਭਗਤੀ ਵਿਚ ਆਨੰਦ ਨਾ ਪ੍ਰਾਪਤ ਹੋਵੇ, ਉਹ ਭਗਤੀ ਨਹੀਂ। ਜੋ ਆਨੰਦ ਦੀ ਅਵਸਥਾ ਵਿਚ ਨਾ ਕੀਤੀ ਜਾਵੇ, ਉਹ ਭਗਤੀ ਨਹੀਂ। ਜਿਵੇਂ ਖਿਲੇ ਹੋਏ ਫੁੱਲ ਸਾਰੀ ਧਰਤੀ ’ਤੇ ਪ੍ਰਫੁੱਲਤਾ ਲਿਆਉਂਦੇ ਹਨ, ਮਨ ਵੀ ਇਵੇਂ ਹੀ ਖੇੜੇ ਵਿਚ ਰਹੇ। ਗੁਰੂ ਸਾਹਿਬ ਨੇ ਕਿਹਾ ਕਿ ਇਸ ਤਰ੍ਹਾਂ ਕੀਤੀ ਗਈ ਭਗਤੀ ਅੰਤਰ ਆਤਮਾ ਨੂੰ ਤਰੰਗਿਤ ਕਰਦੀ ਹੈ। ਅਨਹਤ ਨਾਦ ਵੱਜਣ ਲੱਗਦਾ ਹੈ।

ਪ੍ਰਮਾਤਮਾ ਨੇ ਮਨੁੱਖ ਨੂੰ ਜੋ ਕੁਝ ਵੀ ਬਖਸ਼ਿਆ ਹੈ, ਬਲ, ਬੁੱਧੀ, ਦੌਲਤ, ਸੱਤਾ, ਗਿਆਨ, ਰੂਪ, ਕੁਲ, ਮਾਨ-ਸਨਮਾਨ, ਸੰਸਾਧਨ ਆਦਿਕ, ਇਨ੍ਹਾਂ ਸਾਰੀਆਂ ਦਾਤਾਂ, ਵਡਿਆਈਆਂ ਦਾ ਇੱਕੋ ਮਨੋਰਥ ਹੈ, ਜੀਵਨ ਨੂੰ ਪ੍ਰਮਾਤਮਾ, ਸੱਚ ਦੇ ਮਾਰਗ ਦੇ ਚੱਲ ਕੇ ਸਕਾਰਥ ਕਰਨਾ। ਗੁਣ, ਵਡਿਆਈਆਂ ਪ੍ਰਮਾਤਮਾ ਦੀ ਭਗਤੀ ਸ੍ਰੇਸ਼ਟ ਢੰਗ ਨਾਲ ਕਰਨ ਜੋਗ ਬਣਾਉਣ ਲਈ ਹਨ। ਗੁਰਸਿੱਖ ਹੰਕਾਰ ਤਿਆਗ ਆਪਣੇ ਜੀਵਨ ਨੂੰ ਆਰਤੀ ਦਾ ਥਾਲ ਬਣਾਵੇ, ਉਸ ਵਿਚ ਮਾਣ, ਤਿਆਗ, ਗਿਆਨ ਦੇ ਦੀਵੇ ਬਾਲੇ। ਉਸ ਥਾਲੀ ਨੂੰ ਵਿਕਾਰਾਂ ਤੋਂ ਉਦਾਸ ਹੋ ਆਪਣੇ ਗੁਣਾਂ ਦੇ ਮੋਤਿਆਂ ਨਾਲ ਸਜਾਏ। ਸਾਰੇ ਭਰਮ ਤਿਆਗ ਆਪਣੀਆਂ ਭਾਵਨਾਵਾਂ ਨਾਲ ਭਗਤੀ ਵਿਚ ਰੰਗ ਭਰੇ ਤੇ ਵਿਗਾਸ ਦੀ ਅਵਸਥਾ ਦਾ ਸਿਰਜਨ ਕਰੇ। ਇਹ ਭਗਤੀ ਪ੍ਰਮਾਤਮਾ ਨੂੰ ਭਾਉਂਦੀ ਹੈ। ਇਹ ਮਨ ਦੀ ਅਵਸਥਾ ਹੈ। ਗੁਰਸਿੱਖ ਦਾ ਮਨ ਵਾਹਿਗੁਰੂ ਦੀ ਕਿਰਪਾ ਨਾਲ ਵਿਕਾਰਾਂ ਤੋਂ ਉਬਰ ਕੇ ਨਿਮਰਤਾ ਵਿਚ ਆ ਜਾਂਦਾ ਹੈ। ਸਾਰੀ ਸ੍ਰਿਸ਼ਟੀ ਨਿਮਰਤਾ ਵਿਚ ਹੈ, ਤਾਂ ਹੀ ਟਿਕੀ ਹੋਈ ਹੈ। ਨਿਮਰਤਾ ਆਕਾਸ਼, ਸੂਰਜ, ਚੰਦਰਮਾ, ਤਾਰਿਆਂ, ਪਵਨ, ਪਰਬਤਾਂ, ਬਨਸਪਤੀਆਂ ਦੀ ਅਸਲੀ ਤਾਕਤ ਹੈ। ਇਹ ਗੁਰਸਿੱਖ ਦੀ ਵੀ ਤਾਕਤ ਬਣਦੀ ਹੈ “ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥” ਗੁਰਸਿੱਖ ਮਨ ਨੂੰ ਨੀਵਾਂ ਕਰ ਕੇ ਹੀ ਮਤਿ ਉੱਚੀ ਕਰਦਾ ਹੈ। ਇਸ ਲਈ ਉਹ ਨਿਤ ਅਰਦਾਸ ਵੀ ਕਰਦਾ ਹੈ। ਗੁਰਸਿੱਖ ਦੇ ਪ੍ਰਮਾਤਮਾ ਦੀ ਭਗਤੀ ਜੋਗ ਬਣਨ ਦੀ ਇਹ ਖਰੀ ਕਸੌਟੀ ਹੈ। ਸਿੱਖ ਧਰਮ ਅੰਦਰ ਖਤਰਨਾਕ ਢੰਗ ਨਾਲ ਵੱਧ ਰਹੇ ਪਾਖੰਡਵਾਦ ਤੇ ਬਿਪਰਵਾਦ ਨੂੰ ਠੱਲ੍ਹ ਪਾਉਣ ਦਾ ਇਹੋ ਕਾਰਗਰ ਅਸਤ੍ਰ ਵੀ ਹੈ।

## ‘ਯਾਦ ਰੱਖਣ ਯੋਗ ਗੱਲਾਂ’


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਦਿਮਾਗ ਅਤੇ ਹਿੰਮਤ ਆਪੋ ਆਪਣੀ ਹੁੰਦੀ ਹੈ। ਵੈਸੇ ਅਰਜਨ ਅਤੇ ਦੁਰਯੋਧਨ ਦਾ ਗੁਰੂ ਇੱਕੋ ਹੀ ਸੀ।
- ਕਾਗਜ਼ ਦੀਆਂ ਬੇੜੀਆਂ ਮਨਪ੍ਰਚਾਵੇ ਦਾ ਸਾਧਨ ਹੁੰਦੀਆਂ ਹਨ, ਇਨ੍ਹਾਂ ’ਤੇ ਸਫਰ ਨਹੀਂ ਕਰ ਸਕਦੇ। ਇਸੇ ਤਰ੍ਹਾਂ ਝੂਠੇ ਲਾਰੇ ਵੋਟਾਂ ਬਟੋਰ ਸਕਦੇ ਹਨ, ਦੇਸ਼ ਨਹੀਂ ਚਲਾ ਸਕਦੇ।
- ਕਿਸੇ ਰਾਜੇ ਨੇ ਆਪਣੇ ਦੇਸ਼ ਦੀ ਬੇੜੀ ਡੁੱਬਦੀ-ਡੁੱਬਦੀ ਕੰਢੇ ਲਾ ਦਿੱਤੀ, ਉਸ ਤੋਂ ਬਾਅਦ ਵਾਲਾ ਰਾਜਾ ਫਿਰ ਵੀ ਉਸ ’ਤੇ ਤੰਜ ਕੱਸੇ। ਪਹਿਲੇ ਰਾਜੇ ਨੇ ਨਿਮਰਤਾ ਨਾਲ ਕਿਹਾ (ਜਿਨ ਹਾਲਾਤੋਂ ਸੇ ਮੈਂ ਗੁਜ਼ਰਾ ਹੂੰ ਅਗਰ ਤੁਮ ਗੁਜ਼ਰਤੇ ਤੋ ਗੁਜ਼ਰ ਜਾਤੇ)।
- ਗ਼ਾਲਿਬ ਨੇ ਕਿਹਾ ਸੀ ‘ਐ ਖੁਦਾ ਦੋਸਤੋਂ ਕੋ ਮਿਲਨੇ ਕਾ ਮੌਕਾ ਦੇ, ਤੁਮ੍ਹੇਂ ਤੋ ਮਰਨੇ ਕੇ ਬਾਅਦ ਭੀ ਮਿਲ ਲੇਂਗੇ’।
- ਸਿਆਣਿਆਂ ਦਾ ਕਥਨ ਹੈ, ਜਦੋਂ ਕਿਸੇ ਨੇਤਰਹੀਣ ਨੂੰ ਨਜ਼ਰ ਆਉਣਾ ਸ਼ੁਰੂ ਹੋ ਜਾਵੇ, ਤਾਂ ਸਭ ਤੋਂ ਪਹਿਲਾਂ ਆਪਣੀ ਡੰਗੋਰੀ ਖੂਹ ਵਿਚ ਸੁੱਟਦਾ ਹੈ। ਇਹ ਭੁੱਲ ਕੇ ਕਿ ਮੈਂ ਇਹਦੇ ਸਹਾਰੇ ਜ਼ਿੰਦਗੀ ਕੱਢੀ ਹੈ, ਇਹੋ ਹਾਲ ਨੇਤਾ ਕਰਦੇ ਹਨ ਵੋਟਰ ਨਾਲ।
- ਜਦੋਂ ਪਤਾ ਲੱਗ ਜਾਵੇ ਕਿ ਤੁਹਾਡੀ ਬਹਿਸ ਕਿਸੇ ਮੂਰਖ ਨਾਲ ਹੋ ਰਹੀ ਹੈ, ਤਾਂ ਜਿੰਨੀ ਜਲਦੀ ਹੋ ਸਕੇ, ਬਹਿਸ ਬੰਦ ਕਰੋ ਕਿਉਂਕਿ ਤੁਹਾਡੀ ਆਵਾਜ਼ ਜਿੰਨੀ ਮਰਜ਼ੀ ਉੱਚੀ ਹੋਵੇ, ਕੁੱਤੇ ਤੋਂ ਉੱਚੀ ਨਹੀਂ ਹੋ ਸਕਦੀ।
- ਮੁੜ ਆਉ ਵਰਤਮਾਨ ਵਿਚ, ਆਪਣੀ ਜ਼ਿੰਦਗੀ ਜੀਅ ਲਉ, ਇਸ਼ਕ ਨੇ ਤਾਂ ਸੱਸੀ ਪੁੰਨੂੰ ਹੀ ਬਣਾ ਦੇਣਾ ਹੁੰਦਾ ਹੈ।

(Punjab Mail USA)

## “ਨਾਜ਼ਰ ਸੋਂਹ”


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



### ਹਾਸ ਵਿਅੰਗ:-

“ਬਖਤੌਰਿਆ, ਸੁਣਿਐਂ ਯੋਗਾ ਦਾ ਕੈਂਪ ਲਾ ਕੇ ਆਇਐਂ, ਕੋਈ ਨਵੀਂ ਗੱਲ ਸੁਣਾ ਉਥੋਂ ਦੀ,” ਸੱਥ ਵਿਚ ਬੈਠੇ ਕਿਸ਼ਨੇ ਨੇ ਪੁੱਛਿਆ। ਬਖਤੌਰਾ ਕਹਿੰਦਾ, “ਵਾਧੂ ਸ਼ੁਗਲ ਸੀ ਚਾਚਾ ਉਥੇ, ਹੱਸ-ਹੱਸ ਵੱਖੀਆਂ ਚੜ੍ਹ ਗਈਆਂ।” “ਹੈਂ ਅਈਦਾਂ ਦਾ ਕੀ ਵੇਖ ਆਇਐਂ ਉਥੇ?” ਕਿਸ਼ਨੇ ਨੇ ਫਿਰ ਸਵਾਲ ਕੀਤਾ। ਬਖਤੌਰਾ ਕਹਿੰਦਾ, “ਚਾਚਾ ਇੱਕ ਤਾਂ ਸਿੱਖਣ ਨੂੰ ਗੱਲ ਮਿਲੀ ਕਿ ਅਈਦਾਂ ਦੇ ਥਾਂ ਸਿਆਣਪ ਨਾਲ ਜਾਉ ਤੇ ਯੋਗਾ ਕਰਨ ਵੇਲੇ ਉਸ ਬੰਦੇ ਦੇ ਅਗਾੜੀ ਕਦੇ ਨਾ ਬੈਠੋ, ਜਿਹਨੂੰ ਜੁਕਾਮ ਹੋਇਆ ਹੋਵੇ ਤੇ ਉਸ ਭਲੇਮਾਣਸ ਦੀ ਪਿਛਾੜੀ ਕਦੇ ਨਾ ਬੈਠੋ, ਜਿਹਦੀ ਹਵਾ ਸਰਦੀ ਹੋਵੇ, ਪਤੰਦਰ ਨੱਕ ਦੇ ਵਾਲ ਸਾੜ ਦੇਂਦੇ ਐ ਪੱਦ-ਪੱਦ ਕੇ,” ਸਾਰੀ ਸੱਥ ਵਿਚ ਹਾਸਾ ਪੈ ਗਿਆ। “ਸੱਚ ਇੱਕ ਗੱਲ ਤਾਂ ਤੈਨੂੰ ਦੱਸਣੋਂ ਭੁੱਲ ਈ ਗਿਆ ਸੀ ਪਿੰਡ ਪਹੁੰਚਣ ਸਾਰ ਈ ਲੜਾਈ ਵੇਖੀ, ਆਪਣੇ ਪਿੰਡ ਆਲੀ ਚਰਨੋਂ, ਬੱਸੋਂ, ਉੱਤਰੀ ਤੇ ਮਿੰਦੋ ਉਹਨੂੰ ਆਂਹਦੀ, ਚਰਨੋਂ ਕਰ ਆਈ ਜੋਗਾ (ਯੋਗਾ)। ਚਰਨੋ ਤਾਂ ਪੈ ਗਈ ਮਿੰਦੋ ਨੂੰ, ‘ਖੜ੍ਹ ਸਾਲੀਏ ਮੇਰੇ ਪੇ ਦੀਏ, ਨੀ ਸੁੱਖ ਨਾਲ ਜਿਉਂਦਾ ਰਹੇ ਮੇਰਾ “ਨਾਜ਼ਰ ਸੋਂਹ”, ਮੈਂ ਕੀ ਲੈਣੇ ਜੋਗੇ ਤੋਂ’? ਉਹ ਦੋਵੇਂ ਵਾਲੋ-ਵਾਲੀ ਹੋਣ ਨੂੰ ਫਿਰਨ ਤੇ ਅਸੀਂ ਚਰਨੋਂ ਨੂੰ ਸਮਝਾਇਆ ਭਾਈ ਕੁੜੇ ਲੜੋ ਨਾ, ਉਹਦੇ ਬੋਲਣ ’ਚ ਫਰਕ ਐ।

**ਵਤਨ ਕੀ ਫ਼ਿਕਰ ਕਰ ਨਾਦਾਂ ਮੁਸੀਬਤ ਆਨੇ ਵਾਲੀ ਹੈ, ਤੇਰੀ ਬਰਬਾਦੀਯੋਂ ਕੇ ਮਸ਼ਵਰੇ ਹੈਂ ਆਸਮਾਨੋਂ ਮੇਂ !**

# ਭਾਰਤੀ ਜਨਤਾ ਦੇ ਭਗਵੇਂ ਕਰਨ ਲਈ ਸਾਂਝੇ ਸਿਵਲ ਕੋਡ ਦੇ ਖਤਰੇ

- ਗੁਰਦੁਆਰਾ ਐਕਟ ਵਿਚ ਸੋਧ ਅਤੇ ਸ਼੍ਰੋਮਣੀ ਕਮੇਟੀ ਦੇ ਯੂ ਟਿਊਬ ਚੈਨਲ ਦਾ ਮੁੱਦਾ
- ਲੰਗਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੇ ਸਬੰਧ ਵਿਚ 70 ਲੱਖ ਰੁਪਏ ਦਾ ਘਪਲਾ
- ਭਾਰਤ ਨੂੰ ਪੂਰਨ ਤੌਰ 'ਤੇ ਭਗਵਾਂ ਕਰਨ ਲਈ ਯੂਨੀਫੋਰਮ ਸਿਵਲ ਕੋਡ ਦੀ ਆਮਦ

**ਕੁਲਵੰਤ ਸਿੰਘ ਢੇਸੀ**
**ਯੂ.ਕੇ.**
kulwantsinghdhesi@hotmail.com



ਬੀਜੇ ਪੀ ਜਿਸ ਵੇਲੇ ਰਾਮ ਮੰਦਰ ਦਾ ਨਿਰਮਾਣ ਕਰਨਾ ਸ਼ੁਰੂ ਕਰਕੇ ਫਿਰ ਧਾਰਾ 370 ਦਾ ਖ਼ਾਤਮਾ ਕਰਕੇ ਕਸ਼ਮੀਰ ਨੂੰ ਰਾਖਵੇਂ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ, ਤਾਂ ਇਸ ਗੱਲ ਦੇ ਅਨੁਮਾਨ ਲਾਏ ਜਾ ਰਹੇ ਸਨ ਕਿ ਸ਼ਾਇਦ ਹੁਣ ਉਹ ਕ੍ਰਿਸ਼ਨ ਜਨਮ ਭੂਮੀ ਦਾ ਮੁੱਦੇ ਨੂੰ ਆਪਣੇ ਸਿਆਸੀ ਸੰਦ ਵਜੋਂ ਵਰਤੇਗੀ। ਹੁਣ ਜਦੋਂ ਯੂਨੀਫੌਰਮ ਸਿਵਲ ਕੋਡ (Uniform Civil Code-UCC) ਦਾ ਮੁੱਦਾ ਉੱਠਿਆ, ਤਾਂ ਇਹ ਸਮਝ ਆਈ ਕਿ ਬੀ.ਜੇ.ਪੀ. ਹਿੰਦੂ ਧਰਮ ਨਾਲ ਸਬੰਧਤ ਨਾ ਰਹਿ ਕੇ ਹੁਣ ਸਮੁੱਚੇ ਭਾਰਤ ਦੇ ਲੋਕਾਂ ਦਾ ਕਾਨੂੰਨੀ ਤੌਰ 'ਤੇ ਭਗਵਾਂ ਕਰਨ ਲਈ ਤੱਤਪਰ ਹੈ। ਕਹਿਣ ਨੂੰ ਤਾਂ ਸਾਂਝਾ ਸਿਵਲ ਕੋਡ ਦੇਸ਼ ਦੇ ਸਾਰੇ ਨਾਗਰਿਕਾਂ ਲਈ ਵਿਆਹ, ਤਲਾਕ, ਵਿਰਾਸਤ ਅਤੇ ਬੱਚੇ ਗੋਦ ਲੈਣ ਆਦਿ ਨਾਲ ਸਬੰਧਿਤ ਇਕਸਾਰ ਨਿੱਜੀ ਕਾਨੂੰਨਾਂ ਦੇ ਢਾਂਚੇ ਬਾਰੇ ਹੈ ਪਰ ਕਿਉਂਕਿ ਇਸ ਨੂੰ ਲਾਗੂ ਕਰਨ ਲਈ ਭਾਜਪਾ ਬਹੁਤ ਤੱਤਪਰ ਹੈ, ਇਸ ਕਰਕੇ ਇਸ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾ ਰਿਹਾ ਹੈ। ਯੂਨੀਫਾਰਮ ਕੋਡ ਦਾ ਮੁੱਖ ਮੰਤਵ ਭਾਰਤ ਦੇ ਬਹੁ ਧਰਮੀ, ਬਹੁ ਕੌਮੀ, ਬਹੁ ਭਾਸ਼ਾਈ ਅਤੇ ਵਿਭਿੰਨ ਸੱਭਿਆਚਰਕ ਵਿੱਲਖਣਤਾ ਦਾ ਖਾਤਮਾ ਕਰਕੇ ਉਸ ਦਾ ਭਗਵਾਂ ਕਰਨਾ ਹੋ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਮੋਦੀ ਦੇ ਇਸ ਸਿਵਲ ਕੋਡ ਨੂੰ ਆਮ ਆਦਮੀ ਪਾਰਟੀ ਵਲੋਂ ਹਿਮਾਇਤ ਦੇਣ ਦਾ ਐਲਾਨ ਕੀਤਾ ਗਿਆ। ਸੰਕੇਤ ਕੁਝ ਇਸ ਤਰ੍ਹਾਂ ਦੇ ਆ ਰਹੇ ਹਨ ਕਿ ਸਿੱਖਾਂ, ਮੁਸਲਮਾਨਾਂ, ਨਾਗਿਆਂ ਅਤੇ ਅਸਾਮੀ ਲੋਕਾਂ ਵਲੋਂ ਵਿਰੋਧ ਦੀ ਸੰਭਾਵਨਾ ਹੈ, ਜਦਕਿ ਬਾਕੀ ਦੇ ਬਹੁਤ ਸਾਰੇ ਗੈਰ ਭਾਜਪਾਈ ਰਾਜ ਵੀ ਹਿੰਦੂ ਧਰਮ ਦੇ ਹੇਰਵੇ ਕਾਰਨ ਇਸ ਕੋਡ ਦੀ ਲਪੇਟ ਵਿਚ ਆ ਜਾਣਗੇ। ਇੰਝ ਵੀ ਪ੍ਰਤੀਤ ਹੋਣ ਲੱਗਾ ਹੈ ਕਿ ਬੀ.ਜੇ.ਪੀ. ਹੋਰ ਫਿਰਕੂ ਮੁੱਦਿਆਂ ਦੇ ਨਾਲ-ਨਾਲ ਸਿਵਲ ਕੋਡ ਨੂੰ 2024 ਦੀਆਂ ਪਾਰਲੀਮਾਨੀ ਚੋਣਾਂ ਵਿਚ ਪ੍ਰਮੁੱਖ ਏਜੰਡਾ ਬਣਾਏਗੀ। ਇਹ ਵੀ ਪ੍ਰਤੀਤ ਹੋ ਰਿਹਾ ਹੈ ਕਿ ਭਾਰਤ ਦੇ ਲੋਕ ਭਾਜਪਾ ਦੇ ਫਾਸ਼ੀ ਰੁਝਾਨਾਂ ਪ੍ਰਤੀ ਹਾਲ ਦੀ ਘੜੀ ਕਬੂਤਰ ਵਾਂਗ ਅੱਖਾਂ ਮੀਟੇ ਹੋਏ ਹਨ। ਯੂ.ਪੀ. ਦੀਆਂ ਸਥਾਨਕ ਚੋਣਾਂ ਵਿਚ ਜਿਸ ਤਰ੍ਹਾਂ ਮੁਸਲਮਾਨਾਂ ਨੇ ਭਾਜਪਾ ਦਾ ਸਾਥ ਦਿੱਤਾ ਹੈ, ਉਸ ਤੋਂ ਤਾਂ ਹੋਰ ਵੀ ਖਤਰੇ ਭਾਸਣ ਲੱਗ ਪਏ ਹਨ ਕਿ ਜੇਕਰ ਭਾਜਪਾ ਵਲੋਂ ਵਿਛਾਏ ਫਿਰਕੂ ਜਾਲ ਵਿਚ ਭਾਰਤੀ ਘੱਟਗਿਣਤੀਆਂ ਆਪਣੇ ਲਈ ਕੋਈ ਖਤਰੇ ਦਾ ਬਿਗਲ ਨਹੀਂ ਵਜਾ ਰਹੀਆਂ ਤਾਂ ਭਵਿੱਖ ਵਿਚ ਇਸ ਦੇ ਸਿੱਟੇ ਬਹੁਤ ਮਾਰੂ ਨਿਕਲਣ ਵਾਲੇ ਹਨ। 14 ਜੂਨ ਨੂੰ ਕਾਨੂੰਨ ਕਮਿਸ਼ਨ ਨੇ ਸਬੰਧਤ ਧਿਰਾਂ ਨੂੰ ਇਸ ਮੁੱਦੇ 'ਤੇ ਵਿਚਾਰ ਦੇਣ ਦੀ ਕਾਰਵਾਈ ਦਾ ਆਰੰਭ ਕੀਤਾ ਸੀ। ਭਾਰਤੀ ਸੁਪਰੀਮ ਕੋਰਟ ਨੇ ਜਨਵਰੀ ਵਿਚ ਇਸ ਸਬੰਧੀ ਆਪਣੇ ਆਦੇਸ਼ ਦਿੱਤੇ ਸਨ ਕਿ ਸੂਬਾ ਸਰਕਾਰਾਂ ਨੂੰ ਸਾਂਝਾ ਸਿਵਲ ਕੋਡ ਦੀ ਵਿਹਾਰਕਤਾ ਸਬੰਧੀ ਖੋਜ ਕਰਨ ਦੇ ਹੱਕ ਹਨ। ਸੰਵਿਧਾਨ ਦੀ ਧਾਰਾ 44 ਵੀ ਰਾਜਾਂ ਨੂੰ ਇਕਸਾਰ ਸਿਵਲ ਕੋਡ ਲਾਗੂ ਕਰਨ ਦੀ ਗਵਾਹੀ ਦਿੰਦੀ ਹੈ, ਜਦਕਿ ਦੂਰ ਅੰਦੇਸ਼ ਚਿੰਤਕਾਂ ਦੇ ਖਿਆਲ ਮੁਤਾਬਕ ਇਹ ਕੋਡ ਦੇਖਣ ਨੂੰ ਭਾਵੇਂ ਸਾਂਝੀਵਾਲਤਾ ਵਾਲਾ ਲੱਗੇ ਪਰ ਭਾਜਪਾ ਦੇ ਫਿਰਕੂ ਨਿਸ਼ਾਨਿਆਂ ਤਹਿਤ ਲਾਗੂ ਹੋ ਰਿਹਾ ਇਹ ਐਕਟ ਭਾਰਤੀ ਜਨਤਾ ਦੇ ਭਗਵੇਂ ਕਰਨ ਲਈ ਰਾਹ ਪੱਧਰਾ ਕਰੇਗਾ।

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਹੁਣੇ-ਹੁਣੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਜਿਸ ਵੇਲੇ ਵਾਲ ਸਟਰੀਟ ਦੀ ਅਮਰੀਕੀ ਪੱਤਰਕਾਰ ਸਬਰੀਨਾ ਸਦੀਕੀ ਵਲੋਂ ਭਾਰਤ ਵਿਚ ਧਾਰਮਿਕ ਆਜ਼ਾਦੀ ਸਬੰਧੀ ਤਿੱਖਾ ਸਵਾਲ ਕੀਤਾ ਗਿਆ, ਤਾਂ ਨਰਿੰਦਰ ਮੋਦੀ ਲਈ ਉਸ ਦਾ ਸਾਹਮਣਾ ਕਰਨਾ ਔਖਾ ਹੋ ਗਿਆ। ਇਸ ਦੇ ਨਾਲ ਹੀ ਮੋਦੀ ਚਹੇਤਿਆਂ ਨੇ ਨੈੱਟ 'ਤੇ ਸਬਰੀਕਾ ਸਦੀਕੀ ਖਿਲਾਫ ਬਵਾਲ ਖੜ੍ਹਾ ਕਰ ਦਿੱਤਾ ਅਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਹ ਮੁੱਦਾ ਏਨਾ ਜ਼ੋਰ ਫੜ ਗਿਆ ਕਿ ਵ੍ਹਾਈਟ ਹਾਊਸ ਨੈਸ਼ਨਲ ਸਕਿਓਰਿਟੀ ਕੌਂਸਲ ਦੇ ਬੁਲਾਰੇ ਜੌਹਨ ਕਿਰਬੀ ਨੂੰ ਇੱਕ ਬਿਆਨ ਵਿਚ ਕਹਿਣਾ ਪਿਆ ਕਿ ਉਹ ਭਾਜਪਾਈ ਖਰੂਦੀਆਂ ਦੇ ਐਸੇ ਰਵੱਈਏ ਦੀ ਸਖ਼ਤ ਨਿੰਦਾ ਕਰਦੇ ਹਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਨ ਜੀਨ ਪੀਰ ਨੇ ਵੀ ਇਸ ਸਬੰਧੀ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਸਾਡਾ ਪ੍ਰੈੱਸ ਦੀ ਆਜ਼ਾਦੀ ਸਬੰਧੀ ਦ੍ਰਿੜ੍ਹ ਸੰਕਲਪ ਹੈ ਅਤੇ ਅਸੀਂ ਪੱਤਰਕਾਰ ਨੂੰ ਡਰਾਉਣ, ਧਮਕਾਉਣ ਤੇ ਪ੍ਰੇਸ਼ਾਨ ਵਾਲਿਆ ਦੀ ਸਖ਼ਤ ਨਿੰਦਾ ਕਰਦੇ ਹਾਂ।

ਇਹ ਗੱਲ ਜ਼ਿਕਰਯੋਗ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ 9 ਸਾਲ ਦੇ ਸ਼ਾਸਨ ਕਾਲ ਵਿਚ ਭਾਰਤ ਦੇ ਆਜ਼ਾਦ ਮੀਡੀਏ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕਰ ਸਕਿਆ ਅਤੇ ਅਮਰੀਕਾ ਦੀ ਪ੍ਰੈੱਸ ਕਾਨਫਰੰਸ ਨੂੰ ਟਾਲਣਾ ਤਾਂ ਸ਼ਾਇਦ ਉਸ ਦੇ ਵਸ ਵਿਚ ਨਾ ਰਿਹਾ, ਜਦਕਿ ਉਸ ਨੇ ਪੱਤਰਕਾਰਾਂ ਪ੍ਰਤੀ ਇਹ ਸ਼ਰਤ ਲਾ ਦਿੱਤੀ ਸੀ ਕਿ ਉਸ ਤੋਂ ਦੋ ਸਵਾਲਾਂ ਤੋਂ ਵੱਧ ਸਵਾਲ ਨਾ ਪੁੱਛੇ ਜਾਣ। ਕਿਹਾ ਜਾਂਦਾ ਹੈ ਕਿ ਵਾਲ ਸਟਰੀਟ ਦੀ ਪੱਤਰਕਾਰ ਬੀਬੀ ਸਬਰੀਨਾ ਸਦੀਕੀ ਦਾ ਪਿਛੋਕੜ ਕਿਉਂਕਿ ਪਾਕਿਸਤਾਨ ਤੋਂ ਹੈ, ਇਹ ਗੱਲ ਵੀ ਮੋਦੀ ਚਹੇਤਿਆਂ ਨੂੰ ਨਾ ਖੁਸ਼ਗਵਾਰ ਗੁਜਰੀ ਹੋਵੇਗੀ।

ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਸ਼ੁਕਰਵਾਰ 30 ਜੂਨ ਦੇ ਦਿਨ ਨੂੰ ਵਿਸ਼ਵ ਸੰਸਦੀ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਦਕਿ ਭਾਰਤੀ ਸਾਂਸਦੀ ਪ੍ਰਣਾਲੀ ਸਬੰਧੀ ਅੱਜ ਗੰਭੀਰ ਸਵਾਲ ਜਵਾਬ ਮੰਗਦੇ ਹਨ। ਦੁਨੀਆਂ ਦਾ ਸਭ ਤੋਂ ਵੱਡਾ ਲੋਕ ਰਾਜ ਹੋਣ ਦਾ ਦਾਅਵਾ ਕਰਨ ਵਾਲੇ ਭਾਰਤ ਦੇ ਕੁਲ 539 ਸਾਂਸਦੀ ਮੈਂਬਰਾਂ ਵਿਚੋਂ 233 ਮੈਂਬਰਾਂ ਖਿਲਾਫ ਅਪਰਾਧਿਕ ਮਾਮਲੇ ਦਰਜ ਹਨ, ਜੋ ਕਿ ਬੜੀ ਹੀ ਸ਼ਰਮ ਵਾਲੀ ਗੱਲ ਹੈ। ਇਹ ਗੱਲ ਕਿੰਨੀ ਨਮੋਸ਼ੀ ਵਾਲੀ ਗੱਲ ਹੈ ਕਿ ਭਾਰਤ ਦੇ ਲੋਕ ਰਾਜ ਵਿਚ ਕਿਸੇ ਸਾਫ ਛਵੀ ਵਾਲੇ ਪ੍ਰਤੀਨਿਧ ਦੇ ਚੁਣੇ ਜਾਣ ਦੇ ਮੌਕੇ ਸਿਰਫ 4.7 ਫੀਸਦੀ ਹਨ। ਅਪਰਾਧਿਕ ਪਿਛੋਕੜ ਵਾਲੇ ਭਾਰਤੀ ਸਾਂਸਦਾ 'ਤੇ ਚੜ੍ਹੀ ਹੋਈ ਫਿਰਕੂ ਚਾਸ਼ਨੀ ਮਾਮਲੇ ਨੂੰ ਹੋਰ ਵੀ ਚਿੰਤਾਜਨਕ ਬਣਾ ਦਿੰਦੀ ਹੈ। ਜਿਸ ਸਰਕਾਰ ਵਿਚ ਫਿਰਕੂ ਅਪਰਾਧੀ ਰਾਜ ਕਰ ਰਹੇ ਹੋਣ ਅਤੇ ਜਿਸ ਪਾਰਟੀ ਦਾ ਮੁਖ ਮੁੱਦਾ ਹੀ ਸਾਮ, ਦਾਮ, ਦੰਡ ਰਾਹੀਂ ਸੱਤਾ 'ਤੇ ਹਾਵੀ ਹੋਣ ਦਾ ਹੋਵੇ, ਉਹ ਆਉਣ ਵਾਲੇ ਦਿਨਾਂ ਵਿਚ ਭਾਰਤੀ ਘੱਟਗਿਣਤੀਆਂ 'ਤੇ ਕਿਸ ਹੱਦ ਤੱਕ ਮਾਰੂ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਹੁਣੇ-ਹੁਣੇ ਭਾਰਤੀ ਸਾਂਸਦ ਦੀ ਨਵੀਂ ਇਮਾਰਤ ਦੇ ਉਦਘਾਟਨ ਸਮੇਂ ਜਿਸ ਫਾਸ਼ੀ ਤਰੀਕੇ ਨਾਲ ਵਿਰੋਧੀ ਰਾਜਨੀਤਕ ਦਲਾਂ ਅਤੇ ਭਾਰਤੀ ਰਾਸ਼ਟਰਪਤੀ ਨੂੰ ਅੱਖ-ਪਰੋਖੇ ਕੀਤਾ ਗਿਆ, ਇਸ ਤੋਂ ਭਾਜਪਾ ਦੇ ਇਰਾਦੇ ਹੋਰ ਵੀ ਸਪੱਸ਼ਟ ਹੋ ਜਾਂਦੇ ਹਨ ਕਿ ਉਸ ਲਈ ਲੋਕ ਰਾਜੀ ਸਾਂਸਦ ਵਿਚ ਆਪਣਾ ਇੱਕ ਪਾਰਟੀ ਕਬਜ਼ਾ ਕਰਨਾ ਅਤੇ ਹਿਟਲਰੀ ਇਰਾਦਿਆਂ ਨੂੰ ਅੰਜਾਮ ਦਿੱਤਾ ਜਾਏਗਾ। ਇਹ ਗੱਲ ਕਿਸੇ ਨੂੰ ਭੁੱਲੀ ਹੋਈ ਨਹੀਂ ਕਿ ਭਾਜਪਾ ਨੇ ਕਿਸ ਤਰ੍ਹਾਂ ਬਿਨਾ ਚਰਚਾ ਤੋਂ ਤਿੰਨ ਕਾਲੇ ਕਿਸਾਨੀ ਕਾਨੂੰਨਾਂ ਨੂੰ ਲਾਗੂ ਕਰ ਦਿੱਤਾ ਸੀ। ਹੁਣ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਭਾਜਪਾਈ ਸਾਂਸਦ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਖਿਲਾਫ ਪਹਿਲਵਾਨ ਔਰਤਾਂ ਪਿਛਲੇ ਦੋ ਢਾਈ ਮਹੀਨਿਆਂ ਤੋਂ ਧਰਨੇ 'ਤੇ ਹਨ ਪਰ ਭਾਰਤੀ ਸਾਂਸਦ ਵਿਚ ਇਸ ਮੁੱਦੇ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ ਅਤੇ ਧਰਨਾਕਾਰੀਆਂ ਖਿਲਾਫ ਵੀ ਹਿਟਲਰੀ ਲਹਿਜਾ ਅਪਣਾਇਆ ਗਿਆ ਹੈ। 'ਬੇਟੀ ਬਚਾਓ' ਦਾ ਨਾਅਰਾ ਦੇਣ ਵਾਲੇ ਭਾਰਤੀ ਪ੍ਰਧਾਨ ਮੰਤਰੀ ਨੇ ਪਹਿਲਵਾਨ ਬੀਬੀਆਂ ਦੇ ਮੁੱਦੇ 'ਤੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਜ਼ਾਹਿਰ ਹੈ ਕਿ ਜਿਸ ਦੇਸ਼ ਦੀ ਸਾਂਸਦ 'ਤੇ ਅਪਰਾਧੀ ਅਤੇ ਫਿਰਕੂ ਲੋਕਾਂ ਦਾ ਕਬਜ਼ਾ ਹੋਵੇ, ਉਥੇ ਲੋਕ ਰਾਜ ਮਹਿਜ਼ ਵਿਖਾਵਾ ਹੈ ਤੇ ਜੰਗਲ ਰਾਜ ਦਿਨੋਂ-ਦਿਨ ਵਧਦਾ ਜਾ ਰਿਹਾ ਹੈ।

**ਗੁਰਦੁਆਰਾ ਐਕਟ ਵਿਚ ਸੋਧ ਅਤੇ ਸ਼੍ਰੋਮਣੀ ਕਮੇਟੀ ਦੇ ਯੂ ਟਿਊਬ ਚੈਨਲ ਦਾ ਮੁੱਦਾ :** ਪੰਜਾਬ ਸਰਕਾਰ ਵਲੋਂ ਗੁਰਦੁਆਰਾ ਐਕਟ ਵਿਚ ਕੀਤੀ ਗਈ ਸੋਧ 151 ਏ ਦਾ ਸ਼੍ਰੋਮਣੀ ਕਮੇਟੀ ਵਲੋਂ ਤਿੱਖਾ ਵਿਰੋਧ ਹੋਇਆ ਹੈ। ਅੱਜਕੱਲ੍ਹ ਸ਼੍ਰੋਮਣੀ ਕਮੇਟੀ ਵਲੋਂ ਆਪਣਾ ਯੂ ਟਿਊਬ ਚੈਨਲ ਆਰੰਭ ਕਰਨ ਦੀ ਖਬਰ ਸੁਰਖੀਆਂ ਵਿਚ ਹੈ। ਪੰਜਾਬ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਪ੍ਰਚਾਰ ਚੈਨਲ ਖੋਲ੍ਹਣ ਸਬੰਧੀ ਸੋਧ ਨੂੰ ਪੰਜਾਬ ਦੇ ਰਾਜਪਾਲ ਕੋਲ ਪਾਸ ਹੋਣ ਲਈ ਭੇਜ ਦਿੱਤਾ ਹੈ, ਜਿਸ ਸਬੰਧੀ ਅਨੁਮਾਨ ਲਾਏ ਜਾ ਰਹੇ ਹਨ ਕਿ ਰਾਜਪਾਲ ਇਸ ਨੂੰ ਠੰਢੇ ਬਸਤੇ ਵਿਚ ਪਾ ਦੇਵੇਗਾ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਵਲੋਂ ਵੀ ਬਿਆਨ ਆਉਣੇ ਸ਼ੁਰੂ ਹੋ ਗਏ ਹਨ ਕਿ 23 ਜੁਲਾਈ ਨੂੰ ਪੀ.ਟੀ.ਸੀ. ਨਾਲ ਅਹਿਦ ਖਤਮ ਹੁੰਦਿਆਂ ਹੀ ਸ਼੍ਰੋਮਣੀ ਕਮੇਟੀ ਆਪਣਾ ਯੂ ਟਿਊਬ ਚੈਨਲ ਸ਼ੁਰੂ ਕਰ ਦੇਵੇਗੀ। ਹਾਲਾਂਕਿ ਸਿੱਖ ਪੰਥ ਵਿਚ ਅੰਦਰ ਹੀ ਅੰਦਰ ਇਹ ਗੱਲ ਖੁੜਕ ਰਹੀ ਹੈ ਕਿ ਅਰਬਾਂ ਦੇ ਬਜਟ ਵਾਲੀ ਕਮੇਟੀ ਕੋਲ ਆਪਣਾ ਪ੍ਰਚਾਰ ਚੈਨਲ ਹੋਣਾ ਚਾਹੀਦਾ ਹੈ। ਇਸ ਚੈਨਲ ਵਿਚ ਨਾ ਕੇਵਲ ਗੁਰਬਾਣੀ ਕੀਰਤਨ ਦੀ ਕਵਰੇਜ ਹੋਵੇ, ਸਗੋਂ ਸਿੱਖ ਵਿਚਾਰਧਾਰਾ ਨੂੰ ਆਲਮੀ ਪੱਧਰ 'ਤੇ ਪ੍ਰਚਾਰਿਆ ਜਾਵੇ।

ਪੀ.ਟੀ.ਸੀ. ਦਾ ਮੌਨੋਪਲਿਟੀ ਇਸ਼ੂ ਜਨਤਕ ਹੋਣ ਮਗਰੋਂ ਲੋਕਾਂ ਵਿਚ ਇਹ ਗੱਲ ਰੜਕਣ ਲੱਗ ਪਈ ਸੀ ਕਿ ਸ਼੍ਰੋਮਣੀ ਕਮੇਟੀ ਦਾ ਆਪਣਾ ਚੈਨਲ ਕਿਉਂ ਨਹੀਂ ਹੈ? ਅਪ੍ਰੈਲ 2022 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਅਦੇਸ਼ ਦਿੱਤਾ ਸੀ ਕਿ ਉਹ ਦਰਬਾਰ ਸਾਹਿਬ ਦੀ ਕਵਰੇਜ ਦਾ ਅਧਿਕਾਰ ਪੀ.ਟੀ.ਸੀ. ਨੂੰ ਨਾ ਦੇਵੇ, ਸਗੋਂ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਸ਼ੁਰੂ ਕਰੇ। ਪਿਛਲੇ ਇੱਕ ਸਾਲ ਤੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਵਿਸ਼ੇ 'ਤੇ ਕਬੂਤਰ ਵਾਂਗ ਅੱਖਾਂ ਮੀਟੀ ਰੱਖੀਆਂ ਪਰ ਜਿਉਂ ਹੀ ਪੰਜਾਬ ਸਰਕਾਰ ਇਸ ਮੁੱਦੇ ਨੂੰ ਪੰਜਾਬ ਵਿਧਾਨ ਸਭਾ ਵਿਚ ਲੈ ਆਈ, ਤਾਂ ਸ: ਧਾਮੀ ਨੇ ਸਰਕਾਰ ਦੇ ਖਿਲਾਫ ਧੂੰਆਂਧਾਰ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਬੇਸ਼ੱਕ ਇਹ ਮੁੱਦਾ ਪੰਜਾਬ ਸਰਕਾਰ ਦੇ ਅਧਿਕਾਰ ਵਿਚ ਨਹੀਂ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਚਲਾਉਣ ਲਈ ਕੋਈ ਆਦੇਸ਼ ਦੇਵੇ ਪਰ ਇਹ ਵੀ ਇੱਕ ਸੱਚਾਈ ਹੈ ਕਿ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਪੀ.ਟੀ.ਸੀ. ਭਾਵ ਕਿ ਬਾਦਲ ਕੰਪਨੀ ਕੋਲ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੇ ਇਸ ਮੁੱਦੇ 'ਤੇ ਬੋਲਣ ਦੀ ਕਦੀ ਜੁਰੱਅਤ ਹੀ ਨਹੀਂ ਕੀਤੀ।

ਸ਼੍ਰੋਮਣੀ ਕਮੇਟੀ ਨੂੰ ਸਬੰਧਤ ਮੁੱਦੇ 'ਤੇ ਆਪਣੇ ਜਨਰਲ ਹਾਊਸ ਦੀ ਮੀਟਿੰਗ ਸੱਦਣੀ ਪਈ। ਇਸ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣੇ ਆਕਾ ਸੁਖਬੀਰ ਬਾਦਲ ਨੂੰ ਖੁਸ਼ ਕਰਨ ਲਈ ਜਿਥੇ ਮੁੱਖ ਮੰਤਰੀ ਪੰਜਾਬ ਦੇ ਧਾਰਮਿਕ ਅਕੀਦੇ 'ਤੇ ਉਜਾਂ ਲਾਈਆ, ਉਥੇ ਸ਼੍ਰੋਮਣੀ ਕਮੇਟੀ ਦੇ ਆਪਣੇ ਪ੍ਰਚਾਰ ਚੈਨਲ 'ਤੇ ਕੋਈ ਵੀ ਪੁਖਤਾ ਵਿਚਾਰ ਨਾ ਦਿੱਤੀ। ਹਾਊਸ ਦੀ ਕਾਰਵਾਈ ਵਿਚ ਇੱਕ ਦੂਜੇ ਤੋਂ ਮਾਈਕ ਖੋਹਣ ਅਤੇ ਵਰਤੀ ਜਾ ਰਹੀ ਨੀਵੇਂ ਦਰਜੇ ਦੀ ਸ਼ਬਦਾਵਲੀ ਨੇ ਹੁਣ ਇੱਕ ਹੋਰ ਮੁੱਦਾ ਲੋਕਾਂ ਸਾਹਮਣੇ ਲਿਆ ਦਿੱਤਾ ਹੈ ਕਿ ਸਿੱਖਾਂ ਦੀ ਪਾਰਲੀਮੈਂਟ ਆਖੀ ਜਾਣ ਵਾਲੀ ਸ਼੍ਰੋਮਣੀ ਕਮੇਟੀ ਦਾ ਮਿਆਰ ਕਿਸ ਪੱਧਰ ਦਾ ਹੈ। ਕਾਨੂੰਨੀ ਤੌਰ 'ਤੇ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਦੋ ਤਿਹਾਈ ਮੈਂਬਰਾਂ ਦੀ ਸਹਿਮਤੀ ਵਗੈਰ ਗੁਰਦੁਆਰਾ ਐਕਟ 1925 ਵਿਚ ਕੇਂਦਰ ਸਰਕਾਰ ਵੀ ਕੋਈ ਤਬਦੀਲੀ ਨਹੀਂ ਕਰ ਸਕਦੀ। ਸ਼੍ਰੋਮਣੀ ਕਮੇਟੀ ਨੇ ਆਪਣੀ ਸ਼ਿਕਾਇਤ ਪੰਜਾਬ ਦੇ ਰਾਜਪਾਲ ਤੱਕ ਪਹੁੰਚਾ ਦਿੱਤੀ ਹੈ ਅਤੇ ਕਿਹਾ ਜਾਂਦਾ ਹੈ ਕਿ ਨੇੜਲੇ ਭਵਿੱਖ ਵਿਚ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਸ ਮਾਮਲੇ ਸਬੰਧੀ ਇੱਕ ਵਫਦ ਲੈ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਮਿਲਣਗੇ।

**ਲੰਗਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੇ ਸਬੰਧ ਵਿਚ 70 ਲੱਖ ਰੁਪਏ ਦਾ ਘਪਲਾ**

ਗੁਰੂ ਰਾਮਦਾਸ ਲੰਗਰ ਸ੍ਰੀ ਦਰਬਾਰ ਸਾਹਿਬ ਨੂੰ ਇਸ ਦੁਨੀਆਂ ਦੀ ਸਭ ਤੋਂ ਵੱਡੀ ਲੰਗਰ ਸੇਵਾ ਕਿਹਾ ਜਾਂਦਾ ਹੈ। ਜਿਵੇਂ ਦਰਬਾਰ ਸਾਹਿਬ ਵਿਚ ਦੁਨੀਆਂ ਵਿਚ ਸਭ ਤੋਂ ਵੱਧ ਸੰਗਤ ਮੱਥਾ ਟੇਕਦੀ ਹੈ, ਇਸੇ ਤਰ੍ਹਾਂ ਗੁਰੂ ਰਾਮ ਦਾਸ ਲੰਗਰ ਦਾ ਆਪਣਾ ਅਹਿਮ ਮਹੱਤਵ ਹੈ, ਜਿਥੇ ਦੁਨੀਆਂ ਵਿਚ ਸਭ ਤੋਂ ਵੱਧ ਲੰਗਰ ਪੱਕਦਾ ਅਤੇ ਛਕਾਇਆ ਜਾਂਦਾ ਹੈ। ਸ਼ਰਧਾਵਾਨ ਸੰਗਤਾਂ ਲੰਗਰ ਛਕਣ, ਸੇਵਾ ਕਰਨ ਅਤੇ ਇਸ ਲੰਗਰ ਵਿਚ ਆਪਣਾ ਦਸਵੰਧ ਭੇਂਟ ਕਰਨਾ ਆਪਣਾ ਸੁਭਾਗ ਸਮਝਦੀਆਂ ਹਨ। ਪਰ ਹੁਣ ਇਸ ਲੰਗਰ ਦੇ ਸੁੱਕੇ ਪ੍ਰਸ਼ਾਦਿਆਂ ਨਾਲ ਸਬੰਧਤ ਘਪਲੇ ਦੇ ਜਨਤਕ ਹੋਣ ਨਾਲ ਹਰ ਇੱਕ ਸਿੱਖ ਦਾ ਦਿਲ ਦੁਖਿਆ ਹੈ। ਸ਼੍ਰੋਮਣੀ ਪ੍ਰਬੰਧਕ ਕਮੇਟੀ ਜੋ ਕਿ ਪਹਿਲਾਂ ਹੀ ਅਨੇਕਾਂ ਨਾਕਾਮੀਆ ਕਾਰਨ ਵਿਵਾਦਾਂ ਵਿਚ ਹੈ, ਹੁਣ ਇਸ ਨਵੇਂ ਵਿਵਾਦ ਵਿਚ ਘਿਰ ਗਈ ਹੈ। ਸੰਗਤਾਂ ਦਾ ਇਹ ਵੀ ਸ਼ੰਕਾ ਹੈ ਕਿ ਜਿਵੇਂ ਪਹਿਲਾਂ 350 ਗਾਇਬ ਕੀਤੀਆਂ ਗਈਆਂ ਬੀੜਾਂ ਦਾ ਮੁੱਦਾ ਸ਼੍ਰੋਮਣੀ ਕਮੇਟੀ ਨੇ ਅਣਗੌਲਾ ਕਰ ਦਿੱਤਾ, ਇਸ ਨਵੇਂ ਸਕੈਂਡਲ ਪ੍ਰਤੀ ਵੀ ਅਵੇਸਲਾਪਨ ਦਿਖਾਵੇਗੀ। ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਾਮ ਟਵੀਟ ਕਰਕੇ ਇਸ ਮਾਮਲੇ 'ਤੇ ਸਵਾਲੀਆ ਚਿੰਨ੍ਹ ਲਾਇਆ ਸੀ।

ਇਹ ਮਾਮਲਾ ਸੰਨ 2019 ਤੋਂ 2021 ਦੇ ਕਰੋਨਾ ਕਾਲ ਦੌਰਾਨ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਸਬੰਧੀ ਹੋਏ ਘਪਲੇ ਦਾ ਹੈ, ਜਦੋਂਕਿ ਸਬੰਧਤ ਕਰਮਚਾਰੀਆਂ ਵਲੋਂ ਰਕਮ ਦੀ ਵਸੂਲੀ ਅਤੇ ਦਫਤਰ ਵਿਚ ਜਮ੍ਹਾਂ ਕਰਵਾਉਣ ਦੀ ਕੋਈ ਜਾਣਕਾਰੀ ਨਹੀਂ ਮਿਲਦੀ। ਇਕ ਅੰਦਾਜ਼ੇ ਮੁਤਾਬਕ ਇਹ 70 ਲੱਖ ਤੋਂ ਇੱਕ ਕਰੋੜ ਦੀ ਰਾਸ਼ੀ ਵਾਲਾ ਘਪਲਾ ਹੈ। ਹੁਣ ਤੱਕ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਦੋ ਸਟੋਰ ਕੀਪਰਾਂ ਨੂੰ ਮੁਅੱਤਲ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਦਾਅਵਾ ਹੈ ਕਿ ਉਹ ਇਸ ਮਾਮਲੇ ਨੂੰ ਪੂਰੀ ਪਾਰਦਰਸ਼ਤਾ ਨਾਲ ਜਨਤਕ ਕਰਨਗੇ, ਜਦਕਿ ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ ਨੇ ਬਿਆਨ ਦਿੱਤੇ ਹਨ ਕਿ ਇਸ ਘਪਲੇ ਸਬੰਧੀ ਰਿਪੋਰਟ ਤਿਆਰ ਹੈ, ਜੋ ਕਿ 4 ਜੁਲਾਈ ਨੂੰ ਪ੍ਰਧਾਨ ਨੂੰ ਸੌਂਪ ਦਿੱਤੀ ਜਾਵੇਗੀ। ਇਸ ਸਬੰਧੀ ਕੁਝ ਹੋਰ ਕਮਰਚਾਰੀ ਅਤੇ ਇੰਸਪੈਕਟਰ ਲਪੇਟ ਵਿਚ ਆਉਣਗੇ ਪਰ ਇਨ੍ਹਾਂ ਦੋਸ਼ੀਆਂ ਨੂੰ ਮੁਅੱਤਲ ਕੀਤਾ ਜਾ ਸਕਦਾ ਹੈ ਜਾਂ ਧਾਰਮਿਕ ਸਜ਼ਾ ਤਾਂ ਦਿੱਤੀ ਜਾ ਸਕਦੀ ਹੈ ਪਰ ਇਨ੍ਹਾਂ ਖਿਲਾਫ ਪੁਲਿਸ ਕੇਸ ਦਰਜ ਕੀਤਾ ਜਾਵੇਗਾ ਜਾਂ ਨਹੀਂ, ਸਮਾਂ ਦੱਸੇਗਾ। ਇੱਕ ਗੱਲ ਨਿਸ਼ਚਿਤ ਹੈ ਕਿ ਜੋ ਸੰਗਤ ਦੇ ਦਸਵੰਧ ਨਾਲ ਘਪਲਾ ਹੋਇਆ ਹੈ, ਉਸ ਦੀ ਭਰਪਾਈ ਦੇ ਮੌਕੇ ਘੱਟ ਵੱਧ ਹੀ ਹਨ।

ਇੱਕ ਮੁੱਦਤ ਤੋਂ ਸ਼੍ਰੋਮਣੀ ਕਮੇਟੀ 'ਤੇ ਸਿੱਖ ਵਿਰੋਧੀ ਸਾਹਿਤ ਛਾਪਣ ਦੇ ਦੋਸ਼ ਲੱਗਦੇ ਰਹੇ ਹਨ। ਅਰਬਾਂ ਦੇ ਬਜਟ ਵਾਲੀ ਇਹ ਸੰਸਥਾ ਜੇਕਰ ਚਾਹੁੰਦੀ, ਤਾਂ ਆਪਣਾ ਟੀ.ਵੀ. ਸਟੇਸ਼ਨ ਖੋਲ੍ਹ ਕੇ ਕੌਮਾਂਤਰੀ ਤੌਰ 'ਤੇ ਸਿੱਖੀ ਪ੍ਰਚਾਰ ਕਰ ਸਕਦੀ ਸੀ ਪਰ ਲੰਬੇ ਸਮੇਂ ਤੋਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਆਖੀ ਜਾਣ ਵਾਲੀ ਇਹ ਸੰਸਥਾ ਬਾਦਲਾਂ ਦੀ ਨਿੱਜੀ ਕੰਪਨੀ ਵਜੋਂ ਕੰਮ ਕਰ ਰਹੀ ਹੈ, ਜਿਸ ਦੇ ਪ੍ਰਧਾਨ ਅਤੇ ਜਥੇਦਾਰ ਬਾਦਲਾਂ ਦੇ ਲਿਫਾਫਿਆਂ ਵਿਚੋਂ ਨਿਕਲਦੇ ਹਨ। ਇਨ੍ਹਾਂ ਮੁਖੀਆਂ ਦੇ ਸਿਰਾਂ 'ਤੇ ਬਾਦਲਾਂ ਦੀ ਤਲਵਾਰ ਲਟਕਦੀ ਹੋਣ ਕਾਰਨ ਇਨ੍ਹਾਂ ਆਗੂਆਂ ਨੂੰ ਸਿਆਸੀ ਆਕਾ ਦੀ ਜੀ ਹਜ਼ੂਰੀ ਤੋਂ ਵੱਧ ਕੁਝ ਨਹੀਂ ਸੁੱਝਦਾ ਪਰ ਹੁਣ ਸਿੱਖ ਸੰਗਤ ਜਾਗ ਗਈ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਬਦਲਾਂ ਤੋਂ ਆਜ਼ਾਦ ਕਰਵਾਉਣ ਦਾ ਮੁੱਦਾ ਵੀ ਦਿਨੋਂ-ਦਿਨ ਤੇਜ਼ ਹੁੰਦਾ ਜਾ ਰਿਹਾ ਹੈ।

# ਜਦੋਂ ਹੈਲੀਕਾਪਟਰ ਨੇ ਸੜਕ ਰਸਤੇ ਯਾਤਰਾ ਕੀਤੀ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)



ਇਹ ਦਿਲਚਸਪ ਘਟਨਾ ਸੰਨ 1999 ਦੀ ਹੈ, ਜਦੋਂ ਮੈਂ ਖੰਨਾ ਪੁਲਿਸ ਜ਼ਿਲ੍ਹੇ ਦੀ ਪਾਇਲ ਸਬ ਡਵੀਜ਼ਨ ਦਾ ਡੀ.ਐੱਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਪੰਜਾਬ ਦੇ ਮੁੱਖ ਮੰਤਰੀ ਪਾਇਲ ਦੇ ਨਜ਼ਦੀਕ ਰਾਏਪੁਰ ਪਿੰਡ ਵਿਖੇ ਪਧਾਰੇ ਸਨ। ਰਾਏਪੁਰ ਉਨ੍ਹਾਂ ਦੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦਾ ਪਿੰਡ ਸੀ ਤੇ ਮੁੱਖ ਮੰਤਰੀ ਨੇ ਉਸ ਦੇ ਕਿਸੇ ਨਿੱਜੀ ਸਮਾਗਮ ਵਿਚ ਸ਼ਾਮਲ ਹੋਣਾ ਸੀ ਤੇ ਉਸ ਤੋਂ ਬਾਅਦ ਲੁਧਿਆਣਾ ਜਾਣਾ ਸੀ। ਮੇਰੀ ਡਿਊਟੀ ਫੋਰਸ ਸਮੇਤ ਹੈਲੀਪੈਡ ਅਤੇ ਆਸ-ਪਾਸ ਦੀ ਸੁਰੱਖਿਆ ਕਰਨ ਲਈ ਲਗਾਈ ਗਈ ਸੀ। ਪਰ ਅਚਾਨਕ ਪ੍ਰੋਗਰਾਮ ਵਿਚ ਕੁਝ ਤਬਦੀਲੀ ਹੋ ਗਈ ਤੇ ਪਾਰਟੀ ਪ੍ਰਧਾਨ ਨੇ ਮੁੱਖ ਮੰਤਰੀ ਨੂੰ ਨਜ਼ਦੀਕੀ ਪਿੰਡ ਘੁੰਗਰਾਲੀ ਰਾਜਪੂਤਾਂ ਵਿਖੇ ਚੱਲ ਰਹੇ ਖੇਡ ਮੇਲੇ ਵਿਚ ਇਨਾਮ ਵੰਡਣ ਜਾਣ ਵਾਸਤੇ ਮਨਾ ਲਿਆ। ਘੁੰਗਰਾਲੀ ਰਾਜਪੂਤਾਂ ਉਥੋਂ ਸਿਰਫ 4-5 ਕਿ.ਮੀ. ਦੂਰ ਸੀ, ਇਸ ਲਈ ਮੁੱਖ ਮੰਤਰੀ ਗੱਡੀਆਂ ਦੇ ਕਾਫਲੇ ਰਾਹੀਂ ਚਲੇ ਗਏ। ਪਾਇਲਟਾਂ ਵਾਸਤੇ ਮੇਰੇ ਵਾਇਰਲੈੱਸ ਸੈੱਟ 'ਤੇ ਆਦੇਸ਼ ਆ ਗਿਆ ਕਿ ਉਹ ਹੈਲੀਕਾਪਟਰ ਉਥੇ ਲੈ ਆਉਣ, ਤਾਂ ਜੋ ਵਾਪਸ ਰਾਏਪੁਰ ਆਉਣ ਦੀ ਬਜਾਏ, ਉਥੋਂ ਹੀ ਲੁਧਿਆਣੇ ਲਈ ਉਡਾਣ ਭਰੀ ਜਾ ਸਕੇ।

ਸਾਰੇ ਅਫਸਰ ਅਤੇ ਨੇਤਾ ਮੁੱਖ ਮੰਤਰੀ ਦੇ ਅੱਗੜ-ਪਿੱਛੜ ਘੱਟਾ ਉਡਾਉਂਦੇ ਹੋਏ ਘੁੰਗਰਾਲੀ ਰਾਜਪੂਤਾਂ ਵੱਲ ਦੌੜ ਗਏ। ਹੈਲੀਪੈਡ 'ਤੇ ਮੈਂ, ਹੈਲੀਕਾਪਟਰ ਦਾ ਚਾਲਕ ਦਲ ਤੇ ਥੋੜ੍ਹੇ ਜਿਹੇ ਸਿਪਾਹੀ ਰਹਿ ਗਏ। ਉਸ ਸਮੇਂ ਬਹੁਤ ਘੱਟ ਲੋਕਾਂ ਕੋਲ ਮੋਬਾਇਲ ਫੋਨ ਹੁੰਦੇ ਸਨ। ਸੋਨੀ ਐਰਿਕਸਨ, ਮੋਟਰੋਲਾ ਜਾਂ ਨੋਕੀਆ ਦੇ ਮੋਟੇ-ਮੋਟੇ ਐਨਟੀਨਾ ਵਾਲੇ ਮੋਬਾਇਲ ਹੁੰਦੇ ਸਨ, ਪਰ ਉਹ ਵੀ ਜੀ.ਟੀ. ਰੋਡ ਦੇ ਨਾਲ-ਨਾਲ ਅਤੇ ਵੱਡੇ ਸ਼ਹਿਰਾਂ ਵਿਚ ਹੀ ਚੱਲਦੇ ਸਨ। ਜਿੱਥੇ ਕਿਤੇ ਵੀ.ਆਈ.ਪੀ. ਨੇ ਆਉਣਾ ਹੋਵੇ, ਉਥੇ ਹੈਲੀਕਾਪਟਰ ਦੀ ਲੈਂਡਿੰਗ ਕਰਾਉਣ ਲਈ ਆਰਜ਼ੀ ਹੈਲੀਪੈਡ ਬਣਾ ਕੇ, ਮੌਕੇ 'ਤੇ ਖੜ੍ਹ ਕੇ ਗਲੋਬਲ ਪੋਜਿਸ਼ਨਿੰਗ ਸਿਸਟਮ (ਜੀ.ਪੀ.ਐੱਸ.) ਰਾਹੀਂ ਦਿਸ਼ਾਵਾਂ (ਡਿਗਰੀਆਂ) ਕੱਢ ਕੇ ਭੇਜਣੀਆਂ ਪੈਂਦੀਆਂ ਹਨ। ਹੁਣ ਤਾਂ ਹਰ ਫੋਨ ਵਿਚ ਜੀ.ਪੀ.ਐੱਸ. ਹੈ, ਪਰ ਉਸ ਸਮੇਂ ਬਹੁਤ ਪੰਗਾ ਪੈਂਦਾ ਸੀ। ਨਜ਼ਦੀਕੀ ਛਾਉਣੀ ਜਾਂ ਏਅਰ ਫੋਰਸ ਸਟੇਸ਼ਨ ਤੋਂ ਤਰਲੇ ਕੱਢ ਕੇ ਜੀ.ਪੀ.ਐੱਸ. ਮੰਗਵਾ ਕੇ ਡਿਗਰੀਆਂ ਕੱਢ ਕੇ ਸੀ.ਐੱਮ. ਹਾਊਸ ਭੇਜਣੀਆਂ ਪੈਂਦੀਆਂ ਸਨ, ਤਾਂ ਕਿਤੇ ਹੈਲੀਕਾਪਟਰ ਲੈਂਡਿੰਗ ਕਰਦਾ ਸੀ।

ਅਚਾਨਕ ਪ੍ਰੋਗਰਾਮ ਬਣ ਜਾਣ ਕਾਰਨ ਪਾਇਲਟਾਂ ਕੋਲ ਘੁੰਗਰਾਲੀ ਰਾਜਪੂਤਾਂ ਹੈਲੀਪੈਡ ਦੀਆਂ ਡਿਗਰੀਆਂ ਨਹੀਂ ਸਨ। ਮੈਂ ਪਾਇਲ ਤਾਇਨਾਤ ਹੋਣ ਤੋਂ ਪਹਿਲਾਂ 8-9 ਮਹੀਨੇ ਸੀ.ਐੱਮ. ਸਕਿਉਰਟੀ ਵਿਚ ਡਿਊਟੀ ਕੀਤੀ ਸੀ, ਜਿਸ ਕਾਰਨ ਸਾਰੇ ਸੀ.ਐੱਮ. ਸਕਿਉਰਟੀ ਵਾਲੇ ਅਤੇ ਪਾਇਲਟ ਮੈਨੂੰ ਜਾਣਦੇ ਸਨ। ਇਸ ਬਿਨਾਂ ਅਗਾਊਂ ਸੂਚਨਾ ਦੇ ਬਣੇ ਪ੍ਰੋਗਰਾਮ ਕਾਰਨ ਮੁੱਖ ਪਾਇਲਟ (ਕੈਪਟਨ) ਵਾਹਵਾ ਖਿਝ ਗਿਆ। ਪਹਿਲਾਂ ਤਾਂ ਉਸ ਨੇ ਪ੍ਰਬੰਧਕਾਂ ਨੂੰ ਕੁਝ ਕਰੜੇ ਛੰਦ ਹਵਾ ਵਿਚ ਛੱਡੇ ਤੇ ਫਿਰ ਮੈਨੂੰ ਪੁੱਛਿਆ ਕਿ ਕੀ ਮੈਂ ਘੁੰਗਰਾਲੀ ਦਾ ਰਸਤਾ ਜਣਦਾ ਹਾਂ? ਮੈਂ ਇਸ ਤੋਂ ਪਹਿਲਾਂ ਜ਼ਿੰਦਗੀ ਵਿਚ ਕਦੇ ਹਵਾਈ ਯਾਤਰਾ ਨਹੀਂ ਸੀ ਕੀਤੀ। ਵੈਸੇ ਵੀ ਘੁੰਗਰਾਲੀ ਨਜ਼ਦੀਕ ਹੀ ਸੀ। ਮੈਂ ਹੈਲੀਕਾਪਟਰ ਦਾ ਝੂਟਾ ਲੈਣ ਦੇ ਚਾਅ ਵਿਚ ਬਿਨਾਂ ਸੋਚੇ ਸਮਝੇ ਕਹਿ ਦਿੱਤਾ ਕਿ ਗੱਲ ਈ ਕੋਈ ਨਹੀਂ, ਰੋਜ਼ ਜਾਈਦਾ ਹੈ। ਮੈਂ ਪਲਾਕੀ ਮਾਰ ਕੇ ਹੈਲੀਕਾਪਟਰ ਵਿਚ ਕੈਪਟਨ ਅਤੇ ਚਾਲਕ ਦਲ ਨਾਲ ਬੈਠ ਗਿਆ ਤੇ ਹੈਲੀਕਾਪਟਰ ਉੱਡ ਪਿਆ।

ਮੈਂ ਸੋਚਿਆ ਕਿ ਉੱਡਦੇ ਸਾਰ ਖੱਬੇ ਮੁੜ ਕੇ ਚੜ੍ਹਦੇ ਵੱਲ ਪਿੰਡ ਹੈ, ਪੰਜ ਮਿੰਟ ਵਿਚ ਪਹੁੰਚ ਜਾਵਾਂਗੇ। ਪਰ ਜਦੋਂ ਕੈਪਟਨ ਨੇ ਹੈਲੀਕਾਪਟਰ ਘੁੰਮਾ ਕੇ ਸਿੱਧਾ ਕੀਤਾ, ਤਾਂ ਸਭ ਗੜਬੜ ਹੋ ਗਿਆ। ਉੱਪਰੋਂ ਸਾਰੇ ਸ਼ਹਿਰ, ਪਿੰਡ, ਸੜਕਾਂ ਤੇ ਮਕਾਨਾਂ ਦੀ ਛੱਤ ਇੱਕੋ ਜਿਹੀ ਲੱਗਦੀ ਹੈ। ਕੈਪਟਨ ਮੇਰੀ ਹਾਲਤ ਸਮਝ ਗਿਆ ਕਿ ਇਹ ਐਵੇਂ ਫੜ੍ਹ ਮਾਰ ਬੈਠਾ ਹੈ। ਆਮ ਤੌਰ 'ਤੇ ਸੀ.ਐੱਮ. ਸਕਿਉਰਟੀ ਦਾ ਇੱਕ ਅਫਸਰ ਵਾਇਰਲੈੱਸ ਸੈੱਟ ਲੈ ਕੇ ਹੈਲੀਕਾਪਟਰ ਵਿਚ ਪਾਇਲਟ ਦੇ ਨਾਲ ਬੈਠਦਾ ਹੈ ਪਰ ਮਾੜੀ ਕਿਸਮਤ ਕਿ ਉਹ ਵੀ ਕਾਹਲੀ ਕਾਰਨ ਪਏ ਭੰਬਲਭੂਸੇ ਵਿਚ ਮੁੱਖ ਮੰਤਰੀ ਦੇ ਕਾਫਲੇ ਨਾਲ ਚਲਾ ਗਿਆ। ਮੈਂ ਉੱਲੂ ਵਾਂਗ ਆਸੇ-ਪਾਸੇ 90 ਡਿਗਰੀ 'ਤੇ ਧੌਣ ਘੁੰਮਾਈ ਪਰ ਕੁਝ ਸਮਝ ਵਿਚ ਨਾ ਪਵੇ। ਨਾ ਦਿਸ਼ਾਵਾਂ ਦਾ ਗਿਆਨ, ਨਾ ਸੜਕਾਂ ਤੇ ਨਾ ਹੀ ਪਿੰਡਾਂ ਦੀ ਪਹਿਚਾਣ ਆਵੇ। ਉਪਰੋਂ ਕਿਹੜਾ ਬੋਰਡ ਦਿਸਦੇ ਹਨ? ਹੈਲੀਕਾਪਟਰ ਉੱਡਿਆ ਜਾਵੇ ਤੇ ਮੈਂ ਚਿੰਤਾ ਵਿਚ ਡੁੱਬਦਾ ਜਾਵਾਂ ਕਿ ਅੱਜ ਬੇਇੱਜ਼ਤੀ ਤਾਂ ਪੱਕਾ ਹੋਣੀ ਹੈ ਤੇ ਜੇ ਹੈਲੀਕਾਪਟਰ ਟਾਈਮ 'ਤੇ ਨਾ ਪਹੁੰਚਿਆ ਤਾਂ ਸਸਪੈਂਡ ਵੀ ਹੋਵਾਂਗਾ। "ਹਾਂ ਜੀ ਡਿਪਟੀ ਸਾਹਿਬ, ਫਿਰ ਕਿਸ ਪਾਸੇ ਵੱਲ ਚੱਲੀਏ ਫਿਰ?" ਕੈਪਟਨ ਨੇ ਮਜ਼ਾਕੀਆ ਅੰਦਾਜ਼ ਵਿਚ ਪੁੱਛਿਆ ਤਾਂ ਮੈਨੂੰ ਚੱਕਰ ਆਉਣ ਲੱਗ ਪਏ।

ਪਰ ਨੌਕਰੀ ਖਤਰੇ ਵਿਚ ਪੈਂਦੀ ਵੇਖ ਕੇ ਮੇਰਾ ਦਿਮਾਗ ਕੰਮ ਕਰਨ ਲੱਗ ਪਿਆ। ਮੈਨੂੰ ਖੰਨੇ ਸ਼ਹਿਰ ਤੋਂ ਉਸ ਪਿੰਡ ਦਾ ਰਾਹ ਬਹੁਤ ਚੰਗੀ ਤਰ੍ਹਾਂ ਪਤਾ ਸੀ ਤੇ ਖੰਨਾ ਨਜ਼ਦੀਕ ਹੀ ਸੀ। ਮੈਂ ਕੈਪਟਨ ਨੂੰ ਬੇਨਤੀ ਕੀਤੀ ਕਿ ਇਥੋਂ ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ, ਕ੍ਰਿਪਾ ਕਰਕੇ ਹੈਲੀਕਾਪਟਰ ਜੀ.ਟੀ. ਰੋਡ 'ਤੇ ਲੈ ਜਾਵੇ। ਜਦੋਂ ਹੈਲੀਕਾਪਟਰ ਖੰਨੇ ਵੱਲ ਨੂੰ ਜੀ.ਟੀ. ਰੋਡ 'ਤੇ ਪਹੁੰਚਿਆ ਤਾਂ ਮੈਂ ਉਸ ਨੂੰ ਵਾਪਸ ਬੀਜੇ ਕਸਬੇ ਵੱਲ ਮੋੜਨ ਲਈ ਕਹਿ ਦਿੱਤਾ। ਜਦੋਂ ਅਸੀਂ ਬੀਜੇ ਅੱਡੇ 'ਤੇ ਪਹੁੰਚੇ ਤਾਂ ਮੈਂ ਪਾਇਲ ਰੋਡ ਪਹਿਚਾਣ ਲਿਆ ਤੇ ਕੈਪਟਨ ਨੂੰ ਪਾਇਲ ਵੱਲ ਮੁੜਨ ਲਈ ਕਹਿ ਦਿੱਤਾ। ਮੈਨੂੰ ਪਤਾ ਸੀ ਕਿ ਬੀਜੇ ਤੋਂ ਪਾਇਲ ਵੱਲ ਜਾਂਦਿਆਂ ਖੱਬੇ ਹੱਥ ਮੁੜਨ ਵਾਲੀ ਪਹਿਲੀ ਲਿੰਕ ਰੋਡ ਘੁੰਗਰਾਲੀ ਰਾਜਪੂਤਾਂ ਜਾਂਦੀ ਹੈ। ਮੈਂ ਸੜਕ ਪਹਿਚਾਣ ਕੇ ਹੈਲੀਕਾਪਟਰ ਉਸ ਪਾਸੇ ਨੂੰ ਮੁੜਵਾ ਦਿੱਤਾ। ਥੋੜ੍ਹੀ ਦੂਰ ਖੇਡ ਮੇਲੇ ਦੇ ਟੈਂਟ ਲੱਗੇ ਹੋਏ ਸਨ। ਕੈਪਟਨ ਨੇ ਉਥੇ ਐੱਚ. (ਹੈਲੀਕਾਪਟਰ ਉਤਾਰਨ ਲਈ ਹੈਲੀਪੈਡ 'ਤੇ ਚੂਨੇ ਨਾਲ ਬਣਾਇਆ ਜਾਂਦਾ ਅੰਗਰਜ਼ੀ ਦਾ ਅੱਖਰ ਐੱਚ.) ਵੇਖ ਕੇ ਲੈਂਡਿੰਗ ਕਰ ਦਿੱਤੀ। ਕੈਪਟਨ ਹੱਸ-ਹੱਸ ਕੇ ਦੂਹਰਾ ਹੋ ਗਿਆ ਕਿ ਅਸੀਂ ਹਵਾਈ ਮਾਰਗ ਰਾਹੀਂ ਤਾਂ ਬਹੁਤ ਸਫਰ ਕੀਤਾ ਸੀ, ਅੱਜ ਤੇਰੀ ਕ੍ਰਿਪਾ ਨਾਲ ਸੜਕ ਰਾਹੀਂ ਵੀ ਹੈਲੀਕਾਪਟਰ ਚਲਾ ਕੇ ਵੇਖ ਲਿਆ ਹੈ।

ਸਾਡੇ ਉੱਤਰਨ ਤੋਂ ਪੰਜ-ਸੱਤ ਮਿੰਟ ਬਾਅਦ ਹੀ ਮੁੱਖ ਮੰਤਰੀ ਦਾ ਕਾਫਲਾ ਹੈਲੀਪੈਡ 'ਤੇ ਪਹੁੰਚ ਗਿਆ। ਜੇ ਦਸ ਮਿੰਟ ਦੀ ਵੀ ਦੇਰ ਹੋ ਜਾਂਦੀ, ਤਾਂ ਮੇਰੀ ਖੈਰ ਨਹੀਂ ਸੀ। ਮੈਂ ਕੰਨਾਂ ਨੂੰ ਹੱਥ ਲਗਾਏ ਕਿ ਮੁੜ ਕਦੇ ਅਜਿਹੀ ਨਾਜ਼ੁਕ ਜ਼ਿੰਮੇਵਾਰੀ ਨਹੀਂ ਲੈਣੀ।

# ਕੀ ਸੋਚਦੇ ਹਨ ਕੈਨੇਡਾ ਦੇ ਚਿੱਟੇ ਲੋਕ ਭਾਰਤੀ ਵਿਦਿਆਰਥੀਆਂ ਬਾਰੇ?

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਪਿਛਲੇਂ ਦਿਨੀ ਕੁਝ ਕੈਨੇਡਾ ਦੇ ਚਿੱਟੇ ਨਾਗਰਿਕਾਂ ਨਾਲ ਅੰਤਰਰਾਸ਼ਟਰੀ ਵਿਦਿਆਰਥੀ ਪ੍ਰਵਾਸੀਆਂ ਬਾਰੇ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਦੇ ਕੁਝ ਭਾਰਤੀ ਵਿਦਿਆਰਥੀਆਂ ਬਾਰੇ ਵਿਚਾਰ ਇਸ ਤਰ੍ਹਾਂ ਦੇ ਸਨ। ਇਨ੍ਹਾਂ ਵਿਦਿਆਰਥੀਆਂ ਨੂੰ ਪੱਕੀਆਂ ਨੌਕਰੀਆਂ ਦੀ ਲੋੜ ਨਹੀਂ ਹੁੰਦੀ ਹੈ। ਸਟੱਡੀ ਪਰਮਿਟ ਗੈਰ-ਪ੍ਰਵਾਸੀ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪੂਰੀ ਹੋਣ 'ਤੇ ਕੈਨੇਡਾ ਛੱਡਣਾ ਚਾਹੀਦਾ ਹੈ। ਕੈਨੇਡਾ ਇਹ ਸੁਝਾਅ ਨਹੀਂ ਦਿੰਦਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡੀਅਨ ਨੌਕਰੀਆਂ ਮਿਲਣਗੀਆਂ। ਇਹ ਜੋ ਵਿਦਿਆਰਥੀ ਇਥੇ ਆਉਂਦੇ ਹਨ, ਉਨ੍ਹਾਂ ਨੂੰ ਉੱਚ ਸ਼੍ਰੇਣੀ ਦੀ ਵਿਦਿਆ ਪ੍ਰਾਪਤ ਕਰਕੇ ਆਪਣੇ ਦੇਸ਼ ਵਾਪਸ ਜਾ ਕੇ ਆਪਣੇ ਦੇਸ਼ ਦੀ ਉਨਤੀ ਵਿਚ ਲਗਾਉਣੀ ਚਾਹੀਦੀ ਹੈ, ਆਪਣੇ ਦੇਸ਼ ਵਿਚ ਉਨ੍ਹਾਂ ਦੇ ਰੁਜ਼ਗਾਰ ਦੇ ਮੌਕਿਆਂ ਵਿਚ ਸੁਧਾਰ ਕਰਨ। ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇਹ ਵੀ ਸਾਬਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਆਪਣੇ ਦੇਸ਼ ਨਾਲ ਮਜ਼ਬੂਤ ਸਬੰਧ ਹਨ, ਜਿਸ ਤਹਿਤ ਯਕੀਨ ਦਿਵਾਉਂਦੇ ਹੋਏ ਕਿ ਉਹ ਕੈਨੇਡਾ ਛੱਡ ਦੇਣਗੇ, ਜਦੋਂ ਉਨ੍ਹਾਂ ਦੀ ਪੜ੍ਹਾਈ ਪੂਰੀ ਹੋ ਜਾਵੇਗੀ, ਨਹੀਂ ਤਾਂ ਉਨ੍ਹਾਂ ਦੀ ਸਟੱਡੀ ਪਰਮਿਟ ਅਰਜ਼ੀ ਨੂੰ ਕੈਨੇਡਾ ਸਰਕਾਰ ਨੂੰ ਮਨਜ਼ੂਰੀ ਨਹੀਂ ਦੇਣੀ ਚਾਹੀਦੀ।

ਉਨ੍ਹਾਂ ਦੇ ਵਿਚਾਰ ਇਹ ਵੀ ਹਨ ਕਿ ਇਥੇ ਕੈਨੇਡਾ ਵਿਚ ਪੈਸਾ, ਜ਼ਿਆਦਾਤਰ ਅੰਤਰਰਾਸ਼ਟਰੀ ਵਿਦਿਆਰਥੀ ਭਾਰੀ ਟਿਊਸ਼ਨ ਫੀਸਾਂ ਦੇ ਰਾਹੀਂ ਭੁਗਤਾਨ ਕਰਦੇ ਹਨ, ਕੈਨੇਡੀਅਨਾਂ ਨਾਲੋਂ ਵੱਧ ਮਾਤਰਾ ਵਿਚ। ਉਹ ਸਾਡੀਆਂ ਯੂਨੀਵਰਸਿਟੀਆਂ ਲਈ ਵੱਡੇ ਪੈਸੇ ਬਣਾਉਣ ਵਾਲਿਆਂ ਮਸ਼ੀਨਾਂ ਹਨ, ਇਥੇ ਹੀ ਬੱਸ ਨਹੀਂ, ਧੜਾਧੜ ਕੈਨੇਡਾ ਟਰੂਡੋ ਸਰਕਾਰ ਵੀ ਵੀਜ਼ੇ ਜਾਰੀ ਕਰ ਰਹੀ ਹੈ ਕਿਉਂਕਿ ਵੀਜ਼ਿਆਂ ਨਾਲ ਕੈਨੇਡਾ ਸਰਕਾਰ ਦਾ ਬੈਂਕ ਖਾਤਾ ਭਰ ਰਿਹਾ ਹੈ। ਪਰ ਆ ਰਹੇ ਪ੍ਰਵਾਸੀਆਂ ਲਈ ਨਾ ਤਾਂ ਇਥੇ ਰਹਿਣ ਲਈ ਜਗ੍ਹਾ ਹੈ ਤੇ ਨਾ ਹੀ ਕੰਮ ਹਨ, ਜਿਸ ਕਰਕੇ ਬਹੁਤ ਸਾਰੇ ਵਿਦਿਆਰਥੀ, ਆਪਣਾ ਮਾਨਿਸਕ ਸੰਤੁਲਨ ਗਵਾ ਰਹੇ ਹਨ, ਤੇ ਗਲਤ ਕੰਮਾਂ ਵਿਚ ਪੈ ਰਹੇ ਹਨ, ਕਈਆਂ ਨੇ ਤਾਂ ਆਪਣੀ ਜਾਨ ਤੱਕ ਲੈ ਲਈ ਹੈ, ਪਰ ਉਹ ਫਿਰ ਵੀ ਭਾਰਤੀ ਮਾਪੇ ਕੁਝ ਸਿੱਖ ਨਹੀਂ ਰਹੇ ਤੇ ਉਹ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਲਈ ਘਰ-ਬਾਰ, ਜ਼ਮੀਨ-ਜਾਇਦਾਦ ਵੇਚ ਕੇ ਉਨ੍ਹਾਂ ਨੂੰ ਕੈਨੇਡਾ ਭੇਜ ਰਹੇ ਹਨ, ਜੋ ਬਿਲਕੁਲ ਸਮਝ ਤੋਂ ਬਾਹਰ ਹੈ।

ਉਨ੍ਹਾਂ ਦੇ ਵਿਚਾਰ ਇਹ ਵੀ ਹਨ ਕਿ ਹਾਲਾਂਕਿ, ਇਨ੍ਹਾਂ ਦਾ ਹੁਨਰਮੰਦ ਕਿਰਤੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅੰਤਰਰਾਸ਼ਟਰੀ ਵਿਦਿਆਰਥੀ ਇੱਥੇ ਕੰਮ ਕਰਨ ਲਈ ਨਹੀਂ, ਸਿੱਖਣ ਲਈ ਆਉਂਦੇ ਹਨ। ਅਸਲ ਵਿਚ, ਉਨ੍ਹਾਂ ਦਾ ਵੀਜ਼ਾ ਉਨ੍ਹਾਂ ਨੂੰ ਮਾਮੂਲੀ, ਪਾਰਟ ਟਾਈਮ ਨੌਕਰੀਆਂ ਤੋਂ ਇਲਾਵਾ ਹੋਰ ਕੁਝ ਵੀ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ ਅਤੇ ਇੱਕ ਵਾਰ ਉਨ੍ਹਾਂ ਦਾ ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ, ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਚਲੇ ਜਾਣਾ ਚਾਹੀਦਾ ਹੈ।

ਜੇਕਰ ਕੋਈ ਵਿਅਕਤੀ ਕੈਨੇਡਾ ਵਿਚ ਆਵਾਸ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਕੈਨੇਡਾ ਦੇ ਸਥਾਈ ਨਿਵਾਸ ਪ੍ਰੋਗਰਾਮਾਂ ਤਹਿਤ ਅਪਲਾਈ ਕਰਕੇ ਆਉਣਾ ਚਾਹੀਦਾ ਹੈ, ਨਾ ਕਿ ਸਟੱਡੀ ਪਰਮਿਟ ਲਈ ਅਪਲਾਈ ਕਰਕੇ ਬਾਅਦ ਵਿਚ ਇਸ ਦੀ ਦੁਰਉਪਯੋਗ ਕਰਕੇ ਪੱਕੇ ਤੌਰ 'ਤੇ ਰਹਿਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾਉਣੇ ਚਾਹਿੰਦੇ ਹਨ।

ਪਿਛਲੇ 35 ਸਾਲਾਂ ਤੋਂ ਕੈਨੇਡਾ ਰਹਿੰਦੇ ਹੋ ਗਏ ਹਨ, ਪਿਛਲੇ ਜੋ 10 ਕੁ ਸਾਲਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਟਰੂਡੋ ਸਰਕਾਰ ਵੀਜ਼ੇ ਖੋਲ੍ਹੇ ਹਨ, ਉਹ ਸਿਰਫ਼ ਇਸ ਲਈ ਕਿ ਇਕ ਤਾਂ ਦੇਸੀਆਂ ਦੀਆਂ ਵੋਟਾਂ ਲੈਣ ਲਈ ਦੂਜਾ ਕੈਨੇਡਾ ਸਰਕਾਰ ਦੇ ਡਾਵਾਂਡੋਲ ਹੋਏ ਬਜਟ ਨੂੰ ਪੂਰਾ ਕਰਨ ਲਈ ਉਹ ਹੱਥ-ਪੈਰ ਮਾਰ ਰਿਹਾ ਹੈ। ਇਸ ਤੋਂ ਵੱਧ ਕੁਝ ਨਹੀਂ ਹੈ।

ਨਾ ਤਾਂ ਇਥੇ ਕੋਈ ਰੋਜ਼ਗਾਰ ਪੈਦਾ ਹੋ ਰਹੇ ਹਨ, ਨਾ ਰਹਿਣ ਲਈ ਟਰੂਡੋ ਸਰਕਾਰ ਘਰਾਂ ਦਾ ਨਿਰਮਾਣ ਕਰਵਾ ਰਹੀ ਹੈ। ਜਿਥੇ ਕਿ ਉਹ ਕੈਨੇਡਾ ਦੇ ਲੋਕਾਂ ਨਾਲ ਖੜ੍ਹੇ, ਉਨ੍ਹਾਂ ਦੀ ਵੱਧ ਰਹੇ ਗਰੋਸਰੀ, ਰਹਿਣ-ਬਹਿਣ ਵਾਲਿਆਂ ਵਸਤਾਂ ਦੀਆਂ ਕੀਮਤਾਂ ਬਾਰੇ ਕੁਝ ਕਰੇ, ਉਹ ਬਾਹਰਲੇ ਦੇਸ਼ਾਂ ਦੀਆਂ ਲੜਾਈਆਂ 'ਤੇ ਕਰੋੜਾਂ ਡਾਲਰ ਖਰਾਬ ਕਰ ਰਿਹਾ ਹੈ। ਕੈਨੇਡਾਂ ਦੇ ਲੋਕਾ ਨੂੰ ਦੋ ਵਕਤ ਦੀ ਰੋਟੀ ਖਾਣ ਦੀ ਥਾਂ ਇਕ ਸਮੇਂ ਦੀ ਰੋਟੀ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ, ਤਾਂ ਜੋ ਉਹ ਪੈਸਾ ਜਮ੍ਹਾ ਕਰਕੇ ਘਰਾਂ ਦੇ ਬਿਲ, ਬੱਤੀਆਂ ਤੇ ਘਰਾਂ ਦੀਆਂ ਮੌਰਗੇਟਸ ਦੇ ਸਕਣ। ਹਾਲਾਤ ਬੁਰੇ ਹਨ ਪਰ ਉਪਰੋਂ ਟਰੂਡੋ ਸਰਕਾਰ ਇੰਮੀਗਰਾਂਟਾਂ ਨੂੰ ਕੈਨੇਡਾ ਵਿਚ ਧੜਾਧੜ ਵੀਜ਼ੇ ਜਾਰੀ ਕਰਕੇ ਕੈਨੇਡਾ ਦੇ ਲੋਕਾਂ ਤੋਂ ਨੌਕਰੀਆਂ ਅਤੇ ਉਨ੍ਹਾਂ ਦੇ ਰਹਿਣ-ਸਹਿਣ ਨੂੰ ਤਹਿਸ-ਨਹਿਸ ਕਰ ਰਹੀ ਹੈ, ਜਿਸ ਕਰਕੇ ਕੈਨੇਡੀਅਨ ਲੋਕ ਬਹੁਤ ਪ੍ਰੇਸ਼ਾਨ ਹਨ।

ਇਥੋਂ ਦੇ ਹਲਾਤਾਂ ਨੂੰ ਜਾਣਦੇ ਹੋਏ ਸਭ ਭਾਰਤੀਆਂ, ਪੰਜਾਬੀਆਂ ਨੂੰ ਮੇਰੀ ਇਹ ਹੀ ਰਾਏ ਹੋਏਗੀ ਕਿ ਸਭ ਤੋਂ ਪਹਿਲਾਂ, ਇਸ ਫੈਸਲੇ 'ਤੇ ਕਾਹਲੀ ਨਾ ਕਰੋ ਅਤੇ ਸਾਰੇ ਪਹਿਲੂਆਂ 'ਤੇ ਵਿਚਾਰ ਕਰੋ, ਖਾਸ ਤੌਰ 'ਤੇ ਤੁਹਾਡੀ ਮੌਜੂਦਾ ਸਥਿਤੀ ਅਤੇ ਫਿਰ ਫੈਸਲਾ ਕਰੋ ਕਿ ਲੰਬੇ ਸਮੇਂ ਲਈ ਕੈਨੇਡਾ ਆਉਣਾ ਤੁਹਾਡੇ ਲਈ ਫਾਇਦੇਮੰਦ ਹੋਵੇਗਾ ਜਾਂ ਨਹੀਂ। ਮੈਂ ਹਵਾਲੇ ਲਈ ਇਕ ਦੋਸਤ ਦਾ ਅਨੁਭਵ ਸਾਂਝਾ ਕਰਾਂਗਾ, ਜੋ ਆਪਣੇ ਜੱਦੀ ਸ਼ਹਿਰ ਵਿਚ ਗ੍ਰੈਜੂਏਸ਼ਨ ਤੋਂ ਬਾਅਦ ਲੌਜਿਸਟਿਕ ਖੇਤਰ ਵਿਚ ਇੱਕ ਮੱਧਮ ਨੌਕਰੀ ਕਰ ਰਿਹਾ ਸੀ ਅਤੇ ਔਸਤ ਤਨਖਾਹ ਕਮਾ ਰਿਹਾ ਸੀ। ਉਸ ਦੇ ਜੱਦੀ ਸ਼ਹਿਰ ਵਿਚ ਵਿਕਾਸ ਦੇ ਲਗਭਗ ਕੋਈ ਮੌਕੇ ਨਹੀਂ ਸਨ। ਇਸ ਲਈ, ਵਿਕਾਸ ਲਈ, ਆਪਣੇ ਜੱਦੀ ਸ਼ਹਿਰ ਤੋਂ ਬਾਹਰ ਜਾਣਾ ਪਿਆ। ਉਹ ਸਿੱਧਾ ਵਿਦਿਆਰਥੀ ਵਜੋਂ ਕੈਨੇਡਾ ਆਇਆ ਸੀ ਅਤੇ ਆਖਰਕਾਰ ਸ਼ੁਰੂ ਵਿਚ ਸੰਘਰਸ਼ ਕੀਤਾ ਅਤੇ ਹੁਣ ਆਪਣੇ ਖੇਤਰ ਵਿਚ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ।

ਹੁਣ ਆਮ ਤੌਰ 'ਤੇ ਗੱਲ ਕਰਦੇ ਹੋਏ, ਮੈਂ ਬਹੁਤ ਧਿਆਨ ਨਾਲ ਸੋਚਣ ਅਤੇ ਆਪਣੀ ਮੌਜੂਦਾ ਸਥਿਤੀ ਦੇ ਅਨੁਸਾਰ ਇਸ ਸਵਾਲ ਦਾ ਵਿਸ਼ਲੇਸ਼ਣ ਕਰਨ ਦਾ ਸੁਝਾਅ ਦੇਵਾਂਗਾ। ਜੇ ਤੁਹਾਡੇ ਕੋਲ ਇੱਕ ਚੰਗਾ ਪਰਿਵਾਰਕ ਕਾਰੋਬਾਰ ਹੈ ਅਤੇ ਤੁਹਾਡੇ ਦੇਸ਼ ਵਿਚ ਆਮਦਨੀ ਦਾ ਇੱਕ ਚੰਗਾ ਸਰੋਤ ਅਤੇ ਘਰ ਹੈ, ਤਾਂ ਇੱਥੇ ਆਉਣ ਦਾ ਵਿਚਾਰ ਛੱਡ ਦਿਓ, ਨਾਲ ਹੀ, ਜੇਕਰ ਤੁਸੀਂ ਪਹਿਲਾਂ ਹੀ ਦੁਨੀਆਂ ਦੇ ਕਿਸੇ ਵੀ ਟੀਅਰ 1 ਜਾਂ ਟੀਅਰ 2 ਜਾਂ ਇੱਥੋਂ ਤੱਕ ਕਿ ਕੁਝ ਖਾਸ ਟੀਅਰ 3 ਸ਼ਹਿਰਾਂ ਵਿਚ ਆਧਾਰਿਤ ਹੋ ਅਤੇ ਤੁਹਾਡੇ ਕੋਲ ਇੱਕ ਚੰਗੀ ਕਾਰਪੋਰੇਟ ਨੌਕਰੀ ਹੈ, ਜਿਸ ਵਿਚ ਤੁਸੀਂ ਇੱਕ ਵਿਚਕਾਰਲੇ ਅਹੁਦੇ 'ਤੇ ਵੀ ਵਿੱਤੀ ਤੌਰ 'ਤੇ ਚੰਗੀ ਰਕਮ ਕਮਾ ਰਹੇ ਹੋ, ਮੈਨੂੰ ਨਹੀਂ ਲੱਗਦਾ ਕਿ ਤੁਹਾਨੂੰ ਅਜਿਹਾ ਕਰਨ ਦੀ ਲੋੜ ਹੈ। ਇੱਥੇ ਆਓ ਅਤੇ ਸਕ੍ਰੈਚ ਤੋਂ ਸ਼ੁਰੂ ਕਰੋ। ਮੈਂ ਆਪਣੇ ਇੱਕ ਸਾਥੀ ਵਿਦਿਆਰਥੀ ਨੂੰ ਦੇਖਿਆ ਹੈ, ਜੋ ਲਗਭਗ ਵੱਡੀ ਪੋਸਟ 'ਤੇ ਸੀ ਤੇ ਕਾਫੀ ਪੈਸਾ ਬਣਾ ਰਿਹਾ ਸੀ, ਨਵੀਂ ਦਿੱਲੀ ਵਿਚ 70000/ਮਹੀਨਾ, ਜੋ ਕਿ ਭਾਰਤ ਵਿਚ ਇੱਕ ਮਸ਼ਹੂਰ ਰਾਸ਼ਟਰੀ ਬੈਂਕ ਵਿਚ ਭਾਰਤ ਦਾ ਇੱਕ ਟੀਅਰ 1 ਸ਼ਹਿਰ ਹੈ, ਅਤੇ ਹੁਣ ਉਹ ਇੱਥੇ ਹੈ ਅਤੇ ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਪਾਰਟ ਟਾਈਮ ਨੌਕਰੀ ਲੱਭਣਾ ਵੀ ਮੁਸ਼ਕਲ ਹੋ ਰਿਹਾ ਹੈ ਅਤੇ ਕਈ ਵਾਰ ਇਸ ਸਥਿਤੀ ਤੋਂ ਉਦਾਸ ਹੋ ਜਾਂਦਾ ਹੈ। ਭਾਰਤ ਵਿਚ ਜਿਥੇ ਉਸ ਕੋਲ ਉਸਦਾ ਘਰ ਸੀ, ਉਸਦੇ ਮਾਤਾ-ਪਿਤਾ, ਇੱਕ ਚੰਗੀ ਨੌਕਰੀ। ਅਜਿਹੀਆਂ ਸਥਿਤੀਆਂ ਵਿਚ, ਮੈਂ ਲੋਕਾਂ ਨੂੰ ਵਧੇਰੇ ਨਿਰਾਸ਼ ਅਤੇ ਹੌਂਸਲਾ ਛੱਡਦੇ ਹੋਏ ਦੇਖਿਆ ਹੈ।

ਬਹੁਤੇ ਵਿਦਿਆਰਥੀਆਂ ਨੂੰ ਏਅਰਪੋਰਟ 'ਤੇ ਉਤਰਨ ਤੋਂ ਲੈ ਕੇ ਹਰ ਚੀਜ਼ ਲਈ ਸੰਘਰਸ਼ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਰਿਹਾਇਸ਼, ਇੱਕ ਸਹੀ ਪਾਰਟ ਟਾਈਮ ਨੌਕਰੀ, ਲੋਕਾਂ ਦਾ ਇੱਕ ਚੰਗਾ ਸਮੂਹ ਲੱਭਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਦੀ ਮਾਨਸਿਕ ਸਿਹਤ ਵਿਗੜ ਨਾ ਜਾਵੇ।

ਅਖੀਰ ਵਿਚ, ਜੇਕਰ ਤੁਹਾਡੇ ਕੋਲ ਆਪਣੇ ਦੇਸ਼ ਵਿਚ ਬਹੁਤ ਕੁਝ ਨਹੀਂ ਹੈ, ਤਾਂ ਯਕੀਨੀ ਤੌਰ 'ਤੇ ਇੱਥੇ ਆਓ, ਸਖ਼ਤ ਮਿਹਨਤ ਕਰੋ, ਧੀਰਜ ਰੱਖੋ, ਚੰਗੀਆਂ ਚੀਜ਼ਾਂ ਨੂੰ ਸਮਾਂ ਲੱਗਦਾ ਹੈ ਅਤੇ ਆਪਣੀ ਕਿਸਮਤ 'ਤੇ ਭਰੋਸਾ ਰੱਖੋ ਅਤੇ ਰੱਬ ਵਿਚ ਵਿਸ਼ਵਾਸ ਰੱਖੋ। ਜੇਕਰ ਤੁਸੀਂ ਆਪਣੇ ਦੇਸ਼ ਵਿਚ ਸਭ ਕੁਝ ਵਧੀਆ ਤਰੀਕੇ ਨਾਲ ਕ੍ਰਮਬੱਧ ਕੀਤਾ ਹੈ, ਤਾਂ ਮੈਂ ਤੁਹਾਨੂੰ ਇੱਥੇ ਇੱਕ ਵਿਦਿਆਰਥੀ ਵਜੋਂ ਆਉਣ ਦਾ ਸੁਝਾਅ ਨਹੀਂ ਦੇਵਾਂਗਾ, ਇਸ ਦੀ ਬਜਾਏ ਇੱਕ ਨਵਾਂ ਕਾਰੋਬਾਰ ਸ਼ੁਰੂ ਕਰਨ ਲਈ ਸਿੱਧੇ ਆਉਣ ਦੀ ਕੋਸ਼ਿਸ਼ ਕਰੋ ਜਾਂ ਜੇਕਰ ਤੁਹਾਨੂੰ ਆਪਣੇ ਖੇਤਰ ਵਿਚ ਕੋਈ ਢੁਕਵੀਂ ਨੌਕਰੀ ਮਿਲਦੀ ਹੈ, ਤਾਂ ਉਸ ਰਾਹੀਂ ਅਪਲਾਈ ਕਰਕੇ ਇਥੇ ਕੈਨੇਡਾ ਵਿਚ ਆਉ, ਜਿਸ ਨਾਲ ਤੁਹਾਨੂੰ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪਏਗਾ, ਕਦੇ ਆਤਮ-ਹੱਤਿਆ ਤੱਕ ਕਰਨ ਦੀ ਨੌਬਤ ਨਹੀਂ ਆਏਗੀ।




# ਮਾਸਟਰ ਜੀ ਦਾ ਆਖ਼ਰੀ ਸਵਾਲ....

ਸੰਤੋਖ ਪਾਲ
ਸੰਪਰਕ 80540-10233
pardeep.sharma003@gmail.com
(Punjab Mail USA

ਹਰ ਰੋਜ਼ ਦੀ ਤਰ੍ਹਾਂ ਅੱਜ ਦਾ ਦਿਨ ਵੀ ਸ਼ਾਮ ਵਿਚ ਢਲ ਚੁੱਕਿਆ ਸੀ। ਇਹ ਸ਼ਾਮ ਕੋਈ ਵੱਖਰੀ ਨਹੀਂ ਸੀ, ਬਲਕਿ ਪਹਿਲਾਂ ਵਾਂਗ ਉਦਾਸ ਅਤੇ ਜ਼ਿੰਦਗੀ ਦੀਆਂ ਗਲਤੀਆਂ ਦਾ ਅਹਿਸਾਸ ਕਰਵਾਉਣ ਵਾਲੀ ਸੀ। ਆਉਣ ਵਾਲੀ ਰਾਤ ਕਿਸੇ ਪਹਾੜ ਵਰਗੀ ਜਾਪਦੀ ਸੀ, ਜਿਸ ਪਹਾੜ ਨੂੰ ਇੱਕ ਥੱਕਿਆ-ਟੁੱਟਿਆ ਯਾਤਰੀ ਆਪਣੇ ਚਕਨਾਚੂਰ ਹੋਏ ਸਰੀਰ ਦਾ ਭਾਰ ਚੁੱਕ ਕੇ ਪਾਰ ਕਰਨ ਦਾ ਯਤਨ ਕਰਦਾ ਹੈ ਪਰ ਦਿਨ ਚੜ੍ਹਦਿਆਂ ਹੀ ਉਹ ਆਪਣੇ ਆਪ ਨੂੰ ਪਹਾੜ ਦੇ ਕਦਮਾਂ ਵਿਚ ਬੈਠਾ ਪਾਉਂਦਾ ਹੈ।

ਸ਼ਾਮ ਦਾ ਖਾਣਾ ਖਾ ਕੇ ਸਭ ਆਪਣੇ-ਆਪਣੇ ਕਮਰਿਆਂ ਵਿਚ ਸੌਣ ਲਈ ਚਲੇ ਗਏ ਪਰ ਮੇਰੇ ਕਦਮ ਮਾਸਟਰ ਜੀ ਦਾ ਹਾਲ-ਚਾਲ ਪੁੱਛਣ ਲਈ ਉਨ੍ਹਾਂ ਦੇ ਕਮਰੇ ਵੱਲ ਮੁੜ ਪਏ। ਮੈਂ ਉਨ੍ਹਾਂ ਨੂੰ "ਮਾਸਟਰ ਜੀ" ਇਸ ਕਰਕੇ ਸੰਬੋਧਨ ਕਰਦਾ ਸੀ ਕਿਉਂਕਿ ਬੇਸ਼ੱਕ ਉਹ ਮੇਰਾ ਦੋਸਤ ਸੀ ਪਰ ਉਹ ਮੇਰੇ ਤੋਂ ਕਾਫ਼ੀ ਸੀਨੀਅਰ ਸੀ। ਅਕਸਰ, ਅਸੀਂ ਆਪਣੇ ਦਿਲ ਦਾ ਬੋਝ ਹੌਲਾ ਕਰਨ ਲਈ ਸ਼ਾਮ ਨੂੰ ਘੰਟਾ-ਦੋ ਘੰਟੇ ਇੱਕ ਦੂਸਰੇ ਕੋਲ ਬੈਠ ਜਾਂਦੇ। ਜ਼ਿਆਦਾਤਰ ਮੈਂ ਹੀ ਉਨ੍ਹਾਂ ਦੇ ਕਮਰੇ ਵਿਚ ਜਾਂਦਾ ਸੀ ਕਿਉਂਕਿ ਉਨ੍ਹਾਂ ਦਾ ਬਿਰਧ ਸਰੀਰ ਹੁਣ ਇਜਾਜ਼ਤ ਨਹੀਂ ਸੀ ਦਿੰਦਾ ਕਿ ਉਹ ਜ਼ਿਆਦਾ ਤੁਰ-ਫਿਰ ਸਕਣ। ਉਨ੍ਹਾਂ ਦੇ ਕਮਰੇ ਅੰਦਰ ਵੜਦੇ ਸਾਰ ਹੀ ਸੱਜੇ ਪਾਸੇ ਇੱਕ ਕੁਰਸੀ ਅਤੇ ਇੱਕ ਮੇਜ਼ ਤੋਂ ਇਲਾਵਾ ਖੱਬੇ ਹੱਥ ਵਾਲੀ ਦੀਵਾਰ ਨਾਲ ਆਰਾਮ ਕਰਨ ਲਈ ਇੱਕ ਬੈੱਡ ਲੱਗਿਆ ਹੋਇਆ ਸੀ। ਮੇਜ਼ ਉੱਪਰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀਆਂ ਕੁਝ ਦਵਾਈਆਂ ਰੱਖੀਆਂ ਹੋਈਆਂ ਸਨ। ਪਾਣੀ ਪੀਣ ਲਈ ਇੱਕ ਜੱਗ ਅਤੇ ਇੱਕ ਕੱਚ ਦਾ ਗਿਲਾਸ ਹਮੇਸ਼ਾ ਉਨ੍ਹਾਂ ਦੇ ਸਿਰਹਾਣੇ ਪਿਆ ਰਹਿੰਦਾ ਸੀ। ਇੱਕ-ਦੋ ਮੈਲੇ ਹੋਏ ਕੁੜਤੇ-ਪਜ਼ਾਮੇ ਕਮਰੇ ਦੀ ਕੰਧ ਉੱਤੇ ਲੱਗੀ ਹੁੱਕ 'ਤੇ ਟੰਗੇ ਹੋਏ ਸਨ। ਇੱਕ ਸਾਈਡ 'ਤੇ ਕਾਲੇ ਰੰਗ ਦਾ ਪੁਰਾਣਾ ਸੂਟ ਕੇਸ, ਕੁਝ ਪੰਜਾਬੀ ਨਾਵਲ ਅਤੇ ਪੁਰਾਣੇ ਅਖ਼ਬਾਰ ਪਏ ਸਨ। ਇਸ ਤੋਂ ਜ਼ਿਆਦਾ ਉਨ੍ਹਾਂ ਦੇ ਕਮਰੇ ਵਿਚ ਹੋਰ ਕੋਈ ਵੀ ਕੀਮਤੀ ਸ਼ੈਅ ਨਹੀਂ ਸੀ। ਇੱਥੇ ਹੋਰ ਵੀ ਬਹੁਤ ਸਾਰੇ ਪੰਜਾਬੀ ਲੋਕ ਰਹਿੰਦੇ ਸਨ ਪਰ ਮਾਸਟਰ ਜੀ ਮੇਰੇ ਨਾਲ ਹੀ ਆਪਣੇ ਦਿਲ ਦੀ ਗੱਲ ਸਾਂਝੀ ਕਰਦੇ ਸਨ।

ਜਦੋਂ ਮੈਂ ਕਮਰੇ ਅੰਦਰ ਦਾਖ਼ਲ ਹੋਇਆ, ਤਾਂ ਉਨ੍ਹਾਂ ਦੇ ਸੱਜੇ ਹੱਥ ਵਿਚ ਇੱਕ ਬਲੈਕ ਐਂਡ ਵਾਈਟ ਫਰੇਮ ਕੀਤੀ ਹੋਈ ਫ਼ੋਟੋ ਫੜੀ ਹੋਈ ਸੀ। ਮੇਰੀ ਚੋਰੀ ਨਜ਼ਰ ਉਸ ਫ਼ੋਟੋ 'ਤੇ ਪਈ, ਜਿਸ ਵਿਚ ਇੱਕ ਬੱਚਾ ਆਪਣੀ ਮਾਂ ਦੀ ਬੁੱਕਲ ਵਿਚ ਬੈਠਾ ਹੋਇਆ ਸੀ। ਅੱਜ ਮਾਸਟਰ ਜੀ ਪਹਿਲਾਂ ਨਾਲੋਂ ਕੁਝ ਜ਼ਿਆਦਾ ਉਦਾਸ ਲੱਗ ਰਹੇ ਸਨ। ਮੈਂ ਉਨ੍ਹਾਂ ਨੂੰ ਇਸ ਉਦਾਸੀ ਦਾ ਕਾਰਨ ਪੁੱਛਿਆ, ਤਾਂ ਉਨ੍ਹਾਂ ਨੇ ਬੈੱਡ 'ਤੇ ਬੈਠੇ ਹੁੰਦਿਆਂ ਜਵਾਬ ਦਿੱਤਾ,

"ਤੈਨੂੰ ਯਾਦ ਐ, ਅੱਜ ਮੇਰੇ ਵਿਆਹ ਦੀ ਪੰਜਾਹਵੀਂ ਵਰ੍ਹੇਗੰਢ ਹੈ?"

"ਹਾਂ, ਯਾਦ ਐ ਮੈਨੂੰ" ਇਹ ਕਹਿ ਕੇ ਮੈਂ ਉਨ੍ਹਾਂ ਦੇ ਮਨ ਦੀ ਵਿਥਿਆ ਪੜ੍ਹ ਲਈ ਸੀ।

ਮੈਂ ਕਮਰੇ ਵਿਚ ਪਈ ਕੁਰਸੀ 'ਤੇ ਉਨ੍ਹਾਂ ਦੇ ਸਾਹਮਣੇ ਬੈਠ ਗਿਆ। ਮੇਰਾ ਕਮਰਾ ਉਨ੍ਹਾਂ ਦੇ ਨਾਲ ਵਾਲਾ ਸੀ। ਉਹ ਕਰੀਬ ਪਿਛਲੇ ਚਾਰ ਸਾਲਾਂ ਤੋਂ ਇਹ ਇਕੱਲੇਪਣ ਵਾਲੀ ਜ਼ਿੰਦਗੀ ਬਤੀਤ ਕਰ ਰਹੇ ਸਨ, ਜਦਕਿ ਮੈਂ ਅਜੇ ਪਿਛਲੇ ਸਾਲ ਹੀ ਇੱਥੇ ਆਇਆ ਸਾਂ।

"ਅੱਜ ਇੱਥੇ ਦਿਲ ਨਹੀਂ ਲੱਗਦਾ ਬਾਈ, ਹੁਣ ਘੁਟਣ ਮਹਿਸੂਸ ਹੁੰਦੀ ਐ।"

ਉਨ੍ਹਾਂ ਦੇ ਇਹ ਬੋਲ ਸੁਣ ਕੇ ਮੈਂ ਸਮਝ ਗਿਆ ਕਿ ਅੱਜ ਉਹ ਕਿਸੇ ਡੂੰਘੀ ਸੋਚ ਵਿਚ ਡੁੱਬੇ ਹੋਏ ਹਨ। ਥਰ-ਥਰ ਕੰਬਦੀ ਸਫ਼ੈਦ ਦਾੜ੍ਹੀ ਅਤੇ ਮੱਧਮ ਪਈ ਹੋਈ ਆਵਾਜ਼ ਉਨ੍ਹਾਂ ਦੀ ਹਾਲਤ ਬਿਆਨ ਕਰ ਰਹੀ ਸੀ। ਮੈਂ ਗੱਲ ਨੂੰ ਹੋਰ ਪਾਸੇ ਮੋੜਨਾ ਚਾਹੁੰਦਾ ਸੀ ਪਰ ਉਹ ਅੱਗੇ ਬੋਲ ਪਏ,

"ਸਾਰੀ ਉਮਰ ਮੈਂ ਆਪਣੀ ਔਲਾਦ ਖ਼ਾਤਰ ਪੈਸਾ ਜੋੜਿਆ, ਚਲੋ ਇਹ ਤਾਂ ਸਾਰੇ ਮਾਂ-ਬਾਪ ਈ ਆਪਣੇ ਬੱਚਿਆਂ ਲਈ ਕਰਦੇ ਐ, ਮੇਰੇ ਦਾਦੇ-ਪੜਦਾਦੇ ਨੇ ਵੀ ਦਿਨ-ਰਾਤ ਮਿਹਨਤ ਕਰਕੇ ਆਪਣੇ ਪਿੰਡ ਵਿਚ ਜ਼ਮੀਨ ਬਣਾਈ ਸੀ। ਮਾਸਟਰ ਦੀ ਨੌਕਰੀ ਕਰਦਿਆਂ ਮੈਂ ਆਪਣੇ ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਪੜ੍ਹਾਇਆ। ਵਧੀਆ ਜੀਵਨ ਦੀ ਆਸ ਨਾਲ ਉਨ੍ਹਾਂ ਨੂੰ ਇਸ ਮੁਲਕ ਵਿਚ ਭੇਜਿਆ ਸੀ ਪਰ ਇੱਥੇ ਆ ਕੇ ਉਨ੍ਹਾਂ ਨੇ ਮੈਨੂੰ ਆਪਣੀਆਂ ਜੜ੍ਹਾਂ ਨਾਲੋਂ ਈ ਤੋੜ ਦਿੱਤਾ। ਸਭ ਕੁਝ ਸੀ ਮੇਰੇ ਕੋਲ, ਆਪਣੀ ਜ਼ਮੀਨ-ਜਾਇਦਾਦ, ਆਪਣੇ ਲੋਕ, ਰਿਸ਼ਤੇ-ਨਾਤੇ, ਸਕੇ-ਸਬੰਧੀ, ਸਾਰਾ ਭਾਈਚਾਰਾ ਪਰ ਇਹ ਮੁਲਕ ਸਾਰਾ ਕੁਝ ਨਿਗਲ ਜਾਵੇਗਾ, ਇਹ ਨਹੀਂ ਸੀ ਪਤਾ ਮੈਨੂੰ....." ਮੈਂ ਚੁੱਪਚਾਪ ਸੁਣਦਾ ਰਿਹਾ ਅਤੇ ਉਹ ਲਗਾਤਾਰ ਬੋਲੀ ਜਾ ਰਹੇ ਸਨ।

"ਹੁਣ ਅੰਤ ਸਮੇਂ ਘਰਵਾਲੀ ਵੀ ਸਾਥ ਛੱਡਗੀ। ਉਹ ਬਹੁਤ ਕਿਹਾ ਕਰਦੀ ਸੀ, ਮੈਂ ਨੀਂ ਬਾਹਰ ਜਾਣਾ, ਮੈਂ ਆਪਣੇ ਲੋਕਾਂ ਵਿਚ ਹੀ ਰਹਿਣਾ ਚਾਹੁੰਦੀ ਹਾਂ, ਕੀ ਕਰਾਂਗੇ ਆਪਾਂ ਐਨਾ ਪੈਸਾ ਪਰ ਮੈਂ ਨਹੀਂ ਮੰਨਿਆ। ਚਮਕ-ਦਮਕ ਦੀ ਇਸ ਝੂਠੀ ਦੁਨੀਆਂ ਦੇ ਸੁਫ਼ਨੇ ਨੇ ਮੇਰਾ ਸਭ ਕੁਝ ਉਜਾੜ ਦਿੱਤਾ। ਗ਼ਲਤੀ ਹੋ ਗਈ ਬਾਈ ਆਪਣਾ ਮੁਲਕ ਛੱਡ ਕੇ।"

ਅੱਜ ਮਾਸਟਰ ਮੇਲਾ ਰਾਮ ਜਿਵੇਂ ਆਪਣੀ ਅੱਸੀ ਵਰ੍ਹਿਆਂ ਦੀ ਜ਼ਿੰਦਗੀ ਨਾਲ ਗਿਲੇ-ਸ਼ਿਕਵੇ ਕਰ ਰਿਹਾ ਸੀ ਅਤੇ ਮੈਂ ਉਸ ਦੀ "ਹਾਂ" ਵਿਚ "ਹਾਂ" ਮਿਲਾ ਰਿਹਾ ਸੀ। ਅਸੀਂ ਦੋਵੇਂ ਇੱਕੋ ਸਕੂਲ ਵਿਚ ਇਕੱਠੇ ਪੜ੍ਹਾਉਂਦੇ ਹੁੰਦੇ ਸੀ। ਮਾਸਟਰ ਜੀ ਆਪਣਾ ਵਿਸ਼ਾ ਪੜ੍ਹਾਉਣ ਵਿਚ ਬੜੇ ਮਾਹਿਰ ਸਨ। ਉਹ ਹਿਸਾਬ ਪੜ੍ਹਾਇਆ ਕਰਦੇ ਸਨ। ਉਹ ਬਹੁਤ ਹੀ ਹੌਂਸਲੇ ਵਾਲੇ ਅਤੇ ਮਿਹਨਤੀ ਇਨਸਾਨ ਸਨ ਪਰ ਅੱਜ ਪਹਿਲੀ ਵਾਰ ਮੈਂ ਆਪਣੇ ਭਰਾਵਾਂ ਵਰਗੇ ਯਾਰ ਨੂੰ ਐਨਾ ਉਦਾਸ ਦੇਖ ਰਿਹਾ ਸੀ। ਪਤਾ ਨਹੀਂ ਕਿਉਂ ਅੱਜ ਉਹ ਬੜਾ ਹੀ ਉਖੜਿਆ ਹੋਇਆ ਜਾਪਦਾ ਸੀ।

ਆਪਣੀ ਬੀਤੀ ਹੋਈ ਜ਼ਿੰਦਗੀ ਦਾ ਜ਼ਿਕਰ ਕਰਦਿਆਂ ਮਾਸਟਰ ਮੇਲਾ ਰਾਮ ਕਦੇ ਕੱਚੇ ਘਰਾਂ ਵਿਚ ਬੀਤੇ ਆਪਣੇ ਬਚਪਨ ਦੀਆਂ ਗੱਲਾਂ ਛੇੜ ਲੈਂਦਾ, ਕਦੇ ਪਿੰਡ ਦੇ ਛੱਪੜਾਂ ਤੇ ਬਰੋਟਿਆਂ ਉੱਤੇ ਮਾਣੀਆਂ ਮੌਜਾਂ ਬਾਰੇ ਦੱਸਦਾ। ਕਦੇ ਉਹ ਜੇਠ-ਹਾੜ ਦੀ ਤਪਦੀ ਧੁੱਪ ਵਿਚ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਬਾਪ ਨੂੰ ਯਾਦ ਕਰਦਾ। ਕਦੇ ਆਪਣੇ ਪਿੰਡ ਨੂੰ ਜਾਂਦੇ ਕੱਚੇ ਰਾਹਾਂ, ਕਦੇ ਬਚਪਨ ਦੇ ਜਿਗਰੀ ਦੋਸਤ ਦਿਆਲ ਹਲਵਾਈ ਦੀ ਦੁਕਾਨ ਅਤੇ ਸੇਠ ਕਸਤੂਰੀ ਲਾਲ ਦੀ ਆਟਾ ਚੱਕੀ 'ਤੇ ਲੱਗਣ ਵਾਲੀਆਂ ਰੌਣਕਾਂ ਦੀ ਗੱਲ ਸੁਣਾਉਣ ਲੱਗ ਜਾਂਦਾ। ਉਹ ਕਦੇ ਤਾਂ ਗੱਲ ਨੂੰ ਹਾਸੇ ਵਿਚ ਪਾ ਲੈਂਦਾ ਅਤੇ ਕਦੇ ਕਿਸੇ ਗੱਲ 'ਤੇ ਬੱਚਿਆਂ ਵਾਂਗ ਹੰਝੂ ਵਹਾਉਣ ਲੱਗ ਪੈਂਦਾ। ਇੰਝ ਲੱਗਦਾ ਸੀ, ਜਿਵੇਂ ਉਹ ਸਵੇਰ ਹੁੰਦੇ ਹੀ ਪਿੱਛੇ ਮੁੜ ਜਾਣਾ ਚਾਹੁੰਦਾ ਹੋਵੇ, ਆਪਣੀ ਧਰਤੀ 'ਤੇ, ਆਪਣੇ ਪਿੰਡ, ਆਪਣੇ ਘਰ, ਆਪਣੇ ਲੋਕਾਂ ਕੋਲ ਪਰ ਅੱਜ ਦੀ ਰਾਤ ਜਿਵੇਂ ਮੁੱਕਣ ਵਿਚ ਨਹੀਂ ਆ ਰਹੀ ਸੀ। ਕਦੇ-ਕਦੇ ਆਪਸ ਵਿਚ ਗੱਲਾਂ ਕਰਦੇ ਹੋਏ ਮੈਨੂੰ ਇੰਝ ਮਹਿਸੂਸ ਹੁੰਦਾ ਕਿ ਕੋਈ ਸਾਡੀਆਂ ਗੱਲਾਂ ਚੋਰੀ ਛਿਪੇ ਸੁਣ ਕੇ ਹੱਸ ਰਿਹਾ ਹੈ ਪਰ ਅਸਲ ਵਿਚ ਇੱਥੇ ਸਾਡੀਆਂ ਗੱਲਾਂ ਸੁਣਨ ਵਾਲਾ ਕੋਈ ਵੀ ਨਹੀਂ ਸੀ। ਇਹ ਸਿਰਫ਼ ਮੇਰਾ ਵਹਿਮ ਸੀ। ਮਾਸਟਰ ਜੀ ਦਾ ਵੱਡਾ ਲੜਕਾ ਪਿਛਲੇ ਕਰੀਬ ਸਾਢੇ ਤਿੰਨ ਸਾਲਾਂ ਤੋਂ ਕਦੇ ਵੀ ਉਸਦਾ ਪਤਾ ਲੈਣ ਨਹੀਂ ਆਇਆ ਅਤੇ ਨਾ ਹੀ ਕੋਈ ਹੋਰ ਆਇਆ। ਉਹ ਮਾਸਟਰ ਜੀ ਨੂੰ ਇਹ ਕਹਿ ਕੇ ਇੱਥੇ ਛੱਡ ਗਿਆ ਸੀ ਕਿ ਤੁਸੀਂ ਕੁਝ ਦਿਨ ਇੱਥੇ ਰਹੋ, ਮੈਂ ਆ ਕੇ ਤੁਹਾਨੂੰ ਲੈ ਜਾਵਾਂਗਾ ਪਰ ਉਹ ਅੱਜ ਤੱਕ ਵਾਪਸ ਨਹੀਂ ਆਇਆ। ਹਾਂ, ਪੈਸੇ ਜ਼ਰੂਰ ਸਮੇਂ ਸਿਰ ਭੇਜ ਦਿੰਦਾ ਹੈ।

ਗੱਲਾਂ ਕਰਦੇ ਮਾਸਟਰ ਜੀ ਦੀ ਇੱਕ ਡੂੰਘੇ ਅਰਥਾਂ ਵਾਲੀ ਗੱਲ ਨੇ ਮੈਨੂੰ ਦੁਚਿੱਤੀ ਵਿਚ ਪਾ ਦਿੱਤਾ, ਜਦੋਂ ਉਨ੍ਹਾਂ ਨੇ ਕਿਹਾ ਕਿ, "ਜ਼ਿੰਦਗੀ ਤਾਂ ਇੱਕ ਝੂਠ ਵਰਗੀ ਸੀ ਬਾਈ, ਅਸਲ ਸੱਚ ਤਾਂ ਮੌਤ ਹੈ, ਜਿਸ ਤੋਂ ਅਸੀਂ ਸਾਰੇ ਭੱਜਦੇ ਫਿਰਦੇ ਹਾਂ। ਜੇ ਮੌਤ ਹੀ ਆਪਣੇ ਲੋਕਾਂ ਵਿਚ ਰਹਿੰਦਿਆਂ ਨੂੰ ਨਾ ਆਈ, ਤਾਂ ਅਜਿਹਾ ਜਨਮ ਵੀ ਕਿਸ ਕੰਮ ਦਾ...." ਅੱਜ ਮਾਸਟਰ ਜੀ ਕਿਸੇ ਹੋਰ ਹੀ ਦੁਨੀਆਂ ਵਿਚ ਫਿਰਦੇ ਸਨ।

ਉਨ੍ਹਾਂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਮੰਨਿਆ ਕਿ ਲੋਕ ਰੋਜ਼ੀ-ਰੋਟੀ ਲਈ ਹੱਥ-ਪੈਰ ਮਾਰਦੇ ਹਨ, ਕਮਾਈ ਕਰਨ ਵਿਦੇਸ਼ਾਂ ਵਿਚ ਆਉਂਦੇ ਹਨ ਪਰ ਪੰਛੀ ਵੀ ਤਾਂ ਚੋਗਾ ਚੁੱਗਣ ਤੋਂ ਬਾਅਦ ਆਪਣੇ ਆਲ੍ਹਣਿਆਂ ਵਿਚ ਵਾਪਸ ਮੁੜ ਜਾਂਦੇ ਨੇ, ਤਾਂ ਫਿਰ ਬੰਦਾ ਕਿਉਂ ਨੀਂ? ਅੰਤ ਸਮੇਂ ਵਿਚ ਬੰਦੇ ਕੋਲ ਕੋਈ ਤਾਂ ਆਪਣਾ ਦੁੱਖ-ਸੁੱਖ ਕਰਨ ਵਾਲਾ ਹੋਵੇ। ਬਾਈ, ਜਿੱਥੇ ਪੈਦਾ ਹੋਏ ਜੇ ਉੱਥੇ ਮਰਦੇ ਤਾਂ ਪਤਾ ਲੱਗਦਾ ਕਿ ਅਸੀਂ ਕੌਣ ਸੀ, ਕਿਸਦੀ ਔਲਾਦ ਸੀ, ਕਿਸਦੇ ਲਾਣੇ ਵਿਚੋਂ ਸੀ। ਇੱਥੇ ਸਾਨੂੰ ਕੌਣ ਜਾਣਦੈ ਬਾਈ ਕਿ ਮੈਂ ਹਿਸਾਬ ਵਾਲਾ ਮਾਸਟਰ ਮੇਲਾ ਰਾਮ ਹਾਂ ਅਤੇ ਤੂੰ ਪੰਜਾਬੀ ਮਾਸਟਰ।"

ਉਹ ਪਹਿਲੀ ਵਾਰ ਮੇਰੇ ਨਾਲ ਅਜਿਹੀਆਂ ਗੱਲਾਂ ਕਰਕੇ ਆਪਣੇ ਦਿਲ ਦੀ ਭੜਾਸ ਕੱਢ ਰਿਹਾ ਸੀ। ਮੈਂ ਮਾਸਟਰ ਜੀ ਦਾ ਇਹ ਵੱਖਰਾ ਰੂਪ ਦੇਖ ਕੇ ਹੈਰਾਨ ਸੀ। ਮੇਰੀ ਬੇਚੈਨੀ ਹੋਰ ਵਧਦੀ ਜਾ ਰਹੀ ਸੀ ਪਰ ਮੈਂ ਬੇਬੱਸ ਸੀ। ਉਸਦੇ ਹੱਥ ਵਿਚ ਉਸਦੀ ਘਰਵਾਲੀ ਅਤੇ ਉਸਦੇ ਛੋਟੇ ਲੜਕੇ ਦੀ ਬਚਪਨ ਦੀ ਫ਼ੋਟੋ ਸੀ, ਜਿਸਨੂੰ ਦੇਖ ਕੇ ਉਹ ਪਲ ਪਲ ਮਰ ਰਿਹਾ ਸੀ।

ਉਸਨੇ ਮੈਨੂੰ ਇੱਕ ਆਖ਼ਰੀ ਸਵਾਲ ਕੀਤਾ, "ਬਾਈ, ਜੇ ਮੇਰਾ ਛੋਟਾ ਮੁੰਡਾ ਜਿਉਂਦਾ ਹੁੰਦਾ, ਤਾਂ ਉਹ ਮੈਨੂੰ ਇੱਥੇ ਕਦੇ ਨਾ ਰੁਲਣ ਦਿੰਦਾ। ਮੈਂ ਆਪਣੇ ਪਿੰਡ ਜਾ ਕੇ ਮਰਨਾ ਚਾਹੁੰਦਾ ਹਾਂ। ਮੈਨੂੰ ਆਪਣੇ ਪਿੰਡ ਲੈ ਚੱਲ, ਆਪਣੇ ਲੋਕਾਂ ਕੋਲ। ਤੂੰ ਬੱਸ ਏਨਾ ਕੰਮ ਕਰਦੇ ਮੇਰਾ।" ਇਹ ਗੱਲ ਕਹਿਣ ਤੋਂ ਬਾਅਦ ਉਹ ਕਾਫ਼ੀ ਦੇਰ ਲਈ ਚੁੱਪ ਹੋ ਗਿਆ।

"ਹਾਂ, ਹਾਂ, ਆਪਾਂ ਦੋਵੇਂ ਚੱਲਾਂਗੇ ਆਪਣੇ ਪਿੰਡ ਨੂੰ, ਇੱਥੇ ਨੀ ਮਰਨ ਦਿੰਦਾ ਤੈਨੂੰ।" ਮੈਂ ਬਹੁਤ ਦੇਰ ਸੋਚਣ ਤੋਂ ਬਾਅਦ ਜਵਾਬ ਦਿੱਤਾ। ਮੇਰੇ ਕੋਲ ਮਾਸਟਰ ਜੀ ਦੇ ਮਨ ਨੂੰ ਤਸੱਲੀ ਦੇਣ ਲਈ ਉਸਦੇ ਸਵਾਲ ਦਾ ਇਸ ਤੋਂ ਵਧੀਆ ਜਵਾਬ ਨਹੀਂ ਸੀ। ਫਿਰ ਉਹ ਉੱਚੀ-ਉੱਚੀ ਰੋਂਦੇ ਰਹੇ, ਉਨ੍ਹਾਂ ਦੀ ਆਵਾਜ਼ ਸ਼ਾਇਦ ਕਮਰੇ ਦੇ ਬਾਹਰ ਤੱਕ ਜਾ ਰਹੀ ਸੀ।

ਸਵੇਰ ਦੇ ਕਰੀਬ ਢਾਈ ਕੁ ਵਜੇ ਇੱਕ ਅਮਰੀਕਨ ਔਰਤ ਨੇ ਆ ਕੇ ਸਾਡੇ ਕਮਰੇ ਦਾ ਬੂਹਾ ਖੜਕਾਇਆ। ਮੈਂ ਬੂਹਾ ਖੋਲ੍ਹਿਆ ਤਾਂ ਉਸਨੇ ਮੈਨੂੰ ਅੰਗਰੇਜ਼ੀ ਵਿਚ ਕਿਹਾ, "ਪਲੀਜ਼, ਲਾਇਟ ਬੰਦ ਕਰੋ ਅਤੇ ਸੌਂ ਜਾਓ, ਬਹੁਤ ਰਾਤ ਹੋ ਗਈ ਹੈ।" ਅਸੀਂ ਸੁਫ਼ਨਿਆਂ ਦੇ ਦੇਸ਼ ਅਮਰੀਕਾ ਦੀ ਧਰਤੀ 'ਤੇ ਛੋਟੇ ਜਿਹੇ ਸ਼ਹਿਰ ਵਿਚ ਇੱਕ ਬਿਰਧ ਆਸ਼ਰਮ ਦੇ ਕਮਰੇ ਅੰਦਰ ਬੈਠੇ ਸੀ। ਇਹ ਅਮਰੀਕੀ ਔਰਤ ਸਾਡੀ ਸਾਂਭ-ਸੰਭਾਲ ਕਰਨ ਵਾਲੀ ਸੰਸਥਾ ਦੀ ਇੱਕ ਮੈਂਬਰ ਸੀ। ਜਿਸਦੇ ਕਹਿਣ ਅਨੁਸਾਰ ਅਸੀਂ ਆਪਣੇ ਕਮਰੇ ਦੀ ਲਾਇਟ ਤਾਂ ਬੰਦ ਕਰ ਦਿੱਤੀ ਪਰ ਸਾਨੂੰ ਅੱਜ ਨੀਂਦ ਨਹੀਂ ਆ ਰਹੀ ਸੀ। ਮੇਰਾ ਵੀ ਆਪਣੇ ਕਮਰੇ ਵਿਚ ਜਾਣ ਨੂੰ ਦਿਲ ਨਹੀਂ ਕੀਤਾ। ਇਸ ਲਈ ਮੈਂ ਮਾਸਟਰ ਜੀ ਦੇ ਨਾਲ ਹੀ ਉਨ੍ਹਾਂ ਦੇ ਬੈੱਡ 'ਤੇ ਲੇਟ ਗਿਆ। ਉਹ ਵਾਰ-ਵਾਰ ਇੱਕੋ ਗੱਲ ਕਹਿ ਰਹੇ ਸਨ, "ਓਏ! ਮੇਰੇ ਪੁੱਤ ਨੂੰ ਕੋਈ ਤਾਂ ਸਮਝਾ ਦਿਓ ਕਿ ਉਸ ਤੋਂ ਇਸ ਬਿਰਧ ਆਸ਼ਰਮ ਵਿਚ ਨਹੀਂ ਰਿਹਾ ਜਾਣਾ, ਅਜੇ ਵੀ ਸਮਾਂ ਹੈ, ਆਪਣੇ ਲੋਕਾਂ ਕੋਲ ਵਾਪਸ ਚਲਾ ਜਾ।" ਮੈਂ ਉਨ੍ਹਾਂ ਨੂੰ ਝੂਠੇ ਦਿਲਾਸੇ ਦਿੰਦਾ ਰਿਹਾ। ਆਪਣੇ ਵਿਛੜੇ ਹੋਏ ਸਾਥੀਆਂ ਨੂੰ ਚੇਤੇ ਕਰਦਿਆਂ ਪਤਾ ਨਹੀਂ ਸਾਨੂੰ ਕਦੋਂ ਨੀਂਦ ਆ ਗਈ ਅਤੇ ਕਦੋਂ ਇੱਕ ਨਵੀਂ ਸਵੇਰ ਹੋ ਗਈ।

# ਆਸਥਾ ਦਾ ਨਕਾਬ



ਸਤਪਾਲ ਸਿੰਘ ਦਿਓਲ
(Punjab Mail USA)



ਆਜ਼ਾਦ ਭਾਰਤ ਵਿਚ ਸਭ ਤੋਂ ਘਿਨੌਣਾ ਅਪਰਾਧ ਰਾਜਸਥਾਨ ਦੇ ਅਜਮੇਰ ਸ਼ਹਿਰ ਵਿਚ ਹੋਇਆ ਸੀ। ਸਾਲ ਉਨੀ ਸੌ ਨੱਬੇ ਵਿਚ ਭਾਰਤ ਦੇ ਸਭ ਤੋਂ ਵੱਡੇ ਯੌਨ ਸ਼ੋਸ਼ਨ ਸਕੈਂਡਲ ਨੂੰ ਅਜਮੇਰ ਸ਼ਰੀਫ ਦੀ ਦਰਗਾਹ ਦੇ ਖਾਦਿਮਾਂ ਫਾਰੂਕ ਚਿਸ਼ਤੀ, ਨਫੀਸ ਚਿਸ਼ਤੀ, ਸੈਯਦ ਅਨਵਰ ਚਿਸ਼ਤੀ ਤੇ ਹੋਰਾਂ ਨੇ ਬੇਕਿਰਕ ਤੇ ਬਰਹਿਮ ਹੋ ਕੇ ਅੰਜਾਮ ਦਿੱਤਾ ਸੀ। ਇਸ ਦੀਆਂ ਸ਼ਿਕਾਰ ਤਿੰਨ ਸੌ ਦੇ ਕਰੀਬ ਨਾਬਾਲਗ ਸਕੂਲੀ ਲੜਕੀਆਂ ਹੋਈਆਂ ਸਨ।

ਖਵਾਜਾ ਮੋਇਨੁਦੀਨ ਚਿਸ਼ਤੀ ਸੂਫੀ ਸੰਤ ਸਨ। ਸੂਫੀ ਫਕੀਰਾਂ ਵਿਚ ਉਨ੍ਹਾਂ ਦਾ ਨਾਮ ਬਹੁਤ ਵੱਡਾ ਹੈ। ਉਨ੍ਹਾਂ ਦੀ ਦਰਗਾਹ ਰਾਜਸਥਾਨ ਦੇ ਅਜਮੇਰ ਸ਼ਹਿਰ ਵਿਚ ਹੈ। ਜਿੱਥੇ ਵੱਡੀ ਗਿਣਤੀ ਵਿਚ ਪੰਜਾਬ ਵਿਚੋਂ ਲੋਕ ਚਾਦਰ ਚੜ੍ਹਾਉਣ ਤੇ ਚੜਾਵੇ, ਨਿਆਜਾਂ ਲੈ ਕੇ ਜਾਂਦੇ ਹਨ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਭਾਰਤ ਦੇ ਲੋਕਾਂ ਦੇ ਚੜਾਵੇ ਨਾਲ ਜੋ ਕਾਂਡ ਅੰਜਾਮ ਦਿੱਤਾ, ਉਹ ਸਾਡੇ ਲੋਕਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਸਾਡੇ ਲੋਕ ਆਮ ਹੀ ਧਾਰਮਿਕ ਸਥਾਨਾਂ ਵੱਲ ਇੱਕ ਦੂਜੇ ਤੋਂ ਅੱਗੇ ਹੋ ਕੇ ਚੜਾਵਾ ਚੜਾਉਣ ਲਈ ਪੱਬਾਂ ਭਾਰ ਹੋ ਜਾਂਦੇ ਹਨ। ਮੁਫਤਖੋਰੇ ਲੋਕ ਉਨ੍ਹਾਂ ਚੜ੍ਹਾਵਿਆਂ ਨੂੰ ਕਿੰਝ ਪ੍ਰਯੋਗ ਕਰਦੇ ਹਨ, ਉਸ ਦੀ ਉਦਾਹਰਨ ਇਹ ਕਾਂਡ ਹੈ। ਸਾਡੇ ਲੋਕ ਪਿੰਡਾਂ ਵਿਚੋਂ ਚੜਾਵੇ ਇਕੱਠੇ ਕਰ-ਕਰ ਕੇ ਮੁਸਲਮਾਨ ਕਬਰਾਂ ਤੱਕ ਪੁੱਜਦਾ ਕਰਦੇ ਹਨ। ਮੁਸਲਿਮ ਧਰਮ ਵਿਚ ਕਬਰ ਜਾਂ ਦਰਗਾਹ ਪੂਜਣ ਦੀ ਸਖਤ ਮਨਾਹੀ ਹੈ।

ਸਾਲ ਉਨੀ ਸੌ ਨੱਬੇ ਵਿਚ ਉਪਰੋਕਤ ਤਿੰਨ ਨਾਵਾਂ ਵਾਲੇ ਵਿਅਕਤੀ ਦਰਗਾਹ ਦੇ ਚੜਾਵੇ ਨਾਲ ਅਜਮੇਰ ਸ਼ਹਿਰ ਦੇ ਰਸੂਖਵਾਨਾਂ ਵਿਚ ਸਨ ਤੇ ਸਾਰਾ ਦਿਨ ਸ਼ਹਿਰ ਵਿਚ ਅਵਾਰਾਗਰਦੀ ਕਰਦੇ ਘੁੰਮਦੇ ਸਨ। ਸਥਾਨਕ ਕਾਂਗਰਸ ਪਾਰਟੀ ਦੀਆਂ ਅਹੁਦੇਦਾਰੀਆਂ ਵੀ ਇਨ੍ਹਾਂ ਨੇ ਹਾਸਲ ਕਰ ਲਈਆਂ ਸਨ। ਸ਼ਹਿਰ ਦੇ ਨਾਮੀ ਸਕੂਲਾਂ ਦੀਆਂ ਤਿੰਨ ਸੌ ਦੇ ਕਰੀਬ ਨਾਬਾਲਗ ਲੜਕੀਆਂ ਇਨ੍ਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਈਆਂ। ਸਾਡੀ ਕਾਨੂੰਨ ਵਿਵਸਥਾ ਦੇ ਮੱਥੇ ਉੱਤੇ ਇਹ ਕੇਸ ਕਲੰਕ ਹੈ। ਇਨ੍ਹਾਂ ਕੇਸਾਂ ਵਿਚ ਅੱਜ ਇੱਕ ਵੀ ਦੋਸ਼ੀ ਜੇਲ੍ਹ ਵਿਚ ਨਹੀਂ ਹੈ।

ਕਹਾਣੀ ਸ਼ੁਰੂ ਹੁੰਦੀ ਹੈ ਇੱਕ ਗਰੀਬ ਘਰ ਦੀ ਲੜਕੀ ਦੇ ਗੈਸ ਕੁਨੈਕਸ਼ਨ ਲੈਣ ਤੋਂ, ਜਿਸ ਨੇ ਕੁਨੈਕਸ਼ਨ ਲੈਣ ਲਈ ਚਿਸ਼ਤੀ ਪਰਿਵਾਰ ਦੇ ਇਨ੍ਹਾਂ ਰਸੂਖਵਾਨਾਂ ਤੱਕ ਪਹੁੰਚ ਕੀਤੀ, ਜੋ ਉਸ ਨੂੰ ਕੁਨੈਕਸ਼ਨ ਦਿਵਾਉਣ ਦੇ ਨਾਮ 'ਤੇ ਕਾਰ ਵਿਚ ਬਿਠਾ ਕੇ ਚਿਸ਼ਤੀ ਪਰਿਵਾਰ ਦੇ ਫਾਰਮ ਹਾਊਸ 'ਤੇ ਲੈ ਗਏ, ਅਸ਼ਲੀਲ ਵੀਡੀਓ ਬਣਾਈ ਗਈ। ਉਸ ਤੋਂ ਬਾਅਦ ਇੱਕ ਤੋਂ ਇੱਕ ਕਰਕੇ ਉਸ ਦੇ ਸਕੂਲ ਦੀਆਂ ਲੜਕੀਆਂ ਨੂੰ ਸ਼ਿਕਾਰ ਬਣਾਇਆ ਜਾਣ ਲੱਗਾ। ਇਹ ਸਕੈਂਡਲ ਸ਼ਹਿਰ ਦੀਆਂ ਆਮ ਲੜਕੀਆਂ ਨੂੰ ਵੀ ਸ਼ਿਕਾਰ ਬਣਾਉਣ ਲੱਗ ਪਿਆ। ਇਹ ਸਾਰਾ ਸਕੈਂਡਲ ਪ੍ਰਸ਼ਾਸਨ ਦੀ ਜਾਣਕਾਰੀ ਹੇਠ ਵਧ-ਫੁੱਲ ਰਿਹਾ ਸੀ। ਪ੍ਰਸ਼ਾਸਨ ਨੂੰ ਡਰ ਸੀ ਕਿ ਮੁਸਲਮਾਨ-ਹਿੰਦੂ ਦੰਗੇ ਨਾ ਭੜਕ ਜਾਣ, ਇਸ ਕਾਰਨ ਇਹ ਸਾਰਾ ਮਸਲਾ ਦਬਾਇਆ ਗਿਆ। ਜ਼ਿਆਦਾ ਸ਼ਿਕਾਰ ਹੋਣ ਵਾਲੀਆਂ ਲੜਕੀਆਂ ਹਿੰਦੂ ਸਨ।

ਸ਼ਹਿਰ ਦੇ ਇੱਕ ਲੋਕਲ ਅਖਬਾਰ ਨੇ ਇਹ ਮਸਲਾ ਉਨੀਂ ਸੌ ਬਾਨਵੇਂ ਵਿਚ ਚੁੱਕਣਾ ਸ਼ੁਰੂ ਕੀਤਾ। ਇਸ ਦੌਰਾਨ ਇੱਕ ਲੋਕਲ ਪੱਤਰਕਾਰ ਦੀ ਹੱਤਿਆ ਵੀ ਹੋਈ। ਜਦੋਂ ਸਬੂਤਾਂ ਸਮੇਤ ਖਬਰਾਂ ਛਪਣ ਲੱਗੀਆਂ, ਤਾਂ ਜਾਂਚ ਸ਼ੁਰੂ ਹੋਈ। ਬਹੁਤ ਸਾਰੀਆਂ ਲੜਕੀਆਂ ਨੇ ਆਤਮਹੱਤਿਆ ਕਰ ਲਈ। ਕੁਝ ਲੜਕੀਆਂ ਨੇ ਮੁਕੱਦਮਾ ਦਰਜ ਕਰਾਇਆ। ਉਸ ਤੋਂ ਬਾਅਦ ਕਾਨੂੰਨ ਦਾ ਘਿਨੌਣਾ ਖੇਲ ਸ਼ੁਰੂ ਹੋ ਗਿਆ। ਵਾਰ-ਵਾਰ ਅਦਾਲਤ ਵਿਚ ਬੁਲਾ ਕੇ ਅਤੇ ਅਪਰਾਧੀਆਂ ਵੱਲੋਂ ਇਨਸਾਫ ਮੰਗਣ ਵਾਲੀਆਂ ਲੜਕੀਆਂ ਨੂੰ ਜਲੀਲ ਕੀਤਾ ਜਾਣ ਲੱਗਾ। ਚਿਸ਼ਤੀ ਖਾਨਦਾਨ ਦੇ ਇੱਕ ਲੜਕੇ ਨੇ ਆਪਣੇ ਆਪ ਨੂੰ ਫਰਜ਼ੀ ਡਾਕਟਰੀ ਸਰਟੀਫਿਕੇਟ ਦੇ ਆਧਾਰ 'ਤੇ ਪਾਗਲ ਘੋਸ਼ਿਤ ਕਰਵਾ ਲਿਆ। ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ। ਬਹੁਤ ਸਾਰੇ ਦੋਸ਼ੀ ਫਰਾਰ ਹੋ ਗਏ। ਸਥਾਨਕ ਅਦਾਲਤ ਨੇ ਕੁਝ ਕੁ ਅਪਰਾਧੀਆਂ ਨੂੰ ਉਮਰ ਕੈਦ ਕੀਤੀ, ਜੋ ਸੁਪਰੀਮ ਕੋਰਟ ਤੱਕ ਜਾਂਦਿਆਂ-ਜਾਂਦਿਆਂ ਦਸ ਸਾਲ ਸਜ਼ਾ ਵਿਚ ਬਦਲੀ ਗਈ, ਕੁਝ ਲੋਕ ਬਰੀ ਕਰ ਦਿੱਤੇ ਗਏ।

ਕੁਝ ਦਿਨ ਪਹਿਲਾਂ ਇੱਕ ਦੋਸ਼ੀ ਨੇ ਛੱਬੀ ਸਾਲ ਬਾਅਦ ਅਦਾਲਤ ਅੱਗੇ ਸਮਰਪਣ ਕੀਤਾ ਹੈ। ਉਸ ਵਾਸਤੇ ਗਵਾਹੀ ਲਈ ਇੱਕ ਔਰਤ ਨੂੰ ਬੁਲਾਇਆ ਗਿਆ। ਕਾਨੂੰਨ ਦੇ ਜ਼ੁਲਮ ਦੀ ਇਹ ਅੱਤ ਸੀ, ਜਦੋਂ ਉਸ ਨੇ ਅਦਾਲਤ ਵਿਚ ਕਿਹਾ, "ਮੈਂ ਹੁਣ ਦਾਦੀ ਬਣ ਚੁੱਕੀ ਹਾਂ, ਆਪਣੇ ਘਰ ਪਲ-ਪਲ ਮੌਤ ਉਡੀਕ ਰਹੀ ਹਾਂ, ਮੈਨੂੰ ਹੁਣ 'ਤੇ ਮਾਫ ਕਰੋ"। ਸੁਣ ਕੇ ਨਿਆਂਇਕ ਅਫਸਰ ਦੀਆਂ ਅੱਖਾਂ ਨਮ ਹੋ ਗਈਆਂ ਸੀ।


ਸਮਾਂ ਰਹਿੰਦੇ ਜੇਕਰ ਪ੍ਰਸ਼ਾਸਨ ਰਸੂਖਵਾਨਾਂ 'ਤੇ ਕਾਰਵਾਈ ਕਰਦਾ, ਤਾਂ ਬਹੁਤ ਜਾਨਾਂ ਬਚਾਈਆਂ ਜਾ ਸਕਦੀਆਂ ਸਨ। ਅਪਰਾਧ ਰੋਕਿਆ ਜਾ ਸਕਦਾ ਸੀ। ਸਾਡੇ ਲੋਕਾਂ ਦੇ ਚੜ੍ਹਾਵੇ ਦੇ ਪੈਸੇ ਨਾਲ ਐਸ਼ਪ੍ਰਸਤ ਲੋਕਾਂ ਨੇ ਅਜਿਹੇ ਘਿਨੌਣੇ ਜੁਰਮ ਨੂੰ ਅੰਜਾਮ ਦਿੱਤਾ ਸੀ। ਜੇਕਰ ਕੋਈ ਧਰਮ ਜਾਂ ਦਰਗਾਹ ਪਾਪੀਆਂ ਨੂੰ ਸਜ਼ਾ ਦਿੰਦੀ ਹੁੰਦੀ, ਤਾਂ ਇਸ ਤੋਂ ਵੱਡਾ ਕੋਈ ਪਾਪ ਨਹੀ ਸੀ। ਚਿਸ਼ਤੀ ਪਰਿਵਾਰ ਦਾ ਇੱਕ ਭਗੌੜਾ ਮੁਲਜ਼ਮ ਅਮਰੀਕਾ ਵਿਚ ਸ਼ਾਨਦਾਰ ਜ਼ਿੰਦਗੀ ਦਾ ਲੁਤਫ ਲੈ ਰਿਹਾ ਹੈ। ਅਸੀਂ ਅੱਜ ਵੀ ਉਨ੍ਹਾਂ ਦੀ ਐਸ਼ਪ੍ਰਸਤੀ ਲਈ ਚੜਾਵੇ ਤੇ ਨਿਆਜਾਂ ਲੈ ਕੇ ਜਾ ਰਹੇ ਹਾਂ। ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਵੱਡੀ ਗਿਣਤੀ ਵਿਚ ਹਿੰਦੂ-ਸਿੱਖ ਉਨ੍ਹਾਂ ਦੇ ਚੜਾਵੇ ਦਾ ਜ਼ਰੀਆ ਹਨ। ਦੋਸ਼ੀਆਂ ਨੂੰ ਵੀ ਬਣਦੀ ਸਜ਼ਾ ਨਾ ਰੱਬ ਨੇ ਦਿੱਤੀ ਤੇ ਨਾ ਹੀ ਸਾਡੀ ਅਦਾਲਤ ਨੇ। ਪੁਰਾਣੇ ਸਮੇਂ ਵਿਚ ਸਾਡੇ ਕੋਲ ਸਿੱਖਿਆ ਨਹੀਂ ਸੀ, ਅਨਪੜ੍ਹ ਲੋਕ ਅਖੌਤੀ ਚਮਤਕਾਰਾਂ ਦੇ ਚੱਕਰਾਂ ਵਿਚ ਫਸ ਕੇ ਪਿਛਲੱਗੂ ਬਣੇ ਸਨ। ਹੁਣ ਤਾਂ ਸਾਡੇ ਲੋਕ ਸਿੱਖਿਅਤ ਹਨ ਪਰ ਅੱਜ ਵੀ ਅਜਿਹੇ ਚੱਕਰਾਂ ਵਿਚ ਪਏ ਹਨ। ਦੋਸ਼ੀ ਸਿਰਫ ਚਿਸ਼ਤੀ ਖਾਨਦਾਨ ਦੇ ਲੜਕੇ ਹੀ ਨਹੀਂ, ਸਾਡੇ ਅੰਧਵਿਸ਼ਵਾਸੀ ਲੋਕ ਵੀ ਦੋਸ਼ੀ ਹਨ, ਜਿਨ੍ਹਾਂ ਨੇ ਆਸਥਾ ਦੇ ਨਾਮ 'ਤੇ ਉਨ੍ਹਾਂ ਲਈ ਧਨ, ਦੌਲਤ ਤੇ ਰਸੂਖ ਉਪਲਬਧ ਕਰਾਇਆ।

# ਮਾਈਗਰੇਨ (ਸਿਰਦਰਦ) ਬਣੀ ਆਮ ਬਿਮਾਰੀ

*"ਲਗਾਤਾਰ ਕੁੱਝ ਦਿਨ ਅੱਧਾ ਤੇਜ਼ ਸਿਰ-ਦਰਦ ਰਹਿਣਾ, ਘਬਰਾਹਟ, ਚੱਕਰ ਆਉਣੇ, ਉਲਟੀਆਂ, ਫੋਟੋਫੋਬੀਆ, ਸਿਰ 'ਤੇ ਭਾਰ ਮਹਿਸੂਸ ਹੋਣਾ, ਬਲੱਡ-ਪ੍ਰੈਸ਼ਰ ਦਾ ਜ਼ਿਆਦਾ ਰਹਿਣਾ ਦੇ ਨਾਲ ਸਟ੍ਰੋਕ ਦੇ ਖਤਰੇ ਦਾ ਕਾਰਨ ਵੱਧ ਰਹੀ ਆਮ ਬਿਮਾਰੀ ਮਾਈਗਰੇਨ ਵੀ ਹੋ ਸਕਦੀ ਹੈ"- ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)





ਜੂਨ 2023 ਨੂੰ ਮਾਈਗਰੇਨ ਜਾਗਰੂਕਤਾ ਮਹੀਨੇ ਵਜੋਂ ਮਨਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਅੱਜ ਵਿਸ਼ਵ ਪੱਧਰ 'ਤੇ ਮਾਈਗਰੇਨ ਯਾਨਿ ਸਿਰ-ਦਰਦ ਬੱਚੇ, ਨੌਜਵਾਨ, ਗਰਭਵਤੀ ਔਰਤਾਂ, ਸੀਨੀਅਰਜ਼ ਯਾਨਿ ਹਰ ਉਮਰ ਵਿਚ ਅਸਰ ਦੇਖਿਆ ਜਾ ਰਹਾ ਹੈ। ਡਬਲਯੂ.ਐੱਚ.ਓ. ਦੀ ਰਿਪੋਰਟ ਮੁਤਾਬਿਕ ਵਿਸ਼ਵ ਭਰ ਵਿਚ ਲਗਭਗ 65% ਲੋਕਾਂ ਨੂੰ 18-65 ਦੀ ਉਮਰ ਵਿਚ 1 ਸਾਲ ਅੰਦਰ ਸਿਰ ਦਰਦ ਤੋਂ ਪ੍ਰੇਸ਼ਾਨ ਦੇਖਿਆ ਗਿਆ ਹੈ। 35% ਤੋਂ ਵੱਧ ਆਬਾਦੀ ਨੇ ਮਾਈਗ੍ਰੇਨ ਕਾਰਨ ਸਿਰ ਦਰਦ ਮਹਿਸੂਸ ਕੀਤਾ ਹੈ। ਮਾਈਗ੍ਰੇਨ ਪੀੜਿਤਾਂ ਨੇ ਹਰ ਤੀਜੇ ਦਿਨ ਦਰਦ ਦੀ ਸ਼ਿਕਾਇਤ ਕੀਤੀ ਹੈ।

ਡਬਲਯੂ.ਐੱਚ.ਓ. ਨੇ 2004 ਵਿਚ ਗੈਰ-ਸਰਕਾਰੀ ਸੰਗਠਨ ਲਿਫਟਿੰਗ ਦਿ ਬਰਡਨ ਦੇ ਨਾਲ ਸਿਰਦਰਦ ਦੇ ਵਿਰੁੱਧ ਗਲੋਬਲ ਮੁਹਿੰਮ ਸ਼ੁਰੂ ਕੀਤੀ ਸੀ। ਇਸਦਾ ਮਕਸਦ ਸਿਰਦਰਦ ਦੇ ਰੋਗਾਂ ਪ੍ਰਤੀ ਜਾਗਰੂਕਤਾ ਦੇ ਨਾਲ ਵਿਸ਼ਵ ਭਰ ਵਿਚ ਦੇਖਭਾਲ ਦੀ ਗੁਣਵਤਾ ਵਿਚ ਸੁਧਾਰ ਕਰਨਾ ਸੀ। ਸਾਲ 2011 ਵਿਚ ਡਬਲਯੂ.ਐੱਚ.ਓ. ਨੇ ਸਿਰਦਰਦ ਦੇ ਰੋਗਾਂ ਨੂੰ ਘਟਾਉਣ ਲਈ ਐਟਲਸ ਵੀ ਪ੍ਰਕਾਸ਼ਿਤ ਕੀਤੇ ਸਨ।

ਹਰ ਦਿਨ ਸਟ੍ਰੈਸ, ਘੱਟ ਆਮਦਨੀ ਜ਼ਿਆਦਾ ਖਰਚਾ ਵੱਧ ਰਹੀ ਸਿਰਦਰਦ ਦੀ ਪ੍ਰੇਸ਼ਾਨੀ ਦਾ ਕਾਰਨ ਬਣਦਾ ਜਾ ਰਿਹਾ ਹੈ। ਸਰੀਰ 'ਤੇ ਮਨ ਦੇ ਆਮ ਰੋਗਾਂ ਤੋਂ ਲੈ ਕੇ ਦਿਮਾਗ ਦੀਆਂ ਗੰਭੀਰ ਬਿਮਾਰੀਆਂ ਨੂੰ ਸਿਰਦਰਦ ਦਾ ਕਾਰਨ ਮੰਨਿਆ ਗਿਆ ਹੈ। ਕਈ ਕਿਸਮ ਦੇ ਸਿਰਦਰਦ 'ਚ ਮਾਈਗ੍ਰੇਨ, ਤਣਾਅ ਘੱਟ ਕਰਨ ਵਾਲੀ ਦਵਾਈਆਂ ਦੀ ਜ਼ਿਆਦਾ ਵਰਤੋਂ ਨਾਲ ਵੀ ਸ਼ੁਰੂ ਹੋ ਜਾਂਦਾ ਹੈ। ਮਾਈਗ੍ਰੇਨ ਦੇ ਸ਼ਿਕਾਰ ਘੱਟ ਉਮਰ 'ਤੇ 35-40 ਸਾਲ ਦੇ ਲੋਕ ਆ ਰਹੇ ਹਨ। ਹਾਰਮੋਨਜ਼ ਦਾ ਵਿਗੜਿਆ ਬੈਲੇਂਸ ਸਿਰ ਅਤੇ ਖੂਨ ਦੀਆਂ ਨਾੜੀਆਂ ਦੁਆਲੇ ਦਰਦ ਸ਼ੁਰੂ ਕਰ ਦਿੰਦਾ ਹੈ। ਮਾਈਗ੍ਰੇਨ ਦਾ ਅਟੈਕ ਵਾਰ-ਵਾਰ ਹੁੰਦਾ ਹੈ। ਮਾਈਗ੍ਰੇਨ ਦੀ ਹਾਲਤ 'ਚ ਵਿਅਕਤੀ ਪੇਟ ਅੰਦਰ ਗੜਬੜ, ਉਲਟੀਆਂ ਦੇ ਨਾਲ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਹਨ।

ਤਣਾਅ ਯਾਨਿ ਟੀ.ਟੀ.ਐੱਚ. ਪ੍ਰਾਇਮਰੀ ਕਿਸਮ ਦਾ ਸਿਰਦਰਦ ਹੈ। ਤਕਰੀਬਨ 70% ਵਿਅਕਤੀ ਐਪੀਸੋਡਿਕ ਟੀ.ਟੀ.ਐੱਚ. ਦੀ ਹਾਲਤ 'ਚ 15 ਦਿਨ ਤੋਂ ਪਹਿਲਾਂ ਹੀ ਦਰਦ ਦੇ ਸ਼ਿਕਾਰ ਹੋ ਜਾਂਦੇ ਹਨ। ਇਸਦਾ ਅਸਰ ਨੌਜਵਾਨਾਂ ਵਿਚ ਜ਼ਿਆਦਾ ਦੇਖਿਆ ਜਾ ਰਿਹਾ ਹੈ। ਤਣਾਅ ਸੰਬੰਧੀ ਦਰਦ ਗਰਦਨ ਦੀ ਮਾਂਸਪੇਸ਼ੀਆਂ ਕਾਰਨ ਹੋ ਸਕਦਾ ਹੈ। ਇਸ ਹਾਲਤ ਵਿਚ ਸਿਰ ਦੇ ਦੁਆਂਲ਼ੇ ਇਕ ਬੈਂਡ ਵਾਂਗ ਕਈ ਵਾਰ ਗਰਦਨ ਵਿਚ ਦਰਦ ਮਹਿਸੂਸ ਹੁੰਦੀ ਹੈ। ਕਲਸਟਰ ਦੀ ਹਾਲਤ ਵਿਚ ਗੰਭੀਰ ਸਿਰ ਦਰਦ ਦੌਰਾਨ ਇੱਕ ਅੱਖ ਵਿਚ ਜਾਂ ਇਸਦੇ ਦੁਆਲੇ, ਅੱਖਾਂ ਵਿਚੋਂ ਅੱਥਰੂ, ਲਾਲੀ, ਨੱਕ ਚਲਣ ਦੇ ਨਾਲ ਪਲਕ ਬਲਾਕ ਹੋ ਸਕਦੀ ਹੈ। ਦਵਾਈ ਦੀ ਜ਼ਿਆਦਾ ਇਸਤੇਮਾਲ ਨਾਲ ਐੱਮ.ਓ.ਐੱਚ. ਸੈਕੰਡਰੀ ਸਿਰਦਰਦ, ਜੋ ਮਰਦਾਂ ਨਾਲੋਂ ਔਰਤਾਂ ਜ਼ਿਆਦਾ ਘੇਰੇ ਵਿਚ ਆਉਂਦੀਆਂ ਹਨ। ਸਮਾਜਿਕ, ਪਰਿਵਾਰਕ ਅਤੇ ਆਰਥਿਕ ਮਾਨਸਿਕ ਪ੍ਰੈਸ਼ਰ ਛੋਟੀ ਉਮਰ ਤੋਂ ਲੈ ਕੇ 50 ਸਾਲਾਂ ਦੀ ਉਮਰ ਤੱਕ ਜ਼ਿਆਦਾ ਸਿਰਦਰਦ ਦੀ ਸ਼ਿਕਾਇਤ ਦੇਖੀ ਜਾ ਰਹੀ ਹੈ।

ਸਿਰਦਰਦ ਦੇ ਰੋਗੀ ਆਪਣੇ ਲਾਈਫ ਸਟਾਇਲ ਵਿਚ ਬਦਲਾਅ ਕਰਕੇ ਅਤੇ ਅੱਗੇ ਲਿਖੇ ਤਰੀਕੇ ਦੁਆਰਾ ਬਿਹਤਰ ਜ਼ਿੰਦਗੀ ਜੀਅ ਸਕਦੇ ਹਨ :

* ਮਾਈਗ੍ਰੇਨ ਨੂੰ ਟਰਿੱਗਰ ਕਰਨ ਵਾਲੇ ਨਾਈਟ੍ਰੇਟਸ ਵਾਲੇ ਪਦਾਰਥ ਡੇਲੀ ਮੀਟ, ਬੇਕਨ, ਹਾਟ-ਡਾਗ 'ਚ ਇਸਤੇਮਾਲ ਹੋਣ ਵਾਲੇ ਸਾਸੇਜ ਅਤੇ ਕੈਫੀਨ ਸਿਰਦਰਦ ਤੋਂ ਪਰੇਸ਼ਾਨ ਵਿਅਕਤੀ ਨੂੰ ਆਪਣੀ ਖ਼ੁਰਾਕ ਵਿਚ ਮੋਨੋਸੋਡੀਅਮ ਵਾਲੇ ਭੋਜਨ, ਤੇਲ-ਮਿਰਚ-ਮਸਾਲੇ ਵਾਲਾ ਅਚਾਰ, ਗਲੂਟਾਮੇਟ (ਐੱਮ.ਐੱਸ.ਜੀ.), ਪ੍ਰੋਸੈਸਡ ਪਦਾਰਥ, ਫੈਟਾ, ਸੀਡਰ, ਪਰਮੇਸਨ ਤੇ ਸਵਿਸ (ਟਾਇਰਾਮਾਈਨ), ਮੱਖਣ, ਖੱਟੀ ਕ੍ਰੀਮ, ਦਹੀਂ, ਜੰਕ ਫੂਡ, ਆਈਸਕ੍ਰੀਮ, ਅਲਕੋਹਲ, ਵਗੈਰਾ ਤੋਂ ਪਰਹੇਜ਼ ਦੀ ਲੋੜ ਹੁੰਦੀ ਹੈ।

- ਸਿਰਦਰਦ ਵੇਲੇ ਕਾਟਨ ਬਾਲ (ਰੂਈ) ਲੈ ਕੇ ਲੈਵੈਂਡਰ ਇਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ 10-15 ਮਿੰਟ ਇਨਹੇਲ ਯਾਨਿ ਸਾਹ ਲੈਣ ਨਾਲ ਰੋਗੀ ਨੂੰ ਆਰਾਮ ਮਿਲਦਾ ਹੈ।
- ਪਿਪਰਮੇਂਟ ਇਸੈਂਸ਼ੀਅਲ ਤੇਲ ਦੀਆਂ ਕੁੱਝ ਬੂੰਦਾਂ ਮੱਥੇ ਅਤੇ ਗਰਦਨ ਦੇ ਪਿੱਛੇ ਲਗਾ ਰਾਹਤ ਮਹਿਸੂਸ ਕਰੋ।
- ਸਿਰਦਰਦ ਤੋਂ ਪ੍ਰੇਸ਼ਾਨ ਲੋਕ ਜਿੰਜਰ, ਛੋਟੀ ਇਲਾਚੀ ਵਾਲੀ ਅਤੇ ਗ੍ਰੀਨ-ਟੀ, ਬਿਨਾ ਦੁੱਧ, ਚੀਨੀ, ਤਾਜ਼ੇ ਨਿੰਬੂ ਰਸ ਵਾਲੀ ਚਾਹ ਰੋਜ਼ਾਨਾ 2-3 ਵਾਰ ਪੀ ਕੇ ਮਾਨਸਿਕ ਥਕਾਵਟ ਤੋਂ ਆਰਾਮ ਮਿਲਦਾ ਹੈ।
- ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ ਤੇ ਔਰਤਾਂ ਨੂੰ ਮਾਹਵਾਰੀ ਦੌਰਾਨ ਹੋਣ ਵਾਲੇ ਸਿਰਦਰਦ ਅਤੇ ਮਾਈਗ੍ਰੇਨ ਦੇ ਅਟੈਕ ਵੇਲੇ ਓਟਮੀਲ, ਨਾਸ਼ਤੇ ਵਾਲਾ ਸੀਰੀਅਲ, ਸੈਸਮੇ ਸੀਡਜ਼, ਮੂੰਗਫਲੀ, ਬ੍ਰਾਜ਼ੀਲ ਨੱਟਸ, ਬਾਦਾਮ ਵਗੈਰਾ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਹੀਟ-ਸਟ੍ਰੋਕ ਵਾਲੇ ਸਿਰਦਰਦ ਵਿਚ ਠੰਡਾ ਸ਼ਾਵਰ ਲੈਣ ਦੇ ਨਾਲ ਮੱਥੇ 'ਤੇ ਆਈਸ ਦੀ ਪੱਟੀ ਜਾਂ ਟਕੋਰ ਕਰਨ ਆਰਾਮ ਮਿਲਦਾ ਹੈ।
- ਹਾਜ਼ਮਾ ਟੀਕ ਰੱਖਣ ਲਈ ਗਰਮ ਪਾਣੀ ਜ਼ਿਆਦਾ ਪੀਓ ਅਤੇ ਕਬਜ਼ ਦੀ ਹਾਲਤ ਵਿਚ 1 ਕੱਪ ਗਰਮ ਦੁੱਧ 'ਚ ਅੱਧੇ ਤੋਂ 1 ਚਮਚ ਕੈਸਟਰ ਆਇਲ ਜਾਂ ਈਸਬਗੋਲ ਦੀ ਵਰਤੋਂ ਕਰਕੇ ਰਾਹਤ ਮਹਿਸੂਸ ਕਰੋ।
- ਡੀਹਾਈਡ੍ਰੇਸ਼ਨ ਵੀ ਸਿਰਦਰਦ ਦਾ ਕਾਰਨ ਬਣਦਾ ਹੈ। ਰੋਜ਼ਾਨਾ 10-12 ਗਿਲਾਸ ਪਾਣੀ ਪੀਓ।
- ਬਲੱਡ-ਪ੍ਰੈਸ਼ਰ ਦੀ ਪ੍ਰੈਸਕਰਾਈਬਡ ਦਵਾਈ ਵਿਚ ਨਾਗਾ (ਮਿਸ) ਪੈਣ ਨਾਲ ਵੀ ਸਿਰਦਰਦ ਸ਼ੁਰੂ ਹੋ ਜਾਂਦਾ ਹੈ। ਰੋਗੀ ਖਾਸ ਧਿਆਣ ਰੱਖਣ।
- ਵੀਕਐਂਡ 'ਤੇ ਸੈਸਮੇ (ਤਿੱਲ) ਆਇਲ ਨਾਲ ਸਿਰ ਦੀ ਚੰਗੀ ਤਰ੍ਹਾਂ ਮਾਲਿਸ਼ ਕਰਨ ਨਾਲ ਦੇ ਸਟ੍ਰੈਸ ਕਾਰਨ ਹੋਣ ਵਾਲੇ ਸਿਰਦਰਦ ਵਿਚ ਰਾਹਤ ਮਿਲਦੀ ਹੈ।
- ਕੰਪਿਊਟਰ 'ਤੇ ਕੰਮ ਕਰਨ ਵਾਲੇ ਬਾਡੀ ਪੋਸਚਰ ਦਾ ਪੂਰਾ ਖਿਆਲ ਰੱਖਣ। ਹਰ 2 ਘੰਟੇ ਬਾਅਦ ਅੱਖਾਂ ਤੇ ਗਰਦਨ ਨੂੰ 10 ਮਿੰਟ ਆਰਾਮ ਦੇਣ ਨਾਲ ਸਿਰਦਰਦ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੰਪਿਊਟਰ ਦੀ ਸਕਰੀਨ ਅਤੇ ਅੱਖਾਂ ਦਰਮਿਆਨ ਪ੍ਰਾਪਰ ਫਾਸਲਾ ਰੱਖਿਆ ਜਾਵੇ।
- ਸਿਰਦਰਦ ਤੋਂ ਬਚਾਅ ਅਤੇ ਚੰਗੀ ਨੀਂਦ ਲੈਣ ਲਈ ਸਹੀ ਪਿੱਲੋ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਓਰਥੋ ਅਤੇ ਘੱਟ ਹਾਈਟ ਵਾਲਾ ਪਿੱਲੋ ਗਰਦਨ ਦੀ ਮਾਂਸਪੇਸ਼ੀਆਂ ਦੀ ਸਟਿਫਨੈਸ ਤੋਂ ਬਚਾਉਂਦਾ ਹੈ।
- ਸਿਰਦਰਦ ਤੋਂ ਬਚਣ ਲਈ ਘੱਟ ਨੀਂਦ ਲੈਣ ਵਾਲੇ ਸਟੂਡੈਂਟਸ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ ਨੂੰ 8-10 ਘੰਟੇ ਦੀ ਨੀਂਦ ਜਰੂਰ ਲੈਣੀ ਚਾਹੀਦੀ ਹੈ।
- ਗਰਮ ਸ਼ਾਵਰ ਲਓ। ਸ਼ਾਵਰ ਦੀ ਨਰਮ-ਗਰਮ ਹਵਾ ਯਾਨਿ ਭਾਫ ਸਾਈਨਸ-ਨੱਕ ਦੇ ਅੰਸ਼ਾਂ ਨੂੰ ਕਲੀਨ ਕਰਕੇ ਸਿਰਦਰਦ ਵਿਚ ਆਰਾਮ ਦਿੰਦੀ ਹੈ।

**ਨੋਟ** : ਸਿਰਦਰਦ ਦੇ ਆਮ ਲੱਛਣ ਜਿਵੇਂ ਲਗਾਤਾਰ ਕੁੱਝ ਦਿਨ ਤੇਜ਼ ਦਰਦ ਰਹਿਣਾ, ਘਬਰਾਹਟ, ਚੱਕਰ ਆਉਣੇ, ਉਲਟੀਆਂ, ਫੋਟੋਫਬੀਆ, ਸਿਰ 'ਤੇ ਭਾਰ ਮਸ੍ਹਿਸ ਹੋਣਾ, ਬਲੱਡ-ਪ੍ਰੈਸ਼ਰ ਦਾ ਜ਼ਿਆਦਾ ਰਹਿਣਾ ਦੇ ਨਾਲ ਸਟ੍ਰੋਕ ਦੇ ਖਤਰੇ ਤੋਂ ਬਚਣ ਲਈ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।

# ਜਿੱਥੇ ਕੁਦਰਤੀ ਦ੍ਰਿਸ਼ ਸੁੰਦਰਤਾ ਅਤੇ ਮੁਹੱਬਤ ਦਾ ਸੰਦੇਸ਼ ਦਿੰਦੇ ਹਨ : ਕਸੌਲੀ

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਐਡਮਿੰਟਨ ਕੈਨੇਡਾ, 98156-25409
(Punjab Mail USA)



ਚੰਡੀਗੜ੍ਹ ਤੋਂ ਲਗਭਗ 63 ਕਿਲੋਮੀਟਰ ਦੂਰ ਕਾਲਕਾ ਤੋਂ ਹੁੰਦੇ ਹੋਏ ਸ਼ਿਮਲਾ ਰੋਡ ਉਪਰ ਧਰਮਪੁਰ ਤੋਂ ਰਸਤਾ ਜਾਂਦਾ ਹੈ ਕਸੌਲੀ ਸ਼ਹਿਰ ਨੂੰ। ਗੜਖਲ ਤੋਂ ਉਚੇ ਪਹਾੜਾਂ ਦੀ ਚੜ੍ਹਾਈ ਚੜ੍ਹਦੇ ਹੋਏ ਤੁਸੀਂ ਪਹੁੰਚੋਗੇ ਪਹਾੜੀਆਂ ਦੀ ਚੋਟੀ ਉਪੱਰ ਸ਼ੋਭਨੀਏ ਸ਼ਹਿਰ ਕਸੌਲੀ ਉਪਰ। ਗੜਖਲ ਤੋਂ ਕਸੌਲੀ ਤੱਕ ਉੱਚੇ-ਉੱਚੇ ਹਰੇ-ਭਰੇ ਸੁੰਦਰ ਪਹਾੜਾਂ ਦੇ ਮਿਕਨਾਤੀਸੀ ਦ੍ਰਿਸ਼ ਹਿਰਦੇ ਨੂੰ ਮੋਹ ਲੈਂਦੇ ਹਨ। ਦੂਰ-ਦੂਰ ਤੋਂ ਨਜ਼ਰ ਆਉਂਦੇ ਪਹਾੜੀ ਘਰ ਇਸ ਤਰ੍ਹਾਂ ਨਜ਼ਰ ਆਉਂਦੇ ਹਨ, ਜਿਵੇਂ ਕਿਸੇ ਖੂੰਡੇ ਉਪਰ ਖਿਡੌਣੇ ਟੰਗੇ ਹੋਣ। ਛੋਟੇ-ਛੋਟੇ ਸੁੰਦਰ ਘਰ, ਉਚੇ, ਦਰਮਿਆਨੇ, ਛੋਟੇ, ਤਰ੍ਹਾਂ-ਤਰ੍ਹਾਂ ਦੇ ਰੁੱਖ, ਦਿਲਕਸ਼ ਹਰਿਆਵਲ, ਪਹਾੜੀਆਂ ਉਪਰ ਪਈ ਦੁੱਧ ਚਿੱਟੀ ਬਰਫ਼। ਤਰ੍ਹਾਂ-ਤਰ੍ਹਾਂ ਦੇ ਖਿੜਦੇ ਫੁੱਲ, ਪੰਛੀਆਂ ਦੀ ਚਹਿਚਹਾਟ, ਸ਼ਾਂਤ ਮਨਮੋਹਣਾ ਵਾਤਾਵਰਣ, ਠੰਡੀਆਂ ਠਾਰ ਹਵਾਵਾਂ ਦੀਆਂ ਸਰਗੋਸ਼ੀਆਂ, ਟਿੱਪ-ਟਿੱਪ ਪੈਂਦੀਆਂ ਹਿਮ-ਬੂੰਦਾਂ ਪੱਤਿਆਂ ਨਾਲ ਕਰਦੀਆਂ ਅਠਖੇਲੀਆਂ, ਨੰਨਾ ਪੋਪਲਾ ਸੁੰਦਰ ਮੌਸਮ ਕੁਦਰਤ-ਮਾਂ ਦੀ ਗੋਦ ਵਿਚ ਲੈਂਦਾ ਲੋਰੀਆਂ, ਅਚਾਨਕ ਬਾਰਿਸ਼ ਦਾ ਪ੍ਰਸਾਦਿ ਮੌਸਮ ਨੂੰ ਦਿਲ ਖਿਚਵੀਂ ਰੰਗੀਨੀਆਂ ਵਿਚ, ਰੋਮਾਂਚਕਤਾ ਵਿਚ ਪਿਆਰ-ਸਨੇਹ ਵਿਚ ਬਦਲਦਾ ਹੋਇਆ ਜੰਨਤ ਦੀਆਂ ਖਿੜਕੀਆਂ ਖੋਲ੍ਹ ਦਿੰਦਾ ਅਤੇ ਮਾਨਵਤਾ ਖਿੜ-ਖਿੜ ਜਾਂਦੀ। ਸ਼ਾਂਤੀ ਅਤੇ ਕੁਦਰਤੀ ਪਿਆਰ ਦਾ ਮਿਸ਼ਰਣ ਹੈ ਕਸੌਲੀ। ਅਤਿ ਸੁੰਦਰ ਦ੍ਰਿਸ਼ ਬਣਾਉਂਦਾ ਹੈ ਕਸੌਲੀ ਆਪਣੇ ਚਾਰੇ ਪਾਸੇ।

1927 ਮੀਟਰ ਦੀ ਉਚਾਈ ਉਪਰ ਵੱਸਿਆ ਅਤਿ ਸੁੰਦਰ ਸ਼ਹਿਰ ਕਸੌਲੀ ਆਪਣੀ ਖ਼ੂਬਸੂਰਤੀ, ਦੇਵਦਾਰ ਅਤੇ ਚੀੜ ਦੇ ਰੁੱਖਾਂ ਨਾਲ ਪੂਰਨ ਭਰੇ ਸ਼ਾਂਤ ਵਾਤਾਵਰਣ, ਕੁਦਰਤੀ ਦ੍ਰਿਸ਼ ਅਤੇ ਸਾਫ਼-ਪਵਿੱਤਰਤਾ ਦੇ ਕਾਰਨ ਵਿਸ਼ਵ ਪ੍ਰਸਿੱਧ ਹੈ। ਬ੍ਰਿਟਿਸ਼ ਸੈਨਾ ਦੁਆਰਾ 1841 ਵਿਚ ਕਸੌਲੀ ਦੀ ਸਥਾਪਨਾ ਕੀਤੀ ਗਈ। ਇਸਦਾ ਵਿਕਾਸ ਛਾਉਣੀ ਦੀ ਆਰੋਸ਼ਾਲਾ ਦੇ ਰੂਪ ਵਿਚ ਹੋਇਆ। 1990 ਵਿਚ ਇੱਥੇ ਕਈ ਸੰਸਥਾਵਾਂ ਬਣੀਆਂ। ਇੱਥੇ ਕਈ ਪ੍ਰਕਾਰ ਦੇ ਟੀਕੇ ਅਤੇ ਪਾਗਲ ਕੁੱਤੇ ਦੇ ਕੱਟੇ ਰੋਗੀਆਂ ਦਾ ਇਲਾਜ ਵੀ ਹੁੰਦਾ ਹੈ। ਇੱਥੋਂ ਦੇ ਪ੍ਰਸਿੱਧ ਕੇਂਦਰੀ ਖੋਜ ਸੰਸਥਾਨ ਵਿਚ ਆਂਤੜੀਆਂ ਦਾ ਬੁਖਾਰ, ਹੈਜਾ, ਚੇਚਕ ਅਤੇ ਸੱਪ ਦੇ ਡੰਗੇ ਦੇ ਟੀਕਿਆਂ ਦਾ ਉਤਪਾਦ ਹੁੰਦਾ ਹੈ।

ਕਸੌਲੀ ਇਕ ਉਚੀ ਪਹਾੜੀ ਉਪਰ ਸਥਿਤ ਹੈ। ਇਸ ਸ਼ਹਿਰ ਵਿਚ ਆਧੁਨਿਕ ਸਹੂਲਤਾਂ ਹਨ। ਬੱਸ ਸਟੈਂਡ, ਟੈਕਸੀ ਸਟੈਂਡ, ਸਿਨੇਮਾ ਘਰ, ਪ੍ਰਾਚੀਨ ਸੁੰਦਰ ਇਮਾਰਤਾਂ, ਬ੍ਰਿਟਿਸ਼ ਸਮੇਂ ਦੀਆਂ ਚੀਜ਼ਾਂ, ਵਿਸ਼ਵ ਪ੍ਰਸਿੱਧ ਸਕੂਲ, ਹੋਟਲ, ਆਦਿ। ਬੱਸ ਸਟੈਂਡ ਦੇ ਨਾਲ ਹੀ ਬਣਿਆ ਪ੍ਰਾਚੀਨ ਕ੍ਰਾਈਸ ਚਰਚ (ਚਰਚ ਚੇਸਟਨਟ) ਅਤੇ ਜੋ ਸੁੰਦਰ ਉਚੇ ਰੁੱਖਾਂ ਵਿਚ ਘਿਰਿਆ ਹੋਇਆ ਹੈ। ਇਸਦਾ ਨਿਰਮਾਣ ਬ੍ਰਿਟਿਸ਼ ਪਰਿਵਾਰਾਂ ਦੁਆਰਾ ਕਸੌਲੀ ਦੀ ਨੀਂਹ ਰੱਖਦੇ ਸਮੇਂ ਹੋਇਆ ਸੀ। ਮੈਥਿਕ ਸ਼ੈਲੀ ਦੀ ਇਹ ਪ੍ਰਭਾਵਸ਼ਾਲੀ ਇਮਾਰਤ ਇਕ ਕਰਾਸ ਦੀ ਸ਼ਕਲ ਵਿਚ ਬਣੀ ਹੋਈ ਹੈ ਅਤੇ ਸ਼ਹਿਰ ਦੀ ਮਹੱਤਵਪੂਰਨ ਜਗ੍ਹਾ ਹੈ।

ਕਸੌਲੀ ਦਾ ਪ੍ਰਸਿੱਧ ਦਰਸ਼ਨੀਏ ਸਥਾਨ ਹੈ 'ਮੰਕੀ ਪੁਆਂਇਟ'। ਇਹ ਸਥਾਨ ਬੱਸ ਸਟੈਂਡ ਤੋਂ ਲਗਭਗ ਚਾਰ ਕਿਲੋਮੀਟਰ ਦੂਰ ਹੈ। ਇੱਥੇ ਏਅਰ ਫੋਰਸ ਸਟੇਸ਼ਨ ਹੈ। ਇੱਥੋਂ ਦੇ ਦ੍ਰਿਸ਼ ਵੇਖਣਯੋਗ ਹਨ। ਚਾਰੇ ਪਾਸੇ ਦੂਰ-ਦੂਰ ਦੀਆਂ ਪਹਾੜੀਆਂ ਉਪਰ ਵੱਸੇ ਸ਼ਹਿਰ ਸਾਫ਼-ਸਾਫ਼ ਨਜ਼ਰ ਆਉਂਦੇ ਹਨ। ਇੱਥੇ ਇੰਗਲਿਸ਼ ਸ਼ੈਲੀ ਦੇ ਪ੍ਰਾਚੀਨ ਸੁੰਦਰ ਘਰ, ਲਾਲ (ਸੋਨੇ ਰੰਗ ਦੇ) ਦੇ ਘਰ-ਦੁਕਾਨਾਂ ਜੰਗਲਾਂ ਦੇ ਵਿਚ ਦੇਖਣ ਨੂੰ ਮਿਲਦੇ ਹਨ। ਉੱਚੇ-ਉੱਚੇ ਦਿਲਕਸ਼ ਰੁੱਖਾਂ ਵਿਚ ਘਿਰੇ ਘਰ ਵਧੀਆਂ ਲੱਗਦੇ ਹਨ।

"ਮੰਕੀ ਪੁਆਂਇਟ" (ਏਅਰ ਫੋਰਸ ਸਟੇਸ਼ਨ) ਦੇ ਉੱਪਰ ਇਕ ਵੱਡਾ ਪ੍ਰਾਚੀਨ ਹਨੂੰਮਾਨ ਮੰਦਿਰ ਹੈ, ਜੋ ਕਸੌਲੀ ਦੀ ਮਹਤੱਤਾ ਨੂੰ, ਸ਼ੋਭਾ ਨੂੰ ਚਾਰ ਚੰਨ ਲਾਉਂਦਾ ਹੈ। ਇਹ ਸਥਾਨ ਸੈਰ-ਸਪਾਟੇ, ਮਨੋਰੰਜਨ, ਜਗਿਆਸਾ ਪੂਰਵਕ ਅਤੇ ਚੜ੍ਹਾਈ ਦਾ ਆਨੰਦ ਲੈਣ ਵਾਲਾ ਅਤੇ ਯਾਦਮਈ ਬਿੰਬ ਬਣਾਉਂਦਾ ਹੈ। ਇਸ ਮੰਦਿਰ ਤੱਕ ਜਾਣਾ ਬਹੁਤ ਮੁਸ਼ਕਿਲ ਹੈ। ਕੋਈ ਵੀ ਵਿਅਕਤੀ ਮੋਬਾਇਲ ਫ਼ੋਨ, ਰੇਡੀਓ, ਬੈਗ, ਖਾਣ-ਪੀਣ ਦਾ ਸਾਮਾਨ ਆਦਿ ਚੀਜ਼ਾਂ ਨਾਲ ਨਹੀਂ ਲਿਜਾ ਸਕਦਾ। ਪੂਰੀ ਚੈਕਿੰਗ ਹੁੰਦੀ ਹੈ। ਕੋਈ ਵਾਹਨ ਏਧਰ ਨਹੀਂ ਜਾ ਸਕਦਾ। ਮੰਕੀ ਪੁਆਂਇਟ 'ਤੇ ਏਅਰ ਫੋਰਸ ਦੀ ਕੰਟੀਨ ਆਦਿ ਸਹੂਲਤਾਂ ਹਨ। ਅੱਧਾ ਕਿਲੋਮੀਟਰ ਚੱਲ ਕੇ ਉਚੀ ਪਹਾੜੀ ਦਾ ਮੁੱਖ ਦੁਆਰ ਸ਼ੁਰੂ ਹੁੰਦਾ ਹੈ। ਇਸ ਰਸਤੇ ਦੌਰਾਨ ਏਅਰ ਫੋਰਸ ਦੇ ਅਧਿਕਾਰੀਆਂ ਨੇ ਲੋਕਾਂ ਦੀ ਸਹੂਲਤ ਲਈ, ਸ਼ੋਚਾਲਯ, ਸੁੰਦਰ ਪਾਰਕ, ਕੰਟੀਨ, ਸਟੈਚੂ, ਖ਼ੂਬ ਸਫ਼ਾਈ ਅਤੇ ਭਜਨ ਲੱਗੇ ਸਪੀਕਰ ਲਗਾਏ ਹੋਏ ਹਨ। ਹਨੂੰਮਾਨ ਮੰਦਿਰ ਜਿਸਨੂੰ ਸ੍ਰੀ ਸੰਜੀਵਨੀ ਮੰਦਿਰ ਵੀ ਕਹਿੰਦੇ ਹਨ। ਹੇਠਾਂ ਤੋਂ (ਸੜਕ ਤੋਂ) ਲਗਭਗ 500 ਮੀਟਰ ਉਚੀ ਪਹਾੜੀ ਉਪਰ ਸ਼ੋਭਨੀਏ ਹੈ ਹਨੂੰਮਾਨ ਮੰਦਿਰ। ਪੱਕੀ ਸੜਕਨੁਮਾ ਘੁਮਾਉਦਾਰ ਪੌੜੀਆਂ ਦੇ ਨਾਲ-ਨਾਲ ਰੇਲਿੰਗ ਲਗਾਈ ਹੋਈ ਹੈ। ਸਰਦੀਆਂ ਵਿਚ ਵੀ ਚੜ੍ਹਾਈ ਚੜ੍ਹਦੇ ਸਮੇਂ ਪਸੀਨੇ ਛੁੱਟਦੇ ਹਨ। ਹਨੂੰਮਾਨ ਮੰਦਿਰ ਦੀ ਪ੍ਰਤਿਸ਼ਟਾ ਹੈ ਕਿ ਲੰਕਾ ਵਿਚ ਸ੍ਰੀ ਰਾਮ-ਰਾਵਣ ਯੁੱਧ ਦੇ ਸਮੇਂ ਲਕਛਮਣ ਨੂੰ ਮੂਰਛਾ ਬਾਣ ਲੱਗਿਆ ਸੀ, ਉਸਦੇ ਮੂਰਛਾ ਨਿਵਾਰਣ ਹੇਤੂ ਹਨੂੰਮਾਨ ਜੀ ਨੂੰ ਸੰਜੀਵਨੀ ਬੂਟੀ ਲਿਆਉਣ ਲਈ ਹਿਮਾਲਿਆ ਭੇਜਿਆ ਗਿਆ ਸੀ, ਵਾਪਸ ਆਉਂਦੇ ਸਮੇਂ ਉਨ੍ਹਾਂ ਦਾ ਖੱਬਾ ਪੈਰ ਇਸ ਚੋਟੀ ਉਪਰ ਲੱਗਿਆ ਸੀ। ਇਸ ਭੂਖੰਡ ਦੀ ਆਕ੍ਰਿਤੀ ਖੱਬੇ ਪੈਰ ਨੂੰ ਦਰਸਾਉਂਦੀ ਹੈ। ਇਸ ਮੰਦਿਰ ਵਿਖੇ ਏਅਰ ਫੋਰਸ ਅਧਿਕਾਰੀਆਂ ਦਾ ਕੰਟਰੋਲ ਹੈ। ਫ਼ੋਟੋ ਖਿਚਣਾ ਸਖ਼ਤ ਮਨ੍ਹਾਂ ਹੈ। ਪੁਜਾਰੀ ਵੀ ਏਅਰ ਫੋਰਸ ਦਾ ਹੁੰਦਾ ਹੈ। ਇਸ ਮੰਦਿਰ ਨੂੰ 1992 'ਚ ਆਧੁਨਿਕ ਸ਼ੈਲੀ ਵਿਚ ਬਣਾਇਆ ਗਿਆ। ਮੰਦਿਰ ਦੇ ਕੋਲ ਹੀ ਕੰਟੀਨ ਹੈ। ਸੀਤਾ ਰਾਮ ਲਕਛਮਣ ਦੀਆਂ ਮੂਰਤੀਆਂ ਤੋਂ ਇਲਾਵਾ ਸ਼ਿਵਲਿੰਗ ਵੀ ਸਥਾਪਿਤ ਹੈ। ਇਸ ਉੱਚੀ ਪਹਾੜੀ ਤੋਂ ਸਾਰਾ ਚੰਡੀਗੜ੍ਹ, ਹਿਮਾਚਲ, ਹਰਿਆਣਾ ਨਜ਼ਰ ਆਉਂਦਾ ਹੈ। ਇਹ ਪਹਾੜੀ ਏਨੀ ਉਚੀ ਹੈ ਕਿ ਇੱਥੋਂ ਸਭ ਪਹਾੜੀਆਂ ਛੋਟੀਆਂ ਨਜ਼ਰ ਆਉਂਦੀਆਂ ਹਨ। ਇੱਥੋਂ ਖ਼ੂਬਸੂਰਤ ਨਜ਼ਾਰਾ ਵੇਖਣ ਹੀ ਵਾਲਾ ਹੁੰਦਾ ਹੈ। ਇੱਥੋਂ ਤੁਸੀਂ ਉਤਰਦੇ ਸਮੇਂ ਥਕਾਵਟ ਅਤੇ ਯਾਦ ਭਰੇ ਦ੍ਰਿਸ਼ ਨਾਲ ਲੈ ਕੇ ਜਾਉਗੇ। ਥਕਾਵਟ ਵੀ ਇਕ ਆਨੰਦ ਦਿੰਦੀ ਹੈ, ਜਿਸਨੇ ਇਹ ਸਥਾਨ ਨਹੀਂ ਵੇਖਿਆ ਉਸਨੇ ਕਸੌਲੀ ਦਾ ਨਜ਼ਾਰਾ ਨਹੀਂ ਵੇਖਿਆ।

ਕਸੌਲੀ ਦੇ ਨੇੜੇ-ਨੇੜੇ ਕਈ ਸਥਾਨ ਵੇਖਣਯੋਗ ਹਨ। ਬਾਬਾ ਬਾਲਕ ਨਾਥ ਮੰਦਿਰ ਗ੍ਰੇਨਰ ਪਹਾੜੀ ਉਪਰ ਸਥਿਤ ਹੈ। ਇੱਥੇ ਵੱਡੀ ਸੰਖਿਆ 'ਚ ਸ਼ਰਧਾਲੂ ਆਉਂਦੇ ਹਨ। ਖ਼ਾਸ ਕਰਕੇ ਬਿਨਾਂ ਸੰਤਾਨ ਵਾਲੇ ਦੰਪਤੀ ਇੱਥੇ ਆ ਕੇ ਇੱਛਾ ਫ਼ਲ ਪਾਉਂਦੇ ਹਨ। ਗਰਖਲ ਦਾ ਹੋਰ ਮਹਤਵਪੂਰਨ ਪੂਜਾ ਸਥਲ ਸ਼ੀਰਡੀ ਦੇ ਸਾਂਈਂ ਬਾਬਾ ਨੂੰ ਸਮਰਪਿਤ ਹੈ।

ਡਗਸਈ ਇੱਥੋਂ ਕੁਝ ਕਿਲੋਮੀਟਰ ਦੂਰ ਹੈ, ਇਹ ਹਲਚਲਹੀਣ ਸੁੰਦਰ ਬਸਤੀ ਜੋ ਇਕ ਪਹਾੜੀ ਉਪਰ ਬ੍ਰਿਟਿਸ਼ ਲੋਕਾਂ ਦੀ ਇਕ ਮਹੱਤਵਪੂਰਨ ਛਾਉਣੀ ਹੁੰਦੀ ਸੀ। 1846 ਵਿਚ ਇੱਥੇ ਇਕ ਵਿਸ਼ਾਲ ਜੇਲ੍ਹ ਦਾ ਨਿਰਮਾਣ ਕੀਤਾ ਗਿਆ। ਸੁਤੰਤਰਤਾ ਸੈਨਾਨੀਆਂ, ਵਿਦਰੋਹੀਆਂ ਅਤੇ ਕਾਨੂੰਨ ਤੋੜਣ ਵਾਲਿਆਂ ਇਸ ਵਿਚ ਸਖ਼ਤ ਕਾਰਾਵਾਸ (ਜੇਲ) ਦੀ ਸਜ਼ਾ ਕੱਟੀ।



ਸਨਾਵਰ ਵਿਖੇ ਭਾਰਤ ਦੇ ਮਸ਼ਹੂਰ ਆਲ੍ਹਾ ਪਬਲਿਕ ਸਕੂਲਾਂ ਵਿਚੋਂ ਇਕ ਹੈ। ਲਾਰੈਂਸ ਸਕੂਲ ਇਥੇ ਸਥਿਤ ਹੈ। ਇਸਦੀ ਸਥਾਪਨਾ ਸਰ ਹੇਨਰੀ ਐੱਮ. ਲਾਰੇਂਸ ਅਤੇ ਉਸਦੀ ਪਤਨੀ ਓਨੋਰੀਆ ਦੁਆਰਾ 17 ਅਪ੍ਰੈਲ, 1847 ਨੂੰ ਕੀਤੀ ਗਈ ਸੀ। ਸਕੂਲ ਦੇ ਕਈ ਭਵਨਾਂ ਵਿਚ ਇਕ ਸੁੰਦਰ ਕਥੀਡਰਲ (ਮਹਾਂ ਗਿਰਜਾ ਘਰ) ਹੈ।

ਸਬਾਥੂ ਵਿਚ ਛੋਟਾ ਛਾਉਣੀ-ਕਸਬਾ ਅਤੇ 19ਵੀਂ ਸ਼ਤਾਬਦੀ ਦਾ ਗੋਰਖਾ ਜ਼ਿਲ੍ਹਾ ਵੇਖਣਯੋਗ ਹੈ। ਨਾਲਾਗੜ੍ਹ ਸੁੰਦਰ ਭਿੱਤੀ ਚਿੱਤਰਾਂ ਨਾਲ ਸੁਸਜਿਤ ਅਤੇ ਪਰਕੋਟੇ ਨਾਲ ਘਿਰੇ ਹੋਣ ਕਰਕੇ ਪ੍ਰਸਿੱਧ ਹੈ।

ਕਸੌਲੀ ਵਿਖੇ ਮੌਸਮ ਦੇ ਲਿਹਾਜ਼ ਕਰਕੇ ਜੂਨ-ਅਕਤੂਬਰ 'ਚ ਖ਼ੂਬ ਮੀਂਹ ਪੈਂਦੇ ਹਨ। ਇਥੋਂ ਦੇ ਕਈ ਰੁੱਖਾਂ ਪੌਦਿਆਂ ਦੀਆਂ ਦਵਾਈਆਂ ਬਣਦੀਆਂ ਹਨ, ਖ਼ਾਸ ਕਰਕੇ ਆਮਲਾ, ਰਾਮਵਾਨ, ਰਸੌਂਦੇ, ਬਨਸਫਾ (ਬਨਕਸ਼ਾ), ਕਚੂਰ ਜਾਂ ਜੰਗਲੀ ਹਲਦੀ, ਕੱਦਰ ਸਿੰਘੀ, ਭੇੜਾ, ਤ੍ਰਿਫਲਾ, ਤੇਜ਼ਫ਼ਲ, ਖੱਟੀ ਮਿੱਟੀ, ਸੂਈ-ਮੂਈ, ਸਰਪਗੰਧਾ, ਪੱਥਰ ਚੱਟ, ਸਿੰਗਲੀ-ਮੂੰਗਲੀ, ਅਰਿੰਡ, ਕਚਨਾਰ ਆਦਿ।

ਚਮਕਦਾਰ ਅਤੇ ਸੁੰਦਰਤਾ ਬਿਖੇਰਨ ਵਾਲੇ ਰੁੱਖ, ਜਿਨ੍ਹਾਂ ਦੇ ਆਕਰਸ਼ਕ ਸਾਏ, ਧੁੱਪ ਅਤੇ ਮੀਂਹ ਵਿਚ ਵਧੀਆ ਲੱਗਣ ਵਾਲੇ ਰੁਖਃ- ਚਿਲਰਥ, ਚਿਲਗੋਜਾ, ਫੀਲਡਔਕ, ਸਿਲਵਰਓਕ, ਦੇਵਦਾਰ, ਗਰਸਚੈਸਟ ਨਟ, ਕੈਂਥ, ਪਾਜਾ, ਪਰਕ, ਕੰਕਰ, ਸਿੰਬਲ, ਵਲਨਟ ਆਦਿ ਰੁੱਖ ਪਾਏ ਜਾਂਦੇ ਹਨ। ਜੋ ਕਸੌਲੀ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ।

ਇੱਥੇ ਜਾਨਵਰਾਂ ਦੀ ਸੰਖਿਆ ਵਿਚਃ- ਲੂੰਮੜੀ, ਸੱਪ, ਬਿੱਲੀਆਂ, ਲਾਲ ਬੰਦਰ, ਲੰਗੂਰ, ਗੂਗਲ, ਜੰਗਲੀ ਸੂਰ ਆਦਿ ਪਾਏ ਜਾਂਦੇ ਹਨ। ਕੋਈ ਸੌ ਤਰ੍ਹਾਂ ਦੇ ਪੰਛੀ ਵੀ ਪਾਏ ਜਾਂਦੇ ਹਨ। ਬਸੰਤ ਰੁੱਤ ਵਿਚ ਇੱਥੇ ਤਰ੍ਹਾਂ-ਤਰ੍ਹਾਂ ਦੇ ਫੁੱਲ ਅਤੇ ਸੁੰਦਰ ਪੱਤੇ ਬਹਾਰ ਲਿਆ ਦਿੰਦੇ ਹਨ। ਖ਼ੁਸ਼ਬੋਈਆਂ ਜਦ ਚਾਂਦਨੀ ਨਾਲ ਅਠਖੇਲੀਆਂ ਕਰਦੀਆਂ ਹਨ ਤਾਂ ਭਰਪੂਰ ਸੁੰਦਰਤਾ ਬ੍ਰਹਿਮੰਡ ਛੂਹਦੀ ਹੈ। ਗੁਲਾਬੀ, ਪੀਲੇ ਅਤੇ ਹਰੇ ਚਮਕਦਾਰ ਸੁੰਦਰ ਪੱਤੇ ਜਦੋਂ ਨਿਕਲਦੇ ਹਨ, ਤਾਂ ਉਨ੍ਹਾਂ ਦੀ ਸ਼ੋਭਾ ਵਿਚ ਲਾਲ, ਨੀਲੇ, ਕਾਲੇ ਸੁੰਦਰ ਪੰਛੀ ਜਿਵੇਂ ਬੁਲਬੁਲ, ਕਾਲੀ ਕੋਇਲ ਆਦਿ ਦੀਆਂ ਮਿੱਠੀਆਂ ਮਨਮੋਹਣੀਆਂ ਆਵਾਜ਼ਾਂ ਦਿਲ ਨੂੰ ਛੂਹਦੀਆਂ ਹਨ ਅਤੇ ਮੌਸਮ ਵਿਚ ਮਧੁਰ ਸੰਗੀਤ ਦਾ ਛਿੱਟਾ ਦੇ ਦਿੰਦੀਆਂ ਹਨ। ਕਸੌਲੀ ਇਲਾਕੇ ਦੇ ਨਾਲ-ਨਾਲ ਵਹਿੰਦਾ ਸਤਲੁਜ ਨਦੀ ਦਾ ਕਲਕਲ ਕਰਦਾ ਪਾਣੀ ਸੁੰਦਰਤਾ ਵਿਚ ਹੋਰ ਵਾਧਾ ਕਰ ਦਿੰਦਾ ਹੈ।

ਦੁੱਧ ਅਤੇ ਸੱਤੂ ਅਤੇ ਮੱਕੀ ਦੀ ਰੋਟੀ ਦਾ ਵੀ ਆਪਣਾ ਹੀ ਮਜ਼ਾ ਹੁੰਦਾ ਹੈ। ਇੱਥੇ ਦੂਰਦਰਸ਼ਨ ਦਾ ਟੀ.ਵੀ. ਟਾਵਰ, ਬਾਜ਼ਾਰ, ਕੁਦਰਤੀ ਨਜ਼ਾਰੇ ਲਾਜਵਾਬ।

**ਕਸੌਲੀ ਨਾਂਅ ਕਿਵੇਂ ਬਣਿਆਃ-** ਇਸ ਦੀਆਂ ਕਈ ਮਰਿਆਦਾ ਹਨ। ਕਸੌਲੀ ਫੁੱਲਾਂ ਦੀ ਕਤਾਰ ਨੂੰ ਵੀ ਕਹਿੰਦੇ ਹਨ। ਕਿਸੇ ਸਮੇਂ ਇੱਥੋਂ ਦੇ ਪਹਾੜਾਂ ਵਿਚ ਕੌਸ਼ਲਿਆ ਨਦੀ ਵਹਿੰਦੀ ਸੀ। ਕੁਸਮਵਲੀ-ਫੁੱਲਾਂ ਦੀ ਕਤਾਰ ਜਾਂ ਕੋਹ-ਕਸੌਲੀ ਭਾਵ ਕਿ ਕੋਹ ਦਾ ਮਤਲਬ ਪਹਾੜੀ ਦੀ ਚੋਟੀ ਅਤੇ ਕਸੂਲ ਇਕ ਨਜ਼ਦੀਕ ਪਿੰਡ ਦਾ ਨਾਂਅ ਹੈ। ਜਿਸ ਤੋਂ ਕਸੌਲੀ ਨਾਮ ਬਣਿਆ ਹੋਵੇਗਾ।

ਇਕ ਗੋਰਖ ਫ਼ੌਜੀ ਨੇ ਖੁਖਰੀ ਨਾਲ ਇਕ ਅੰਗਰੇਜ਼ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਉਸ ਨੂੰ ਫਾਂਸੀ ਦਿੱਤੀ ਗਈ ਸੀ। ਇਸ ਘਟਨਾ ਨੂੰ ਵੀ ਕਸੌਲੀ ਦੇ ਨਾਂਅ ਨਾਲ ਜੋੜਿਆਂ ਪ੍ਰਸੰਗ ਮਿਲਦਾ ਹੈ। ਕੋਉ ਦਾ ਮਤਲਬ ਰੁੱਖ ਅਤੇ ਸੁਲੀ ਦਾ ਮਤਲਬ ਮੌਤ, ਇਸ ਸੰਜੋਗ ਤੋਂਵੀ ਕਸੌਲੀ ਬਣਿਆ।

ਇਸ ਇਲਾਕੇ ਵੱਲ ਹਿੰਦੀ, ਉਰਦੂ, ਪੰਜਾਬੀ, ਪਹਾੜੀ ਅਤੇ ਅੰਗਰੇਜ਼ੀ ਭਾਸ਼ਾ ਬੋਲੀ ਜਾਂਦੀ ਹੈ।

ਕਸੌਲੀ ਦਾ ਵਿਸ਼ੇਸ਼ ਆਕਰਸ਼ਣ ਹੈ ਕਿ ਜਦੋਂ ਤੜਕ ਸਵੇਰ ਸੂਰਜ ਚੜ੍ਹਦਾ ਹੈ, ਉਸ ਦੀਆਂ ਕਿਰਨਾਂ ਜਦ ਸੰਘਣੇ ਰੁੱਖਾਂ 'ਚੋਂ ਲੰਘ ਕੇ ਧਰਤੀ ਨੂੰ ਚੁੰਮਦੀਆਂ ਹਨ, ਤਾਂ ਸੂਰਜ ਦੀਆਂ ਕਿਰਨਾਂ ਦੀ ਤੇਤਰੀ-ਮੇਤਰੀ ਛਣ ਕੇ ਆਉਂਦੀ ਧੁੱਪ ਕਿਸੇ ਸ਼ੀਸ਼ੇ ਦੇ ਟੁਕੜਿਆਂ ਦੇ ਲਿਸ਼ਕਾਰੇ ਜਿਹੀ ਜਾਪਦੀ ਬਹੁਤ ਸੁੰਦਰ-ਦਿਲ ਟੁੰਬਵੀ ਅਤੇ ਮੁਹੱਬਤ ਭਰੀ ਹੁੰਦੀ ਹੈ। ਸਵੇਰ ਦਾ ਠੰਡਾ ਠਾਰ ਦਿਲ ਲੁਭਾਵਣਾ ਮੌਸਮ ਬਹੁਤ ਹੀ ਚੰਗਾ ਲੱਗਦਾ ਹੈ। ਸੂਰਜ ਦੀ ਤਾਜ਼ਾ ਤਰੀਨ ਰੌਸ਼ਨੀ ਸਕੂਲ, ਆਨੰਦ ਅਤੇ ਅਧਿਆਤਮਿਕਤਾ ਬਖ਼ਸ਼ਦੀ ਹੈ।

ਇਸੇ ਤਰ੍ਹਾਂ ਹੀ ਸ਼ਾਮ ਦੇ ਸਮੇਂ ਜਦ ਸੂਰਜ ਡੁੱਬਦਾ ਹੈ, ਤਾਂ ਇਕ ਲਾਲਿਮਾ ਅੰਬਰ 'ਚੋਂ ਬ੍ਰਹਿਮੰਡ ਨੂੰ ਚੀਰਦੀ ਹੋਈ ਧਰਤੀ ਦਾ, ਬਨਸਪਤੀ ਦਾ ਸ਼ਿੰਗਾਰ ਬਣਦੀ ਹੈ। ਸੂਰਜ ਦੂਰ ਤੋਂ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਉੱਚੇ-ਉੱਚੇ ਰੁੱਖਾਂ ਵਿਚ ਫਸਿਆ ਹੋਵੇ। ਸ਼ਾਮ ਦੀ ਸੂਰਜੀ ਰੌਸ਼ਨੀ ਇਕ ਅਜਬ, ਅਦਭੁੱਤ, ਅਜੀਬੋ-ਗ਼ਰੀਬ ਨਜ਼ਾਰਾ ਪੇਸ਼ ਕਰਦੀ ਹੈ। ਅਨੇਕਾਂ ਸੁੰਦਰ ਦ੍ਰਿਸ਼ ਹਿਰਦੇ ਦੇ ਆਰ-ਪਾਰ ਹੋ ਕੇ ਰੂਹ ਤੱਕ ਆਨੰਦ ਦਿੰਦੇ ਹਨ। ਇਕ ਅਲੌਕਿਕ ਦ੍ਰਿਸ਼ ਪੈਦਾ ਹੁੰਦਾ ਹੈ।

ਇੱਥੇ ਫ਼ੋਟੋਗ੍ਰਾਫੀ ਕਰਨ ਦਾ ਮਜ਼ਾ ਆ ਜਾਦਾ ਹੈ। ਡ੍ਰਿਫਟ ਵੁੱਡ (ਲੱਕੜੀ ਦੀਆਂ ਕੁਦਰਤੀ ਕ੍ਰਿਤੀਆਂ) ਇਸ ਇਲਾਕੇ ਦੇ ਰੁੱਖਾਂ ਵਿਚ ਬਹੁਤ ਹਨ। ਕਲਾਕਾਰ, ਬੱਚਿਆਂ, ਲੋਕਾਂ, ਫ਼ੋਟੋ ਫੀਚਰ ਲੇਖਕਾਂ ਆਦਿ ਲਈ ਕਸੌਲੀ ਇਲਾਕਾ ਇਕ ਬੇਹਤਰੀਨ ਇਲਾਕਾ ਹੈ। ਤੁਸੀਂ ਵੀ ਜਾਓ ਬੱਚਿਆਂ ਸਹਿਤ ਕਸੌਲੀ ਦੀ ਅਦਭੁੱਤਤਾ ਵੇਖਣ ਲਈ।

# ਅਕਾਦਮਿਕ, ਖੇਡਾਂ ਤੇ ਸਭਿਆਚਾਰਕ ਖੇਤਰ ਦੀ ਸ਼ਾਨ, ਖਾਲਸਾ ਕਾਲਜ ਪਟਿਆਲਾ

**ਡਾ. ਸਰਬਜੀਤ ਸਿੰਘ**
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ,
ਖ਼ਾਲਸਾ ਕਾਲਜ, ਪਟਿਆਲਾ
79860-16795
(Punjab Mail USA)





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਿਹਾ ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿਘ ਖ਼ਾਲਸਾ ਕਾਲਜ, ਪਟਿਆਲਾ ਪੰਜਾਬ ਦੀਆਂ ਉਚੇਰੀ ਸਿੱਖਿਆ ਵਾਲੀਆਂ ਵਿਦਿਅਕ ਸੰਸਥਾਵਾਂ ਵਿਚ ਮੋਹਰੀ ਸਥਾਨ 'ਤੇ ਆਉਣ ਵਾਲੀਆਂ ਸੰਸਥਾਵਾਂ 'ਚ ਸ਼ੁਮਾਰ ਹੈ। ਇਥੇ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਜੋ ਉਨ੍ਹਾਂ ਦੀ ਸਰਬਪੱਖੀ ਸ਼ਖ਼ਸੀਅਤ ਉਸਾਰੀ ਲਈ ਬਹੁਮੁੱਲਾ ਯੋਗਦਾਨ ਦਿੰਦੀ ਹੈ। ਇਹ ਸੰਸਥਾ ਆਪਣੇ ਟੀਚੇ 'ਸੰਪੂਰਨਤਾ ਲਈ ਯਤਨ ਤੇ ਸਰਵੋਤਮਤਾ ਦੀ ਪ੍ਰਾਪਤੀ ਪ੍ਰਤੀ ਲਗਾਤਾਰ ਯਤਨਸ਼ੀਲ ਹੈ। ਸੰਸਥਾ ਲਈ ਇਹ ਮਾਣ ਵਾਲੀ ਗੱਲ ਹੈ ਕਿ ਰਾਸ਼ਟਰੀ ਪੱਧਰ 'ਤੇ ਸੰਸਥਾਵਾਂ ਦੀ ਦਰਜਾਬੰਦੀ ਕਰਨ ਵਾਲੀ ਕੌਂਸਲ ਨੈਕ ਵੱਲੋਂ ਕਾਲਜ ਨੂੰ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਦੀਆਂ ਬੇਮਿਸਾਲ ਪ੍ਰਾਪਤੀਆਂ ਸਦਕਾ 'ਏ ਗਰੇਡ' ਪ੍ਰਦਾਨ ਕੀਤਾ ਗਿਆ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ 2016 ਵਿਚ ਕਾਲਜ ਨੂੰ 'ਕਾਲਜ ਵਿਦ ਪੋਟੈਂਸ਼ੀਅਲ ਫ਼ਾਰ ਐਕਸੀਲੈਂਸ ਅਤੇ ਆਟੋਨੋਮਸ ਸਟੇਟਸ' ਦਾ ਦਰਜਾ ਦਿੱਤਾ ਗਿਆ ਹੈ। ਖ਼ਾਲਸਾ ਕਾਲਜ, ਪਟਿਆਲਾ ਦਾ ਆਰੰਭ ਪਦਮ ਸ਼੍ਰੀ ਡਾ. ਖੁਸ਼ਦੇਵਾ ਸਿੰਘ ਅਤੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਅਣਥੱਕ ਯਤਨਾਂ ਸਦਕਾ 1960 ਈ. ਵਿਚ ਹੋਇਆ। ਇਸਦਾ ਆਰੰਭ ਗੁਰਦੁਆਰਾ ਦੂਖਨਿਵਾਰਨ ਸਾਹਿਬ ਦੇ ਪੰਜ ਕਮਰਿਆਂ 'ਚ 35 ਵਿਦਿਆਰਥੀਆਂ ਨਾਲ ਹੋਇਆ। ਕਾਲਜ ਨੂੰ ਮੌਜੂਦਾ ਸਥਾਨ 'ਤੇ 1973 ਈ. ਵਿਚ ਗੁਰਦੁਆਰਾ ਸਾਹਿਬ ਤੋਂ ਤਬਦੀਲ ਕਰ ਦਿੱਤਾ ਗਿਆ। 1991 'ਚ ਇਹ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਆ ਗਿਆ।


ਦੇਸ਼ ਵਿਚ ਜਦੋਂ ਸਿੱਖਿਆ ਦੇ ਬਦਲਵੇਂ ਪ੍ਰਬੰਧ ਅਤੇ ਨਵੀਂਆਂ ਚੁਣੌਤੀਆਂ ਦੀ ਗੱਲ ਕਰਦੇ ਹਾਂ, ਤਾਂ ਪੰਜਾਬ ਨੇ ਨਵੀਂਆਂ ਚੁਣੌਤੀਆਂ ਨੂੰ ਕਬੂਲ ਕਰਦੇ ਹੋਏ, ਆਪਣੇ ਸਿੱਖਿਆ ਪ੍ਰਬੰਧ ਨੂੰ ਸਮੇਂ ਦਾ ਹਾਣੀ ਬਣਾਇਆ ਹੈ। ਪੰਜਾਬ ਵਿਚੋਂ ਵਿੱਦਿਅਕ ਸੰਸਥਾਵਾਂ ਦੀ ਗੱਲ ਕਰੀਏ, ਤਾਂ ਖ਼ਾਲਸਾ ਕਾਲਜ ਪਟਿਆਲਾ ਇੱਕ ਖੁਦ ਮੁਖਤਿਆਰ ਸੰਸਥਾ ਹੈ, ਜੋ ਕੇ ਸਮੇਂ ਦੀਆਂ ਚੁਣੌਤੀਆਂ ਨੂੰ ਸਵੀਕਾਰ ਕਰਦੀ ਹੋਈ ਸਿੱਖਿਆ ਦੇ ਖੇਤਰ 'ਚ ਅਹਿਮ ਪੁਲਾਂਘਾਂ ਪੁੱਟ ਰਹੀ ਹੈ। ਖ਼ਾਲਸਾ ਕਾਲਜ ਪਟਿਆਲਾ ਨੇ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿਚ ਆਪਣਾ ਇਕ ਵਿਲੱਖਣ ਸਥਾਨ ਸਥਾਪਤ ਕੀਤਾ ਹੈ, ਯੂ.ਜੀ.ਸੀ. ਵੱਲੋਂ ਇਸ ਨੂੰ ਖੁਦਮੁਖਤਿਆਰ ਸੰਸਥਾ ਦਾ ਦਰਜਾ ਦਿੱਤਾ ਗਿਆ ਹੈ, ਜਿਸ ਨਾਲ ਇਹ ਸੰਸਥਾ ਆਪਣੇ ਪੱਧਰ 'ਤੇ ਅਜਿਹਾ ਪਾਠਕ੍ਰਮ ਤਿਆਰ ਕਰ ਸਕਦੀ ਹੈ, ਜੋ ਵਿਦਿਆਰਥੀਆਂ ਨੂੰ ਵਕਤ ਦੀਆਂ ਚੁਣੌਤੀਆਂ ਅਨੁਸਾਰ ਸਹਾਈ ਹੋ ਸਕੇ। ਵਿਦਿਆਰਥੀ ਜਿੱਥੇ ਇਸ ਕਾਲਜ ਵਿਚ ਦਾਖਲਾ ਲੈ ਕੇ ਆਪਣੀਆਂ ਅਕਾਦਮਿਕ ਪ੍ਰਾਪਤੀਆਂ ਕਰਦੇ ਹਨ, ਉੱਥੇ ਹੀ ਨਾਲ-ਨਾਲ ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿਚ ਵੀ ਵਿਸ਼ਵ ਪੱਧਰੀ ਪ੍ਰਾਪਤੀਆਂ ਕਰ ਰਹੇ ਹਨ। ਪਟਿਆਲੇ ਸ਼ਹਿਰ ਵਿਚ ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ ਹਨ, ਜਿਨ੍ਹਾਂ ਵਿਚੋਂ ਬਹੁਤ ਹੀ ਪ੍ਰਚਲਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਆਪਣਾ ਇੱਕ ਵਿਲੱਖਣ ਸਥਾਨ ਰੱਖਦੀ ਹੈ ਪਰ ਖ਼ਾਲਸਾ ਕਾਲਜ ਪਟਿਆਲਾ, ਪੰਜਾਬੀ ਯੂਨੀਵਰਸਿਟੀ ਦੇ ਨਾਲ ਸੰਬੰਧਤ ਹੁੰਦਾ ਹੋਇਆ, ਆਪਣੀ ਇੱਕ ਵਿਲੱਖਣ ਪਛਾਣ ਸਥਾਪਤ ਕਰਨ ਵਿਚ ਕਾਮਯਾਬ ਹੋਇਆ ਹੈ। ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿਚ ਵੀ ਇਸ ਕਾਲਜ ਦੇ ਵਿਦਿਆਰਥੀ ਵਿਸ਼ਵ ਪੱਧਰ 'ਤੇ ਨਾਮਣਾ ਖੱਟ ਰਹੇ ਹਨ। ਪਟਿਆਲਾ ਅਤੇ ਪਟਿਆਲਾ ਦੇ ਨਾਲ ਲੱਗਦੇ ਬਹੁਤ ਸਾਰੇ ਜ਼ਿਲ੍ਹਿਆਂ ਦੇ ਵਿਦਿਆਰਥੀ ਇੱਥੇ ਦਾਖਲਾ ਲੈਂਦੇ ਹਨ ਤੇ ਆਪਣਾ ਕੈਰੀਅਰ ਸਥਾਪਤ ਕਰਦੇ ਹੋਏ, ਬਹੁਤ ਹੀ ਉੱਚ ਪੱਧਰੀ ਅਹੁਦਿਆਂ 'ਤੇ ਕੰਮ ਕਰ ਰਹੇ ਹਨ। ਕਾਲਜ ਦੇ ਬਹੁਤ ਸਾਰੇ ਪੋਸਟ ਗ੍ਰੈਜੂਏਟ ਵਿਭਾਗ ਹਨ। ਇਨ੍ਹਾਂ ਪੋਸਟ ਗ੍ਰੈਜੂਏਟ ਵਿਭਾਗਾਂ ਵਿਚ ਵਿਦਿਆਰਥੀ ਦਾਖ਼ਲ ਹੁੰਦੇ ਹਨ ਅਤੇ ਨੌਕਰੀ ਪ੍ਰਾਪਤ ਕਰਕੇ ਹੀ ਕਾਲਜ ਛੱਡਦੇ ਹਨ। ਪਿਛਲੇ ਕਈ ਸਾਲਾਂ 'ਚ ਬਹੁਤ ਸਾਰੇ ਵਿਦਿਆਰਥੀਆਂ ਨੇ ਇੱਥੋਂ ਸਿੱਖਿਆ ਪ੍ਰਾਪਤ ਕਰਕੇ ਵੱਖ-ਵੱਖ ਖੇਤਰਾਂ ਵਿਚ ਨੌਕਰੀਆਂ ਪ੍ਰਾਪਤ ਕਰਕੇ ਆਪਣਾ ਭਵਿੱਖ ਰੋਸ਼ਨ ਕੀਤਾ ਹੈ। ਕਾਲਜ ਦਾ ਕੈਂਪਸ ਬਡੂੰਗਰ ਰੋਡ, ਪਟਿਆਲਾ ਦੀ 20.5 ਏਕੜ ਦੀ ਸ਼ਹਿਰੀ ਜ਼ਮੀਨ 'ਤੇ 18.5 ਏਕੜ ਧਬਲਾਨ ਪਿੰਡ ਦੀ ਜ਼ਮੀਨ ਦੇ ਸ਼ਾਂਤਮਈ ਰਮਣੀਕ ਚੌਗਿਰਦੇ ਵਿਚ ਬਣਿਆ ਹੋਇਆ ਹੈ। ਇਸ ਸਮੇਂ ਕਾਲਜ 'ਚ ਹਜ਼ਾਰਾਂ ਵਿਦਿਆਰਥੀ ਵੱਖ-ਵੱਖ ਵਿਸ਼ਿਆਂ 'ਚ ਵਿੱਦਿਆ ਹਾਸਲ ਕਰ ਰਹੇ ਹਨ। ਵਿਦਿਆਰਥੀਆਂ ਦੀ ਰਹਿਨੁਮਾਈ ਲਈ ਉੱਚ ਸਿੱਖਿਆ ਪ੍ਰਾਪਤ ਸਟਾਫ ਮੈਂਬਰਾਂ ਦੀ ਟੀਮ ਕਾਰਜਸ਼ੀਲ ਹੈ। ਇਸ ਸਮੇਂ ਸੰਸਥਾ ਵਿਚ 23 ਪੋਸਟ ਗ੍ਰੈਜੂਏਟ ਤੇ 34 ਅੰਡਰ ਗ੍ਰੈਜੂਏਟ ਕੋਰਸ ਸਫਲਤਾਪੂਰਵਕ ਚੱਲ ਰਹੇ ਹਨ। ਇੱਥੇ ਯੂ.ਜੀ.ਸੀ. ਸਕੀਮ ਅਧੀਨ ਨਿਵੇਕਲੇ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ। ਖ਼ਾਲਸਾ ਕਾਲਜ ਪਟਿਆਲਾ ਭਾਰਤ ਦੀਆਂ ਉਨ੍ਹਾਂ 47 ਸੰਸਥਾਵਾਂ ਵਿਚੋਂ ਇਕ ਹੈ, ਜਿਨ੍ਹਾਂ ਨੂੰ ਯੂ.ਜੀ.ਸੀ. ਵੱਲੋਂ ਡੀ.ਡੀ. ਕੌਸ਼ਲ ਕੇਂਦਰ ਸਥਾਪਿਤ ਕਰਨ ਲਈ ਚੁਣਿਆ ਗਿਆ।

ਕਾਲਜ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਦੀ ਰਹਿਨੁਮਾਈ ਇਸ ਖਿੱਤੇ ਭਾਸ਼ਾ ਦੇ ਵਿਕਾਸ ਲਈ ਵਚਨਬੱਧ ਹੈ। ਕਾਲਜ ਵਿਚ ਮਾਤ ਭਾਸ਼ਾ ਪੰਜਾਬੀ ਨਾਲ ਸਬੰਧਤ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੀ ਸਥਾਪਤ ਹੈ, ਜਿਸ ਵਿਚ ਬਹੁਤ ਸਾਰੇ ਵਿਦਿਆਰਥੀ ਇੱਥੇ ਉੱਚ ਸਿੱਖਿਆ ਪ੍ਰਾਪਤ ਕਰਦੇ ਹੋਏ ਐੱਮ.ਏ., ਐੱਮ.ਫਿਲ. ਦੀ ਡਿਗਰੀ ਪ੍ਰਾਪਤ ਕਰਕੇ ਅੱਗੇ ਪੀ.ਐੱਚ.ਡੀ. ਵਿਚ ਵਿੱਦਿਆ ਪ੍ਰਾਪਤ ਕਰ ਰਹੇ ਹਨ ਅਤੇ ਬਹੁਤ ਸਾਰੇ ਵਿਦਿਆਰਥੀ ਇੱਥੋਂ ਹੀ ਸਿੱਖਿਆ ਪ੍ਰਾਪਤ ਕਰ ਕੇ ਇੱਥੇ ਹੀ ਨੌਕਰੀ ਕਰ ਰਹੇ ਹਨ। ਕਿਸੇ ਵੀ ਸਮਾਜ ਵਿਚ ਉੱਥੋਂ ਦੀ ਮਾਤ ਭਾਸ਼ਾ ਦਾ ਬਹੁਤ ਵੱਡਾ ਅਸਰ ਹੁੰਦਾ ਹੈ ? ਇਸ ਲਈ ਖ਼ਾਲਸਾ ਕਾਲਜ ਪਟਿਆਲਾ ਦਾ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਹਮੇਸ਼ਾ ਹੀ ਇਸ ਖਿੱਤੇ ਦੇ ਸੱਭਿਆਚਾਰ ਅਤੇ ਬੋਲੀ ਲਈ ਵਕਤੀ ਚੁਣੌਤੀਆਂ ਨੂੰ ਸਵੀਕਾਰ ਕਰਦਾ ਹੋਇਆ, ਸਹੀ ਸੇਧ ਪ੍ਰਦਾਨ ਕਰ ਰਿਹਾ ਹੈ। 2015 ਤੋਂ ਪ੍ਰਕਾਸ਼ਿਤ ਹੋ ਰਹੇ ਪੰਜਾਬੀ ਵਿਭਾਗ ਖੋਜ ਜਰਨਲ 'ਖੋਜ ਪੰਧ' ਨੂੰ ਖੋਜ ਮਿਆਰ ਦੇ ਮਾਪਦੰਡ ਦੇ ਅਨਕੂਲ ਹੋਣ ਸਦਕਾ 2022 ਵਿਚ ਯੂ.ਜੀ.ਸੀ. ਦੇ ਕੇਅਰ ਲਿਸਟਡ ਜਰਨਲ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਸੰਸਥਾਂ ਲਈ ਇਹ ਬਹੁਤ ਹੀ ਵੱਡੀ ਅਤੇ ਮਾਣਮੱਤੀ ਪ੍ਰਾਪਤੀ ਹੈ। ਕਾਲਜ ਵਿਚ ਵੱਖ-ਵੱਖ ਪੋਸਟ ਗ੍ਰੈਜੂਏਟ ਵਿਭਾਗਾਂ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਵਿਭਾਗ ਹਨ, ਜੋ ਯੂ.ਜੀ.ਸੀ. ਨੇ ਇਸ ਨੂੰ ਇੱਕ ਖ਼ੁਦਮੁਖਤਿਆਰ ਸੰਸਥਾ ਹੋਣ ਸਦਕਾ ਖੋਲ੍ਹਣ ਦੀ ਇਜਾਜ਼ਤ ਦਿੱਤੀ ਹੋਈ ਹੈ। ਇਨ੍ਹਾਂ ਵਿਭਾਗਾਂ ਵਿਚ ਵਿਦਿਆਰਥੀ ਕਿੱਤਾਮੁਖੀ ਸਿੱਖਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਰੌਸ਼ਨ ਕਰ ਰਹੇ ਹਨ। ਕਾਲਜ ਜਿੱਥੇ ਨੈਤਿਕ ਕਦਰਾਂ-ਕੀਮਤਾਂ ਨਾਲ ਵਿਦਿਆਰਥੀਆਂ ਨੂੰ ਜੋੜਦਾ ਹੈ, ਉਥੇ ਹੀ ਸਮੇਂ ਦੇ ਅਨੁਸਾਰ ਆ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਦਾ ਹੋਇਆ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਹਮੇਸ਼ਾਂ ਫ਼ਿਕਰਮੰਦ ਰਹਿੰਦਾ ਹੈ। ਇਸ ਸੰਸਥਾ ਨੇ ਬਹੁਤ ਸਾਰੇ ਅਜਿਹੇ ਵਿਦਿਆਰਥੀ ਦਿੱਤੇ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਆਪਣੀ ਭੂਮਿਕਾ ਦਾ ਲੋਹਾ ਮਨਵਾਉਂਦੇ ਹੋਏ, ਇਸ ਸੰਸਥਾ ਦਾ ਨਾਮ ਰੌਸ਼ਨ ਕਰ ਰਹੇ ਹਨ। ਕਾਲਜ ਵਿਚ ਹੋਰ ਐਕਟੀਵਿਟੀਆਂ ਲਈ ਵਿਦਿਆਰਥੀਆਂ ਨੂੰ ਐੱਨ.ਸੀ.ਸੀ. ਦੇ ਤਿੰਨ ਵਿੰਗ ਆਰਮੀ, ਏਅਰ ਅਤੇ ਨੇਵਲ ਵਿੰਗ ਉਪਲੱਬਧ ਹਨ। ਵਿਦਿਆਰਥੀ ਜਿਥੇ ਪੜ੍ਹਾਈ ਵਿਚ ਬੋਝਲ ਮਹਿਸੂਸ ਹੁੰਦਾ ਹੈ, ਉੱਥੇ ਹੀ ਐੱਨ.ਸੀ.ਸੀ. ਦਾ ਕੈਡਿਟ ਬਣਕੇ ਸਰੀਰਕ ਤੌਰ 'ਤੇ ਤੰਦਰੁਸਤ ਹੋ ਕੇ ਆਪਣੇ ਕੋਰਸ ਦੇ ਦੌਰਾਨ ਹੀ ਐੱਨ.ਸੀ.ਸੀ. ਦਾ ਸਰਟੀਫਿਕੇਟ ਪ੍ਰਾਪਤ ਕਰਕੇ ਆਮ ਵਿਦਿਆਰਥੀਆਂ ਦੇ ਮੁਕਾਬਲੇ ਨੌਕਰੀ ਲਈ ਪਹਿਲਾਂ ਯੋਗ ਹੋ ਜਾਂਦਾ ਹੈ। ਖ਼ਾਲਸਾ ਕਾਲਜ ਦੇ ਵਿਦਿਆਰਥੀ ਵਜੋਂ ਇਸ ਦਾ ਹਿੱਸਾ ਹੋ ਕੇ ਅਸੀਂ ਜੋ ਇੱਥੋਂ ਪ੍ਰਾਪਤ ਕੀਤਾ ਹੈ। ਭਵਿੱਖ ਵਿਚ ਉਹ ਸਾਡੇ ਲਈ ਮਾਰਗ ਦਰਸ਼ਨ ਕਰਦਾ ਰਹੇਗਾ। ਖ਼ਾਲਸਾ ਕਾਲਜ ਪਟਿਆਲੇ ਖੇਤਰ ਦੀ ਪ੍ਰਸਿੱਧ ਸੰਸਥਾ ਹੋਣ ਦੇ ਨਾਲ-ਨਾਲ ਪੂਰੇ ਵਿਸ਼ਵ ਵਿਚ ਆਪਣਾ ਨਾਮ ਬਣਾ ਚੁੱਕੀ ਹੈ। ਪੂਰੇ ਵਿਸ਼ਵ ਵਿਚ ਜਿਸ ਤਰ੍ਹਾਂ ਵਿੱਦਿਆ ਦੇ ਖੇਤਰ ਵਿਚ ਵੱਡੀਆਂ ਤਬਦੀਲੀਆਂ ਅਤੇ ਚੁਣੌਤੀਆਂ ਆ ਰਹੀਆਂ ਹਨ, ਤਾਂ ਇਹ ਸੰਸਥਾ ਉਨ੍ਹਾਂ ਚੁਣੌਤੀਆਂ ਨੂੰ ਸਵੀਕਾਰ ਕਰਦੀ ਹੋਈ ਆਉਣ ਵਾਲੇ ਸਮੇਂ ਵਿਚ ਆਪਣੀ ਵਿਲੱਖਣ ਛਾਪ ਛੱਡੇਗੀ ਅਤੇ ਇਸ ਵਿਚ ਜੁੜੇ ਹੋਏ ਵਿਦਿਆਰਥੀਆਂ ਦਾ ਭਵਿੱਖ ਰੌਸ਼ਨ ਕਰਦੀ ਰਹੇਗੀ।

# ਜ਼ਿੰਦਗੀ ਭਰਪੂਰ ਕਿਤਾਬ "ਵਾਹ ਜ਼ਿੰਦਗੀ !"

**ਨਰਿੰਦਰ ਪ੍ਰਾਲ ਸਿੰਘ ਜਗਦਿਓ**
97802-16767
(Punjab Mail USA)




ਜ਼ਿੰਦਗੀ ਦੇ ਤਜ਼ਰਬਿਆਂ 'ਚੋਂ ਜਿਹੜੀਆਂ ਗੱਲਾਂ ਸਿੱਖੀਆਂ-ਸਿਖਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਅਸਰ ਸਦੀਵੀਂ ਹੁੰਦਾ ਹੈ। ਜੇਕਰ ਕੋਈ ਗੱਲ ਨਿੱਜੀ ਤਜ਼ਰਬਿਆਂ, ਕਹਾਣੀਆਂ, ਉਦਾਹਰਣਾਂ ਅਤੇ ਸਵਾਦਲੀਆਂ ਬਾਤਾਂ ਰਾਹੀਂ ਦੱਸੀ/ਸੁਣਾਈ/ਸਿਖਾਈ ਜਾਵੇ, ਤਾਂ ਇਹ ਸਮਝ ਵੀ ਸੌਖੀ ਪੈ ਜਾਂਦੀ ਹੈ ਅਤੇ ਇਸ ਦਾ ਪ੍ਰਭਾਵ ਵੀ ਅਸਰਦਾਰ ਹੁੰਦਾ ਹੈ।

ਨਰਿੰਦਰ ਪਾਲ ਸਿੰਘ ਜਗਦਿਓ ਦੀ ਨਵੀਂ ਕਿਤਾਬ "ਵਾਹ ਜ਼ਿੰਦਗੀ!" ਅਜਿਹੀਆਂ ਹੀ ਗੱਲਾਂ, ਘਟਨਾਵਾਂ ਅਤੇ ਯਾਦਾਂ ਦਾ ਇਕ ਸੰਗ੍ਰਿਹ ਹੈ, ਜੋ ਹਰ ਉਮਰ ਵਰਗ ਦੇ ਪਾਠਕ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਹੈ। ਇਸ ਕਿਤਾਬ ਵਿਚ 50 ਲੇਖ ਸ਼ਾਮਲ ਹਨ, ਜੋ ਜ਼ਿੰਦਗੀ ਦੇ ਵੱਖ-ਵੱਖ ਰੰਗਾਂ, ਸੰਘਰਸ਼ਾਂ, ਪ੍ਰਾਪਤੀਆਂ ਅਤੇ ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਵਿਲੱਖਣ ਤੇ ਰੌਚਕ ਸ਼ੈਲੀ ਵਿਚ ਪੇਸ਼ ਕਰਦੇ ਹਨ।

ਲੇਖਕ ਦਾ ਕਹਿਣਾ ਹੈ ਕਿ ਕਈ ਵਾਰ ਜ਼ਿੰਦਗੀ ਦੀਆਂ ਮੁਸ਼ਕਿਲਾਂ ਰਾਹਾਂ ਨੂੰ ਪਾਰ ਕਰਨ ਲਈ ਸਾਨੂੰ ਛੋਟੇ ਜਿਹੇ ਸਹਾਰੇ, ਹੌਂਸਲੇ ਜਾਂ ਫਿਰ ਹਿੰਮਤ ਭਰੇ ਦੋ ਸ਼ਬਦਾਂ ਦੀ ਲੋੜ ਹੁੰਦੀ ਹੈ ਅਤੇ ਪਾਠਕਾਂ ਨੂੰ ਇਹ ਸਾਰਾ ਕੁਝ "ਵਾਹ ਜ਼ਿੰਦਗੀ!" ਦੇ ਪੰਨਿਆਂ 'ਚੋਂ ਮਿਲ ਜਾਵੇਗਾ। ਕਿਤਾਬ ਪਾਠਕਾਂ ਨੂੰ ਸਾਕਾਰਾਤਮਕ ਊਰਜਾ ਨਾਲ ਭਰਨ ਦੀ ਸਮਰੱਥਾ ਰੱਖਦੀ ਹੈ।

ਇਹ ਕਿਤਾਬ ਉਦਾਹਰਣਾਂ, ਨਿੱਜੀ ਤਜ਼ਰਬਿਆਂ ਅਤੇ ਛੋਟੀਆਂ-ਛੋਟੀਆਂ ਕਹਾਣੀਆਂ ਨਾਲ ਗੱਲ ਨੂੰ ਅੱਗੇ ਤੋਰਦੀ ਹੈ, ਜਿਸ ਨਾਲ ਪਾਠਕ ਖੁਦ ਨੂੰ ਕਿਤਾਬ ਨਾਲ ਜੁੜਿਆ ਮਹਿਸੂਸ ਕਰਨਗੇ।

"ਵਾਹ ਜ਼ਿੰਦਗੀ!" ਵਿਚ ਜੀਵਨ ਦੀਆਂ ਛੋਟੀਆਂ, ਸਾਧਾਰਣ ਤੇ ਆਮ ਗੱਲਾਂ, ਘਟਨਾਵਾਂ, ਸਮ੍ਰਿਤੀਆਂ ਅਤੇ ਯਾਦਾਂ ਨੂੰ ਰੌਚਕ ਲੇਖਣ ਸ਼ੈਲੀ ਨਾਲ ਪੇਸ਼ ਕੀਤਾ ਗਿਆ ਹੈ। ਛੋਟੇ-ਛੋਟੇ ਵਾਕ ਅਤੇ ਆਮ ਸ਼ਬਦਾਵਲੀ ਪਾਠਕਾਂ ਨੂੰ ਆਪਣੇ ਨਾਲ ਤੋਰੀ ਰੱਖਦੇ ਹਨ।

ਨਰਿੰਦਰ ਪਾਲ ਸਿੰਘ ਜਗਦਿਓ ਅਨੁਸਾਰ ਇਹ ਕਿਤਾਬ ਪਾਠਕਾਂ ਦੀ ਜ਼ਿੰਦਗੀ 'ਚ ਸਾਕਾਰਾਤਮਕ ਬਦਲਾਅ ਲਿਆਉਣ ਦੀ ਤਾਕਤ ਰੱਖਦੀ ਹੈ। ਇਸ ਤੋਂ ਇਲਾਵਾ ਕਿਤਾਬ ਵਿਚਲੀਆਂ ਬਹੁਤ ਸਾਰੀਆਂ ਗੱਲਾਂ, ਘਟਨਾਵਾਂ ਅਤੇ ਕਿੱਸੇ ਪਾਠਕ ਵਾਰ-ਵਾਰ ਪੜ੍ਹਨ ਲਈ ਮਜਬੂਰ ਹੋਣਗੇ।

ਖੰਨਾ ਨਿਵਾਸੀ ਨਰਿੰਦਰ ਪਾਲ ਸਿੰਘ ਜਗਦਿਓ ਪੰਜਾਬ ਸਰਕਾਰ ਵਿਚ ਸੂਚਨਾ ਅਤੇ ਲੋਕ ਸੰਪਰਕ ਅਧਿਕਾਰੀ ਦੇ ਤੌਰ ਉੱਤੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਤੈਨਾਤ ਹਨ। ਪੰਜਾਬੀ ਅਖ਼ਬਾਰਾਂ 'ਚ ਮਿਡਲ ਲੇਖਕ ਵਜੋਂ ਉਨ੍ਹਾਂ ਦੀ ਪਹਿਲਾਂ ਹੀ ਚੰਗੀ ਪਛਾਣ ਹੈ। ਇਸ ਕਿਤਾਬ ਨੂੰ ਮੋਹਾਲੀ ਦੇ ਯੂਨੀਸਟਾਰ ਬੁੱਕਸ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਅਮਰੀਕਾ-ਕੈਨੇਡਾ ਵਿਚ ਇਹ ਕਿਤਾਬ ਐਮਾਜ਼ੋਨ ਉੱਤੇ ਉਪਲੱਬਧ ਹੈ। ਜਲਦ ਹੀ ਆਸਟ੍ਰੇਲੀਆ 'ਚ ਵੀ ਇਹ ਕਿਤਾਬ ਆਨਲਾਈਨ ਉਪਲੱਬਧ ਹੋਵੇਗੀ।

# ਧੀਆਂ

ਧੀਆਂ ਧਨ ਅਨਮੋਲ ਨੀਂ ਮਾਏ
ਪੁੱਤ ਪਿੱਛੇ ਨਾ ਰੋਲ ਨੀਂ ਮਾਏ

ਰਹਿੰਦੀ ਚਾਹੇ ਪੁੱਤ ਆਪਣੇ ਨਾਲ
ਦਿਲ ਰਹਿੰਦਾ ਤੇਰੇ ਕੋਲ ਨੀਂ ਮਾਏ

ਕੁੱਖਾਂ ਵਿਚ ਨੇ ਮਰਦੀਆਂ ਧੀਆਂ
ਮਾਂ ਵੀ ਕਿਸੇ ਦੀ ਧੀ ਨੀਂ ਮਾਏ

ਧੀਆਂ ਧਨ ਬੇਗਾਨਾ ਕਹਿੰਦੇ
ਦੁਨੀਆਂ ਦੀ ਹੈ ਰੀਤ ਨੀਂ ਮਾਏ

ਦੁੱਖ ਸੁੱਖ ਸਾਂਝਾ ਕਰਾਂ ਮੈਂ ਕਿੱਥੇ
ਦਿਸਦੀ ਹਰਦਮ ਤੂੰ ਨੀਂ ਮਾਏ

ਘੱਟ ਨਹੀਂ ਪੁੱਤਰਾਂ ਤੋਂ ਧੀਆਂ
ਚੰਦ 'ਤੇ ਪੁੱਜੀਆਂ ਇਹ ਨੀਂ ਮਾਏ

'ਗੁਰਜਤਿੰਦਰ' ਬਾਪ ਇਕ ਧੀ ਦਾ
ਉਹ ਮਾਂ ਆਪਣੀ ਨਾਲ ਲਾਡ ਲਡਾਏ

ਧੀਆਂ ਧਨ ਅਨਮੋਲ ਨੀ ਮਾਏ
ਧੀਆਂ ਧਨ ਅਨਮੋਲ ਨੀ ਮਾਏ।



-ਗੁਰਜਤਿੰਦਰ ਸਿੰਘ ਰੰਧਾਵਾ, ਸੈਕਰਾਮੈਂਟੋ
916-320-9444
(Punjab Mail USA)

# ਦੁਨੀਆਂ

"ਪੁਲਿਸ ਚਲਾਉਂਦੀ ਡਾਂਗਾਂ"

ਸ਼ਹਿਰ ਤੇਰੇ ਦੇ ਚੌਕਾਂ ਦੇ ਵਿਚ
ਪੁਲਿਸ ਚਲਾਉਂਦੀ ਡਾਂਗਾਂ।
ਬੋਲਾ ਹਾਕਮ ਮਹਿਲੀਂ ਸੁੱਤਾ
ਲੋਕ ਮਾਰਦੇ ਚਾਂਗਾਂ।
ਝੂਠ ਬੋਲਕੇ ਸੱਤਾ 'ਚ ਆਏ
ਝੂਠੇ ਕਰਕੇ ਵਾਅਦੇ
ਝੂਠੀਆਂ ਕਸਮਾਂ ਚੁੱਕਣ ਵਾਲਿਆ
ਇੱਕ ਤਾਂ ਬੋਲ ਪੁਗਾਦੇ
ਨਸ਼ਾ ਮਾਫੀਆ ਰੇਤ ਮਾਫੀਆ
ਨਵੀਆਂ ਪੁੱਟਣ ਪੁਲਾਂਘਾਂ।
ਸ਼ਹਿਰ ਤੇਰੇ ਦੇ ਚੌਕਾਂ ਦੇ ਵਿਚ ....।
ਨੈਟ ਪਾਸ ਤੇ ਟੈਟ ਪਾਸ ਨਿੱਤ
ਆਕੇ ਕਰਨ ਮੁਜ਼ਾਹਰੇ
ਦਸ ਦਸ ਸਾਲ ਦੇ ਭਰਤੀ ਹੋਏ
ਮੁਸ਼ਕਿਲ ਹੋਣ ਗੁਜ਼ਾਰੇ
ਕੱਚੇ ਮੁਲਾਜ਼ਮਾਂ ਪੱਕੇ ਹੋਣ ਲਈ
ਮਨ ਵਿਚ ਰੱਖੀਆਂ ਤਾਂਘਾਂ।
ਸ਼ਹਿਰ ਤੇਰੇ ਦੇ ਚੌਂਕਾਂ.........।
ਮਹਿੰਗਾਈ ਨੇ ਲੱਕ ਤੋੜਿਆ
ਕੋਲ ਨਾ ਬਚਦਾ ਆਨਾਂ
ਧਰਨੇ ਅਤੇ ਮੁਜ਼ਾਹਰੇ ਕੀਤੇ
ਮਜ਼ਦੂਰਾਂ ਅਤੇ ਕਿਸਾਨਾਂ
ਇਹ ਸਰਕਾਰ ਵੀ ਲਾਰੇ ਲਾਉਂਦੀ
ਪਿਛਲੀ ਸਰਕਾਰ ਦੇ ਵਾਂਗਾਂ।
ਸ਼ਹਿਰ ਤੇਰੇ ਦੇ ਚੌਂਕਾਂ ਦੇ........।
ਵੋਟਾਂ ਵੇਲੇ ਵੋਟਾਂ ਪਾਉਂਦੇ
ਬੋਤਲ ਅੱਧੀਏ ਲੈ ਕੇ
ਪੰਜ ਸਾਲ ਪਛਤਾਉਣਾ ਪੈਂਦਾ
ਚੌਂਕਾਂ ਵਿਚ ਫਿਰ ਬਹਿਕੇ
ਗਿੱਲ ਮਲਕੀਤ ਜਗਾਵੇ ਥੋਨੂੰ
ਦੇਹ ਕਵਿਤਾ ਦੀਆਂ ਬਾਂਗਾਂ।
ਸ਼ਹਿਰ ਤੇਰੇ ਦੇ ਚੌਕਾਂ ਦੇ ਵਿਚ
ਪੁਲਿਸ ਚਲਾਉਂਦੀ ਡਾਂਗਾਂ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
94174-90943
(Punjab Mail USA)

# ਐ! ਮਨੁੱਖ ਤੂੰ ਇਨਸਾਨ ਬਣ

ਇਕ ਮੂੰਹ, ਇਕ ਨੱਖ, ਦੋ ਅੱਖਾਂ, ਦੋ ਕੰਨ,
ਦੋ ਬਾਹਵਾਂ, ਦੋ ਹੱਥ, ਦੋ ਲੱਤਾਂ, ਦੋ ਪੈਰਾਂ
ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ
ਮਨੁੱਖ ਉਹ ਹੁੰਦਾ ਏ, ਜਿਹੜਾ ਕਾਮ, ਕ੍ਰੋਧ, ਲੋਭ, ਮੋਹ,
ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ
ਅਤੇ ਜਿਸ ਵਿਚ ਹਮਦਰਦੀ, ਦਇਆ, ਪਿਆਰ,
ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਭਾਵਨਾਵਾਂ
ਜਜ਼ਬਾਤ, ਅਹਿਸਾਸ, ਅਣਖ, ਜ਼ਮੀਰ ਤੇ ਨੈਤਿਕਤਾ ਹੋਵੇ
ਆਦਮੀ ਮੇਂ ਲਾਖੋਂ ਜ਼ੌਹਰ ਹੋਂ, ਅਗਰ ਆਦਮੀਅਤ ਨਹੀਂ ਤੋ
ਕੁੱਛ ਭੀ ਨਹੀਂ
ਮਨੁੱਖ ਬਾਹਰੋਂ ਦੇਖਣ ਨੂੰ ਤਾਂ ਮਨੁੱਖ ਲੱਗਦਾ ਏ
ਪਰ ਜਿਹੜਾ ਮਨੁੱਖ ਇਸ ਅੰਦਰ ਬੈਠਾ ਏ
ਉਹ ਪਸ਼ੂਆਂ ਨਾਲੋਂ ਵੀ ਮਾੜਾ ਏ।
ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:-
"ਕਰਤੂਤਿ ਪਸੂ ਕੀ ਮਾਨਸ ਜਾਤਿ॥"
ਮਨੁੱਖ ਦੇ ਅੰਦਰ ਕੁੱਝ ਅਜਿਹੀਆਂ ਮੂਲ ਪ੍ਰਵਿਰਤੀਆਂ ਨੇ
ਜਿਹੜੀਆਂ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦੀਆਂ
ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ
ਜਦੋਂ ਮਨੁੱਖ 'ਤੇ ਇਨ੍ਹਾਂ ਪ੍ਰਵਿਰਤੀਆਂ ਦਾ ਭੂਤ ਸੁਆਰ
ਹੁੰਦਾ ਏ
ਤਾਂ ਫਿਰ ਮਨੁੱਖ ਮਨੁੱਖ ਨਹੀਂ ਰਹਿਦਾ,
ਸਗੋਂ ਬਣ ਜਾਂਦਾ ਏ ਹੈਵਾਨ, ਵਹਿਸ਼ੀ, ਦੁਸ਼ਟ, ਪਾਪੀ ਤੇ
ਕਪਟੀ,
ਜਿਸ ਕਰਕੇ ਅੱਜਕੱਲ੍ਹ ਸਮਾਜ ਵਿਚ ਕੀ ਕੁੱਝ ਹੋ ਰਿਹਾ ਏ
ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ ਲੁੱਟਾਂ-ਖੋਹਾਂ
ਵਰਗੀਆਂ ਘਟਨਾਵਾਂ ਵਾਪਰ ਰਹੀਆਂ ਨੇ
ਇਸ ਦਾ ਹੱਲ ਇਹ ਹੈ ਕਿ ਮਨੁੱਖ
ਗੁਰਬਾਣੀ ਦੀ ਸਿੱਖਿਆ ਲੈ ਕੇ
ਸਿਮਰਨ ਕਰਕੇ ਆਪਣੇ ਆਪ ਨੂੰ
ਪੂਰਨ ਮਨੁੱਖ ਬਣਾ ਸਕਦਾ ਏ
ਅਤੇ ਇਨ੍ਹਾਂ ਕੁਕਰਮਾਂ ਤੋਂ ਬਚ ਸਕਦਾ ਏ
ਪਰ ਪੂਰਨ ਮਨੁੱਖ ਬਣਨਾ ਸੌਖਾ ਨਹੀਂ
ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ,
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।



-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955
(Punjab Mail USA)

# ਕਬੱਡੀ ਦਾ ਮੇਲਾ

ਮਾਂ ਖੇਡ ਕਬੱਡੀ ਪੰਜਾਬੀਆਂ ਦੀ ਹੈ ਜਾਈ।
ਖੇਤਾਂ ਚਰਾਂਦਾਂ ਵਿਚੋਂ ਸ਼ਹਿਰਾਂ 'ਚ ਹੈ ਆਈ।
ਵਾਹਣਾਂ ਵਿਚੋਂ ਨਿਕਲ ਟਰਫਾਂ 'ਤੇ ਛਾਈ।
ਮੇਕ-ਅਪ ਕਰ ਵਾਂਗ ਦੁਲਹਨਾਂ ਸਜਾਈ।

ਪਾਕਿਸਤਾਨ ਇਰਾਨ ਸਪੇਨ ਸਾਰੇ ਖੇਡਦੇ।
ਕੈਨੇਡਾ ਅਮਰੀਕਾ ਇੰਗਲੈਂਡ ਨੇ ਮੇਹਲਦੇ।
ਅਰਜਨਟੀਨਾ ਸ੍ਰੀਲੰਕਾ ਰੂਸ ਸਭ ਵੇਖਦੇ।
ਸਾਰੇ 'ਪੰਜਾਬੀ ਸਟਾਈਲ' ਦੇਖੋ ਨੇ ਖੇਲ੍ਹਦੇ।

ਭਰ ਗਰਮੀ ਵਿਚ ਇੱਥੇ ਮੇਲੇ ਨੇ ਲੱਗਦੇ।
ਸੁਡੌਲ ਸੀਨਿਆਂ ਵਾਲੇ ਗੱਭਰੂ ਨੇ ਫੱਬਦੇ।
ਸੋਹਣੇ ਸੁਨੱਖੇ ਵਿਚ ਪਿੜ ਭੱਜ ਜਦੋਂ ਵੜਦੇ।
ਪਾਉਣ ਕਬੱਡੀਆਂ ਪੱਬ ਭੁੰਜੇ ਨਹੀਂ ਧਰਦੇ।

ਆਉਂਦੇ ਪੰਜਾਬੀ ਫਿਰ ਬੰਨ੍ਹ ਬੰਨ੍ਹ ਕੇ ਡਾਰਾਂ।
ਝੰਡੀਆਂ ਬੰਨ੍ਹ ਲੈ ਕੇ ਰੰਗ ਬਰੰਗੀਆਂ ਕਾਰਾਂ।
ਬੱਚੇ, ਬੁੱਢੇ, ਗੱਭਰੂ ਉਮੜਦੀਆਂ ਮੁਟਿਆਰਾਂ।
ਦੇਖਦੇ ਕਬੱਡੀਆਂ ਮਿਲਦੇ ਵਿੱਛੜੇ ਯਾਰਾਂ।

ਸਜਦੀਆਂ ਸਟੇਜਾਂ 'ਤੇ ਲਾਉਂਦੇ ਖੁੱਲ੍ਹੇ ਪੰਡਾਲ।
ਵਿਛਾਉਂਦੇ ਦਰੀਆਂ ਉੱਤੇ ਕੁਰਸੀਆਂ ਨਾਲ।
ਭਿੰਨ ਭਿੰਨ ਵਸਤੂਆਂ ਦੇ ਨੇ ਲੱਗਦੇ ਸਟਾਲ।
ਜਲੇਬੀ, ਸਮੋਸੇ, ਪਕੌੜਿਆਂ ਦੇ ਭਰ ਭਰ ਥਾਲ਼।

ਕਈ ਮਨਚਲੇ ਵਿਚ ਨੇ ਘੁੱਟ ਘੁੱਟ ਲਾਉਂਦੇ।
ਰੱਖ ਕੇ ਡਿੱਕੀ ਵਿਚ ਘਰੋਂ ਹੀ ਲਿਆਉਂਦੇ।
ਚੰਗੇ ਜਾਫੀ ਧਾਵੀ 'ਤੇ ਸ਼ਰਤਾਂ ਵੀ ਲਗਾਉਂਦੇ।
ਆਏ ਸਰੂਰ ਵਿਚ ਖ਼ੂਬ ਡਾਲਰ ਵਰਸਾਉਂਦੇ।

ਭੰਗੜੇ ਗਿੱਧੇ ਦੀਆਂ ਫਿਰ ਪੈਂਦੀਆਂ ਧਮਾਲਾਂ।
ਦੂਜੇ ਪਾਸੇ ਜਾਫ਼ੀ ਧਾਵੀ ਜਦ ਕਰਦੇ ਕਮਾਲਾਂ।
ਜ਼ੋਰ ਪਰਖ ਜਾਂਦੇ ਖਾਧੇ ਘਿਓ ਦੀਆਂ ਨਾਲਾਂ।
ਪਤਾ ਨਹੀਂ ਲੱਗਦੈ ਕਦੋਂ ਪੈਂਦੀਆਂ ਤਿਰਕਾਲਾਂ।

ਭਰਿਆ ਮੇਲਾ ਜਦੋਂ ਛਿੜਨ 'ਤੇ ਆਉਂਦਾ ਹੈ।
ਖਾਉ ਪੀਉ ਰੱਜਕੇ ਜੋ ਮਨ ਉਦੋਂ ਚਾਹੁੰਦਾ ਹੈ।
ਮੌਜ ਹੁੰਦੀ ਸਾਰਾ ਦਿਨ ਜੱਗ ਭੁਲਾਉਂਦਾ ਹੈ।
ਚਲੋ ਚੱਲੋ ਘਰੋਂ ਘਰੀਂ ਝੱਟ ਸਮਝਾਉਂਦਾ ਹੈ।



-ਸੇਵਾ ਸਿੰਘ 'ਨੂਰਪੁਰੀ'
(Punjab Mail USA)

# ਫਿਹਲ ਹੋ ਗਈ ਪੰਜਾਬੀ

ਫਿਹਲ ਹੋ ਗਈ ਪੰਜਾਬ ਵਿਚ, ਲੋਕੋ ਪੰਜਾਬੀ,
ਸਾਡੇ ਸੱਭਿਆਚਾਰ ਦੀ, ਹੋ ਰਹੀ ਬਰਬਾਦੀ।

ਪੱਛਮੀ ਕਲਚਰ ਸਾਡੇ 'ਤੇ, ਹੋ ਗਿਆ ਹੈ ਭਾਰੀ,
ਅੰਗਰੇਜ਼ੀ ਬੋਲਣ ਪੜ੍ਹਨ ਦੀ, ਸਾਨੂੰ ਲੱਗੀ ਬਿਮਾਰੀ।

ਸਕੂਲ ਕਾਲਜ ਯੂਨੀਵਰਸਿਟੀਆਂ, ਧੜਾਧੜ ਖੁੱਲ੍ਹਣ,
ਸਾਰੇ ਰਲਮਿਲ ਪੰਜਾਬੀ ਦੀਆਂ, ਅੱਜ ਵੱਖੀਆਂ ਖੁੱਲਣ।

ਬਿਹਾਰੀ ਭਈਏ ਫਰਲ ਫ਼ਰਲ, ਪੰਜਾਬੀ ਬੋਲਣ,
ਪੰਜਾਬੀ ਟੁੱਟੀ ਹਿੰਦੀ ਬੋਲ, ਪੰਜਾਬੀ ਨੂੰ ਰੋਲਣ।

ਪੰਜਾਬੀ ਬੋਲਣ ਉੱਤੇ ਲੱਗਦੇ, ਸਕੂਲੀਂ ਜੁਰਮਾਨੇ,
ਇਸ ਦਾ ਰਸਤਾ ਰੋਕਣ ਕਈ, ਨਿੱਤ ਨਵੇਂ ਬਹਾਨੇ।


ਪੰਜਾਬੀ ਉੱਤੇ ਖੋਜਾਂ ਅੱਜ, ਅੰਗਰੇਜ਼ੀ ਵਿਚ ਹੁੰਦੀਆਂ,
ਪੰਜਾਬੀ ਦੀਵਾਨੇ ਰੋ ਰੋ ਕੇ, ਕਰਨ ਅੱਖਾਂ ਚੁੰਨ੍ਹੀਆਂ।

ਪੰਜਾਬੀ ਡਾਕਦਾਰਾਂ ਦੇ ਬੱਚੇ, ਹੁਣ ਵਿਦੇਸ਼ੀਂ ਪੜ੍ਹਦੇ,
ਪੰਜਾਬੀ ਦਾ ਖੱਟਿਆ ਖਾ ਕੇ ਵੀ, ਇਸ ਕੋਲ ਨਾ ਖੜ੍ਹਦੇ।

ਪੈਸੇ ਦੇ ਹੀ ਜ਼ੋਰ 'ਤੇ, ਅੱਜ ਡਿਗਰੀਆਂ ਵਿਕਦੀਆਂ,
ਸਨਮਾਨਾਂ ਦੀ ਦੌੜ ਵਿਚ, ਕਈ ਹਸਤੀਆਂ ਡਿਗਦੀਆਂ।

ਜਿੱਡਾ ਵੱਡਾ ਦਰਦੀ ਦਿਸੇ, ਓਡਾ ਹਤਿਆਰਾ,
ਪੜ੍ਹਦੇ ਪਿੱਛੇ ਕਰਦਾ ਫਿਰੇ, ਹਰ ਕੋਝਾ ਕਾਰਾ।

ਫਿਹਲ ਹੋ ਗਈ ਪੰਜਾਬ ਵਿਚ, ਲੋਕੋ ਪੰਜਾਬੀ,
ਸਾਡੇ ਸੱਭਿਆਚਾਰ ਦੀ, ਹੋ ਰਹੀ ਬਰਬਾਦੀ।



-ਰਵਿੰਦਰ ਸਿੰਘ ਕੁੰਦਰਾ
ਕਵੇਂਟਰੀ ਯੂ ਕੇ
(Punjab Mail USA)

# ਲੋਕ

ਡੁੱਬਦੇ ਨੂੰ ਵੇਖ ਕੇ ਹੱਸਦੇ ਲੋਕ,
ਡਿੱਗਦੇ ਨੂੰ ਵੇਖ ਕੇ ਨੱਸਦੇ ਲੋਕ।

ਕਿਸੇ ਕੋਲ ਜੇ ਹੋਵਣ ਖੁਸ਼ੀਆਂ,
ਉਸ ਤੋਂ ਖੁਸ਼ੀਆਂ ਖੱਸਦੇ ਲੋਕ।

ਕੋਲ ਹੋਵੇ ਜਿੰਨਾ ਮਰਜ਼ੀ ਧਨ,
ਖ਼ੁਦ ਨੂੰ ਧਨਹੀਣ ਦੱਸਦੇ ਲੋਕ।

ਕੋਈ ਇਨ੍ਹਾਂ ਤੋਂ ਅੱਗੇ ਨਾ ਲੰਘੇ,
ਉਸ ਨੂੰ ਸੱਪ ਬਣ ਡੱਸਦੇ ਲੋਕ।

ਆਪਣੇ ਬਾਰੇ ਚੁੱਪ ਨੇ ਰਹਿੰਦੇ,
ਦਿਲ ਦੀ ਗੱਲ ਨਾ ਦੱਸਦੇ ਲੋਕ।

ਠੀਕ ਰਾਹ 'ਤੇ ਤੁਰਨ ਵਾਲੇ ਨੂੰ,
ਪਾਗਲ ਕਹਿ ਕੇ ਹੱਸਦੇ ਲੋਕ।

ਜਿਸ ਦੇ ਹੱਥ 'ਚ ਹੋਵੇ ਡਾਂਗ,
ਉਸ ਤੋਂ ਡਰ ਕੇ ਨੱਸਦੇ ਲੋਕ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
99158-03554
(Punjab Mail USA)

# ਮੁਹੱਬਤਾਂ

ਕਿਹੜੀਆਂ ਮੁਹੱਬਤਾਂ ਦੀ ਲਿਖਾਂ ਕਵਿਤਾ,
ਮਿਲਜੁੱਲ ਕੇ ਤਾਂ ਲੋਕੀਂ ਰਹਿ ਨਾ ਰਹੇ,
ਪਹਿਲਾਂ ਚਾਟੀਆਂ ਦੇ ਵਿਚ ਹੁੰਦੀਆਂ ਸੀ ਮਧਾਣੀਆਂ,
ਤੇ ਹੁਣ ਪੀਜ਼ਾ ਹੱਟ ਨੇ,
ਪਹਿਲਾਂ ਥੜ੍ਹਿਆਂ 'ਤੇ ਬਹਿੰਦੀਆਂ ਸੀ ਢਾਣੀਆਂ,
ਤੇ ਹੁਣ ਥੜ੍ਹੇ ਦਿੱਤੇ ਪੱਟ ਨੇ,
ਖੇਤਾਂ ਵਾਲੀ ਠੰਢੀ ਹਵਾ ਦਾ ਆਨੰਦ ਲੋਕੀਂ ਲੈ ਨਾ ਰਹੇ,
ਕਿਹੜੀਆਂ ਮੁਹੱਬਤਾਂ ਦੀ ਲਿਖਾਂ ਕਵਿਤਾ,
ਮਿਲਜੁੱਲ ਕੇ ਤਾਂ ਲੋਕੀਂ ਰਹਿ ਨਾ ਰਹੇ।

ਕਦੇ ਸੰਤਾਲੀ ਤੇ ਕਦੇ ਚੁਰਾਸੀ ਵਾਲੇ ਦੰਗੇ ਨੇ,
ਹਰ ਵਾਰ ਹੀ ਕਾਹਤੋਂ ਪੰਜਾਬੀ ਸੂਲੀ ਉੱਤੇ ਜਾਂਦੇ ਟੰਗੇ ਨੇ,
ਕਿਸੇ ਦੇ ਤਾਂ ਜ਼ਖ਼ਮ ਪੁਰਾਣੇ ਵੀ ਭਰ ਜਾਂਦੇ ਨੇ ,
ਪਰ ਕਿਸੇ ਦੇ ਫੱਟ ਹੋਰ ਵੀ ਡੂੰਘੇ ਹੋ ਜਾਂਦੇ ਨੇ,
ਨਫ਼ਰਤ ਵਾਲੇ ਮਹਿਲ ਦਿਲਾਂ ਵਿਚੋਂ ਢਹਿ ਨਾ ਰਹੇ,
ਕਿਹੜੀਆਂ ਮੁਹੱਬਤਾਂ ਦੀ ਲਿਖਾਂ ਕਵਿਤਾ,
ਮਿਲਜੁੱਲ ਕੇ ਤਾਂ ਲੋਕੀਂ ਰਹਿ ਨਾ ਰਹੇ।

ਹਰ ਵਾਰ ਹੀ ਕਾਹਤੋਂ ਮਨਮਾਨੀ ਕਰਦੀਆਂ ਸਰਕਾਰਾਂ ਨੇ ,
ਲੋਕਤੰਤਰੀ ਰਾਜਾਂ ਵਿਚ ਰਹਿ ਕੇ ਲੋਕਾਂ ਨੂੰ ਹੀ ਮਿਲਦੀਆਂ
ਹਾਰਾਂ ਨੇ,
ਪੈਟਰੋਲ ਤੇ ਡੀਜ਼ਲ ਆਏ ਹਫ਼ਤੇ ਹੀ ਚੜ੍ਹ ਜਾਂਦੇ ਨੇ,
ਕਿਸਾਨਾਂ ਦੀਆਂ ਆਸਾਂ ਦੇ ਪੱਲੇ ਤਾਂ ਓਦੀਂ ਝੜ੍ਹ ਜਾਂਦੇ ਨੇ,
ਬੈਂਕਾਂ ਦੇ ਤਾਂ ਕਰਜ਼ੇ ਪਹਿਲਾਂ ਹੀ ਉਨ੍ਹਾਂ ਕੋਲੋਂ ਲਹਿ ਨਾ ਰਹੇ,
ਕਿਹੜੀਆਂ ਮੁਹੱਬਤਾਂ ਦੀ ਲਿਖਾਂ ਕਵਿਤਾ,
ਮਿਲਜੁੱਲ ਕੇ ਤਾਂ ਲੋਕੀਂ ਰਹਿ ਨਾ ਰਹੇ।

ਮਨਦੀਪ ਪੈਣਾਂ ਸਾਰਿਆਂ ਨੂੰ ਇਕੱਠੇ ਹੋ ਕੇ ਖੜ੍ਹਨਾ,
ਹੋ ਜਾਊਗੀ ਜੜ੍ਹ ਪੱਛਮੀ ਕਲਚਰ ਦੀ ਡੂੰਘੀ ਵਰਨਾ,
ਸਾਰਿਆਂ ਨੇ ਰਲ ਕਰਨਾ ਇਕ ਹੀ ਵਾਅਦਾ ਏ,
ਸਾਰੇ ਹਾਂ ਅਸੀਂ ਇੱਕ ਤੇ ਸਾਡਾ ਇੱਕ ਹੀ ਇਰਾਦਾ ਏ,
ਸਾਰੇ ਧਰਮਾਂ ਦਾ ਮਾਣ ਸਤਿਕਾਰ ਕਰਾਂਗੇ,
ਆਪ ਜਿਊਣਾ ਅਤੇ ਦੂਜਿਆਂ ਨੂੰ ਇਹ ਅਧਿਕਾਰ ਦਿਆਂਗੇ,
ਇਕ ਦੂਜੇ ਕੋਲੋਂ ਕਿਸੇ ਨੂੰ ਵੀ ਭੈਅ ਨਾ ਰਹੇ,
ਕਿਹੜੀਆਂ ਮੁਹੱਬਤਾਂ ਦੀ ਲਿਖਾਂ ਕਵਿਤਾ,
ਮਿਲਜੁੱਲ ਕੇ ਤਾਂ ਲੋਕੀਂ ਰਹਿ ਨਾ ਰਹੇ।

ਮਨਦੀਪ ਕੌਰ ਦਰਾਜ
(Punjab Mail USA)


# ਚੜ੍ਹਿਆ ਸੂਰਜ ਨਾ...

(ਪੰਚਾਇਤ ਚੋਣਾਂ 'ਤੇ ਤੰਨਜ਼)

ਚੜ੍ਹਿਆ ਸੂਰਜ ਨਾ ਛੱਤਰੀ ਦੀ ਛਾਂ ਹੋਈ,
ਡਿੱਗੀ ਟੁੱਟ ਕੇ ਸਰੇ ਬਜ਼ਾਰ ਕੁਰਸੀ।
ਲੈ ਗਈ ਬਾਲਟੀ ਹੂੰਝ ਕੇ ਵੋਟ ਸਾਰੇ,
ਫੜਦੇ ਫੜਦੇ ਕਈ ਰਹਿ ਗਏ ਯਾਰ ਕੁਰਸੀ।
ਕੁਰਸੀ ਜੜ੍ਹ ਹੈ ਸਾਰੇ ਪੁਆੜਿਆਂ ਦੀ,
ਫਿਰ ਵੀ ਟੋਲਦਾ ਸਾਰਾ ਸੰਸਾਰ ਕੁਰਸੀ।
'ਦਰਦੀ' ਹੱਥ ਆਉਂਦੀ ਭਾਗਾਂ ਵਾਲਿਆਂ ਦੇ,
ਦੇਵੇ ਜੇਸ ਨੂੰ ਆਪ ਕਰਤਾਰ ਕੁਰਸੀ।



-ਸਤਨਾਮ ਸਿੰਘ ਦਰਦੀ ਚਾਨੀਆਂ-
ਜਲੰਧਰ
92569-73526
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove
9700
BLVD
Bradshaw
9600
RD
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
Gurjatinder S. Randhawa
REALTOR CA DRE licence # 01490567
garysingh123@yahoo.com